

**SKY TRANSPORT SOLUTIONS**

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

PHONE: 209-855-6938



11ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -11 ISSUE - 27
October 12, 2022

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



**Golden State Truck Sales Inc.**

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ   ਸੰਪਰਕ : 916-947-8920   ਫੈਕਸ : 916-238-1393   E-mail : deshdoaba@yahoo.com   ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਅਦਾਰਾ "ਦੇਸ਼ ਦੁਆਬਾ" ਵੱਲੋਂ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ। ਸਬੰਧਤ ਲੇਖ ਅੰਦਰ ਪੜ੍ਹੋ।

# ਕੈਲੀਫੋਰਨੀਆਂ ਸੂਬੇ ਦੇ ਸ਼ਹਿਰ ਮਰਸਿਡ ਵਿੱਚ ਇੱਕੋ ਪਰਿਵਾਰ ਦੇ ਚਾਰ ਮੈਂਬਰਾਂ ਦੇ ਕਤਲ ਲਈ ਇਨਸਾਫ ਦੀ ਮੰਗ ਅਤੇ ਹਾਅ ਦਾ ਨਾਅਰਾ



**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ)–** ਅਮਰੀਕਾ ਦੇ ਸੂਬੇ ਕੈਲੇਫ਼ੋਰਨੀਆ ਦੇ ਸ਼ਹਿਰ ਮਰਸਿਡ ਵਿੱਚ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧਿਤ 8-ਮਹੀਨੇ ਦੀ ਬੱਚੀ ਆਰੋਹੀ ਢੇਰੀ, ਉਸਦੇ ਪਿਤਾ ਜਸਦੀਪ ਸਿੰਘ ਅਤੇ ਮਾਤਾ ਜਸਲੀਨ ਕੌਰ ਅਤੇ ਚਾਚਾ ਅਮਨਦੀਪ ਸਿੰਘ ਦੇ ਅਗਵਾ ਅਤੇ ਬਾਅਦ ਵਿੱਚ ਕੀਤੇ ਕਤਲ ਨੇ ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਤ੍ਰਾਸਦੀ ਦੇ ਸ਼ਿਕਾਰ ਦੁੱਖੀ ਪਰਿਵਾਰ ਨਾਲ ਦਿਲੀ ਸੰਵੇਦਨਾ ਵਿਅਕਤ ਕਰਦੇ ਹੋਏ ਫਰਿਜ਼ਨੋ ਵਿਖੇ ਸਮੁੱਚੇ ਭਾਈਚਾਰੇ ਵੱਲੋਂ ਹਾਅ ਦਾ ਨਾਅਰਾ ਮਾਰਦੇ ਹੋਏ ਇਨਸਾਫ਼ ਦੀ ਮੰਗ ਕੀਤੀ ਗਈ। ਇਸ ਸੰਬੰਧੀ ਫਰਿਜਨੋ ਵਿੱਚ ਇਨਸਾਫ ਦੀ ਮੰਗ ਕਰਦੇ ਹੋਏ ਅਤੇ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦਿਆਂ ਹਾਅ ਦਾ ਨਾਅਰਾ ਮਾਰਦੇ ਪੰਜਾਬੀ ਭਾਈਚਾਰੇ ਦੇ ਲੋਕਾਂ ਵੱਲੋਂ ਸ ਮਨਜੀਤ ਸਿੰਘ ਪੱਤੜ ਅਤੇ ਸਾਥੀਆਂ ਦੇ ਸੱਦੇ 'ਤੇ ਫਰਿਜਨੋ ਦੇ ਸਾਅ ਐਵਨਿਊ ਅਤੇ ਗੋਲਡਨ ਸਟੇਟ ਦੇ ਐਂਟਰ-ਸੈਕਸ਼ਨ ਉੱਪਰ ਬੈਨਰ ਫੜ ਪਰਿਵਾਰ ਨਾਲ ਹਾਅ ਦਾ ਨਾਅਰਾ ਮਾਰਦੇ ਹੋਏ, ਇਨਸਾਫ ਦੀ ਮੰਗ ਕੀਤੀ ਗਈ। ਜਿਸ ਵਿੱਚ ਸਮੁੱਚੇ ਭਾਈਚਾਰੇ ਦੇ ਵੱਲੋਂ ਸਹਿਯੋਗ ਦਿੱਤਾ ਗਿਆ। ਇਸੇ ਦੌਰਾਨ ਫਰਿਜਨੋ ਵਿੱਚ "ਸ਼ਹੀਦ ਜਸਵੰਤ ਸਿੰਘ ਖਾਲੜਾ ਪਾਰਕ" ਫਰਿਜ਼ਨੋ ਵਿੱਚ ਸ਼ਾਮ ਨੂੰ ਮੋਮਬੱਤੀਆਂ ਲੈ ਮ੍ਰਿਤਕ ਪਰਿਵਾਰ ਨੂੰ ਸਰਧਾਂਜ਼ਲੀਆਂ ਦਿੰਦੇ ਹੋਏ ਇਕ ਕੈਂਡਲ ਵਿਗਲ ਵੀ ਕੀਤਾ

**(ਬਾਕੀ ਸਫਾ 5 'ਤੇ)**




ਮਰਸਡ (ਕੈਲੇਫੋਰਨੀਆ) ਪੰਜਾਬੀ ਮੂਲ ਦੇ ਢੇਰੀ ਪਰਿਵਾਰ ਦੇ ਚਾਰ ਮੈਂਬਰਾਂ ਦਾ ਜੋ ਬੀਤੇ ਦਿਨੀ ਕਤਲ ਹੋਇਆ ਦੀ ਆਤਮਕ ਸ਼ਾਂਤੀ ਲਈ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ 16 ਅਕਤੂਬਰ 2022 ਦਿਨ ਐਤਵਾਰ ਨੂੰ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਏ ਜਾਣਗੇ ਅਤੇ ਸਾਮ ਨੂੰ ਕੈਂਡਲ ਲਾਈਵ ਵਿਜਿਲ ਕੀਤੀ ਜਾਵੇਗੀ।

***(ਇਸ ਸਬੰਧਤ ਹੋਰ ਜਾਣਕਾਰੀ ਸਫਾ 2 'ਤੇ ਦੇਖੋ)***

**ਅਦਾਰਾ "ਦੇਸ਼ ਦੁਆਬਾ" ਇਸ ਮੰਦਭਾਗੀ ਘਟਨਾ 'ਤੇ ਦੁੱਖ ਪ੍ਰਗਟ ਕਰਦਿਆਂ ਮ੍ਰਿਤਕਾਂ ਦੇ ਪਰਿਵਾਰ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਾ ਹੈ।**

# ਸਿੱਖ ਵਿਰੋਧੀ ਨਫ਼ਰਤੀ ਅਪਰਾਧਾਂ ਖ਼ਿਲਾਫ਼ ਬਰਤਾਨਵੀ ਸੰਸਦ ਮੈਂਬਰ ਨੇ ਆਵਾਜ ਉਠਾਈ

**ਲੰਡਨ (ਬਿਊਰੋ)–** ਬਰਤਾਨੀਆ ਦੀ ਸੰਸਦ ਵਿਚ ਵਿਰੋਧੀ ਧਿਰ ਲੇਬਰ ਪਾਰਟੀ ਦੀ ਸਿੱਖ ਮੈਂਬਰ ਪ੍ਰੀਤ ਕੌਰ ਗਿੱਲ ਨੇ ਯੂਕੇ ਦੇ ਮੰਤਰੀਆਂ ਨੂੰ ਪੱਤਰ ਲਿਖ ਕੇ ਦੇਸ਼ 'ਚ ਵਧ ਰਹੇ ਸਿੱਖ-ਵਿਰੋਧੀ ਨਫ਼ਰਤੀ ਅਪਰਾਧਾਂ ਖ਼ਿਲਾਫ਼ 'ਤੁਰੰਤ ਕਦਮ ਚੁੱਕਣ' ਦਾ ਸੱਦਾ ਦਿੱਤਾ ਹੈ। ਬਰਤਾਨਵੀ ਸਿੱਖਾਂ ਬਾਰੇ ਸਰਬ ਪਾਰਟੀ ਸੰਸਦੀ ਗਰੁੱਪ (ਏਪੀਪੀਜੀ) ਦੀ ਚੇਅਰਮੈਨ ਵਜੋਂ ਗਿੱਲ ਨੇ ਭਾਰਤੀ ਮੂਲ ਦੀ ਗ੍ਰਹਿ ਮੰਤਰੀ ਸੁਏਲਾ ਬ੍ਰੇਵਰਮੈਨ ਤੇ ਭਾਈਚਾਰਿਆਂ ਬਾਰੇ ਮੰਤਰੀ ਸਾਈਮਨ ਕਲਾਰਕ ਨੂੰ ਸਾਂਝਾ ਪੱਤਰ ਲਿਖਿਆ ਹੈ। ਪੱਤਰ ਵਿਚ ਸੰਸਦ ਮੈਂਬਰ ਨੇ ਹਾਲ ਹੀ ਵਿਚ ਰਿਲੀਜ਼ ਹੋਏ ਨਫ਼ਰਤੀ ਅਪਰਾਧਾਂ ਬਾਰੇ ਗ੍ਰਹਿ ਵਿਭਾਗ ਦੇ ਅੰਕੜਿਆਂ ਦਾ ਹਵਾਲਾ ਦਿੱਤਾ ਹੈ। ਇਹ ਅੰਕੜੇ ਮਾਰਚ 2022 ਤੱਕ ਦੇ ਹਨ। ਪ੍ਰੀਤ ਗਿੱਲ ਨੇ ਕਿਹਾ, 'ਮੈਂ ਇਨ੍ਹਾਂ ਨਵੇਂ ਅੰਕੜਿਆਂ ਬਾਰੇ ਕਾਫ਼ੀ



ਚਿੰਤਤ ਹਾਂ। 2021-22 ਦੌਰਾਨ ਸਿੱਖਾਂ ਖ਼ਿਲਾਫ਼ 301 ਨਫ਼ਰਤੀ ਅਪਰਾਧ ਹੋਏ ਹਨ ਜੋ ਕਿ 2020 ਨਾਲੋਂ 112 ਵੱਧ ਹਨ। ਇਸ ਤਰ੍ਹਾਂ ਸਿੱਖਾਂ ਵਿਰੋਧੀ ਨਫ਼ਰਤੀ ਅਪਰਾਧਾਂ 'ਚ 169 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਗਿਆ ਹੈ ਜਦਕਿ ਕੁੱਲ ਮਿਲਾ ਕੇ ਧਾਰਮਿਕ ਨਫ਼ਰਤੀ ਅਪਰਾਧ 38 ਪ੍ਰਤੀਸ਼ਤ ਵਧੇ ਹਨ।' ਲੇਬਰ ਸੰਸਦ ਮੈਂਬਰ ਨੇ ਪੱਤਰ ਵਿਚ ਇਸ ਖ਼ਤਰਨਾਕ ਰੁਝਾਨ ਬਾਰੇ ਤੁਰੰਤ ਕਦਮ ਚੁੱਕਣ ਤੇ ਸਿੱਖ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਨਫ਼ਰਤੀ ਅਪਰਾਧਾਂ ਦੀ ਰਿਪੋਰਟਿੰਗ ਬਾਰੇ ਏਪੀਪੀਜੀ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਦੀ ਮੰਗ ਵੀ ਕੀਤੀ ਹੈ। ਉਨ੍ਹਾਂ ਹਾਲ ਹੀ ਵਿਚ ਮਾਨਚੈਸਟਰ ਵਿਚ ਵਾਪਰੀ ਇਕ ਘਟਨਾ ਦਾ ਹਵਾਲਾ ਵੀ ਦਿੱਤਾ ਜਿੱਥੇ ਸਿੱਖ ਭਾਈਚਾਰੇ ਦੇ ਆਗੂ ਅਵਤਾਰ ਗਿੱਲ 'ਤੇ ਹਮਲਾ ਕੀਤਾ ਗਿਆ ਸੀ।




**SANDHU** IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms , Citizenship, Spouse/Family Petitions, Study Visas

MANDEEP SANDHU

All Kinds of Immigration Forms/Petitions/Visa

WE OPEN 7-DAYS A WEEK

ਵੀਜ਼ਾ

Note: I am not an Immigration Attorney.

3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com



DR. TAKHAR'S FAMILY MEDICINE & URGENT CARE CLINIC

8191 Timberlake Way, Suite # 400, Sacramento, CA 95823, Phone: 916-688-8888 Fax: 916-688-8837

Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed



Dr. Paramjit S Takhar, MD
Goodie Takhar, PhD

We speak your language: Panjabi, Hindi, Urdu, Farsi, Arabic and Spanish

URGENT CARE CLINIC

**BAGGA JEWELERS**

916-912-8842, 916-329-8772

SINCE 1996 jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga

6930 65TH STREET # 115 SACRAMENTO CA 95823



RAMESH SUMAN
Broker Realtor
RCS-D TM

**MAJESTIC HOMES**

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

**SAROAY INVESTMENT REALTY**

Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

**Amrik Chand (CPA)**

Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355





## ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਦੇ ਅਕਤੂਬਰ-ਨਵੰਬਰ ਮਹੀਨੇ ਦੇ ਪ੍ਰੋਗਰਾਮ



**October 16, 2022**
**Ardaas for the Dheri Family killed in Merced**

Gurughar Committee and Sangat will host Sukhmani Sahib Path followed by Ardas for the Punjabi family senselessly killed in Merced last week. Please join us in this Ardaas for Dheri family.

**October 21-22-23, 2022**
**Akhand Path Sewa by New Committee**

Newly elected Board of Directors and Managing Committee of the GURUGHAR will host the Akhand path and Langar Sewa. Akhand Path will start on Friday, October 21, 2022 at 10:00 AM and will conclude with Bhog ceremony on Sunday morningOctober 23, 2022. Sangat is requested to come and participate in this program for the Chardi Kala of GURUGHAR.

**October 24, 2022 Diwali Celeberations.**

Diwali will be celebrated in the GURUGHAR at 6:00 PM. Sukhmani sahib path and Langar sewa will be hosted by Ramesh & Gyan Suman and family. Please come and enjoy festivities and join Gurbani Kirtan and Ardas for the Chardi Kala of the entire Sangat.

**November 11-12-13, 2022**
**Sri Guru Nanak Dev Ji's "Parkash Utsav"**

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।

Sri Guru Nanak Dev Ji's Parkash Utsav will be celebrated at Gurughar on November 13, 2022. Akhand path will start on Friday 11/11/22, at 10:00 AM and will conclude with Bhog ceremony on Sunday morning 11/13/2022. Late Pt. Kewal Krishan Sudhir and Nirmal Devi Sudhir's son Varinder Kumar Sudhir with his wife Renu Bala Sudhir, sons Puneet Sudhir and Ankush Sudhir, will host the Akhand Path and Langar Sewa. Sudhir family is requesting Sangat to come and get Guru Sahib's blessings. May Baba ji keep Sudhir Family in Chardi Kala.

**Hoisting of NISHAN SAHIB ( Nishan Sahib Sewa)**

Nishan Sahib Hoisting Ceremony will be held on November 12 (Saturday) at 11:00 AM. Bhai Hardial Singh Banga and Bibi Kulwant Banga will be doing the Nishan Sahib Chola Sewa and Langar sewa. The entire Sangat and the Managing Committee is thankful to Banga family for their Sewa of getting new hydraulic Nishan Sahib installed. May Waheguru bless the dedicated Banga family for their cherished desires.

**www.sriguruavidasstemple.com**

## Sangat Sewadars

| Chairperson | President | General Secretary | Treasurer |
| --- | --- | --- | --- |
| Kulwant Kaur Banga | Vinod Kumar | Dharam Pal Chonkria | Sunita Bangar |

# ਗੁਰਦਵਾਰਾ ਸਾਹਿਬ ਸਿੱਖ ਸੈਂਟਰ

## Gurdwara Sahib Sikh Centre

## 5400 Sikh Centre Drive, Anderson, CA, 96007






## Sri Guru Nanak Dev jee's 553rd Gurpurb Celebrations & Nagar Kirtan Program

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 553ਵੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਗੁਰੂ ਕੇ ਨਗਰ ਕੀਰਤਨ ਅਤੇ ਵਿਸ਼ੇਸ਼ ਸਮਾਗਮ

ਗੁਰੂ ਸੰਗਤ ਜੀਓ, ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਮੂਹ ਇਲਾਕਾ ਨਿਵਾਸੀ ਸੰਗਤ ਵੱਲੋਂ ਗੁਰਦਵਾਰਾ ਸਾਹਿਬ ਵਿਖੇ ਸਮਾਗਮ ਹੇਠ ਲਿਖੇ ਅਨੁਸਾਰ ਹੋਣਗੇ ਜੀ।

### ਸ਼ੁੱਕਰਵਾਰ 28 ਅਕਤੂਬਰ, 2022

ਅਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 11 ਵਜੇ
ਸਵੇਰ ਦੇ ਲੰਗਰਾਂ ਦੀ ਸੇਵਾ ਮਾਉਂਟ ਲੈਸਨ ਟਰਾਂਸਪੋਰਟ ਰੈਡਬਲਫ ਪਰਿਵਾਰਾਂ ਵਲੋਂ ਹੋਵੇਗੀ।
ਤਿੰਨੋਂ ਦਿਨ ਮਠਿਆਈ ਲੰਗਰ ਸੇਵਾ ਝੂਟੀ ਪਰਿਵਾਰ ਰੈਡਿੰਗ ਵੱਲੋਂ ਹੋਵੇਗੀ।

### ਸਨਿਚਰਵਾਰ 29 ਅਕਤੂਬਰ, 2022

ਸ੍ਰੀ ਨਿਸ਼ਾਨ ਸਾਹਿਬ ਚੋਲਾ ਸੇਵਾ ਸਵੇਰੇ 9 ਵਜੇ
ਕੌਰਨਿੰਗ ਪਰਿਵਾਰਾਂ ਵੱਲੋਂ
ਸਮੂਹ ਸੰਗਤ ਦੇ ਸਹਿਯੋਗ ਨਾਲ
ਨਗਰ ਕੀਰਤਨ ਰਵਾਨਗੀ 12 ਵਜੇ
ਲੰਗਰ ਸੇਵਾ ਐਂਡਰਸਨ ਪਰਿਵਾਰਾਂ ਵੱਲੋਂ

### ਐਤਵਾਰ 30 ਅਕਤੂਬਰ, 2022

ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10:00 ਵਜੇ
ਉਪਰੰਤ ਕੀਰਤਨ ਦੀਵਾਨ ਸਜਣਗੇ ਅਤੇ ਪੰਥ ਪ੍ਰਸਿੱਧ ਢਾਡੀ ਜਥਾ ਗਿਆਨੀ ਲਖਵਿੰਦਰ ਸਿੰਘ ਸੋਹਲ ਢਾਡੀ ਵਾਰਾਂ ਰਾਹੀਂ ਨਿਹਾਲ ਕਰਨਗੇ। ਆਪ ਸਮੂਹ ਸੰਗਤਾਂ ਪਾਸ ਬੇਨਤੀ ਹੈ ਕਿ ਸਹਿਤ ਪਰਿਵਾਰ ਪਹੁੰਚ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ। ਗੁਰੂ ਕੇ ਅਤੁੱਟ ਲੰਗਰ ਵਰਤਾਏ ਜਾਣਗੇ ਜੀ

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :-**

ਅਮਰਜੀਤ ਸਿੰਘ ਗਰੇਵਾਲ +1- 530 440-2626

ਗੁਰਮੀਤ ਸਿੰਘ 530-301-9963
ਜਰਨੈਲ ਸਿੰਘ 530-646-6832
ਹਰਦੀਪ ਸਿੰਘ 510-760-5233

ਤੀਰਥ ਸਿੰਘ 650-642-0697
ਨਿਰਮਲ ਸਿੰਘ 530-945-4504
ਗੁਰਦੇਵ ਸਿੰਘ 530-366-1502

# ਅਮਰੀਕਾ ਦੀ ਯੂਨੀਵਰਸਿਟੀ ਵਿੱਚ ਸਜਾਈਆਂ ਗਈਆਂ ਦਸਤਾਰਾਂ, ਸਿੱਖਾਂ ਬਾਰੇ ਸਾਂਝੀ ਕੀਤੀ ਗਈ ਜਾਣਕਾਰੀ ਰਾਈਟ ਸਟੇਟ ਯੂਨੀਵਰਸਿਟੀ ਵਿਖੇ 'ਸਿੱਖਸ ਇਨ ਅਮਰੀਕਾ' ਪ੍ਰੋਗਰਾਮ ਦਾ ਆਯੋਜਨ

**ਸੈਕਰਾਮੈਂਟੋ (ਹਸੁਨ ਲੜੋਆ ਬੰਗਾ)–** ਸਿੱਖ ਧਰਮ ਦੀ ਵਿਲੱਖਣਤਾ ਦਰਸਾਉਣ ਅਤੇ ਵਿਦਿਆਰਥੀਆਂ, ਅਧਿਕਾਰੀਆਂ ਤੇ ਨਗਰ ਵਾਸੀਆਂ ਨੂੰ ਸਿੱਖ ਸਭਿਆਚਾਰ ਦੇ ਗੋਰਵ ਮਈ ਵਿਰਸੇ ਤੋਂ ਜਾਣੂ ਕਰਾਉਣ, ਸਿੱਖ ਪਛਾਣ ਬਾਰੇ ਜਾਗਰੂਕਤਾ ਪੈਦਾ ਕਰਨ ਲਈ, ਅਮਰੀਕਾ ਦੇ ਓਹਾਈਓ ਦੇ ਸੂਬੇ ਦੀ ਰਾਈਟ ਸਟੇਟ ਯੂਨੀਵਰਸਿਟੀ, ਡੇਟਨ ਵਿਖੇ 'ਸਿੱਖਸ ਇਨ ਅਮਰੀਕਾ ਐਂਡ ਰਾਈਟ ਸਟੇਟ ਯੂਨੀਵਰਸਿਟੀ' ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਹ ਪ੍ਰੋਗਰਾਮ ਮੌਜੂਦਾ, ਸਾਬਕਾ ਸਿੱਖ ਵਿਦਿਆਰਥੀਆਂ ਅਤੇ ਯੂਨੀਵਰਸਿਟੀ ਸੈਂਟਰ ਆਫ ਇੰਟਰਨੈਸ਼ਨਲ ਐਜੂਕੇਸ਼ਨ (ਯੂ।ਸੀ।ਆਈ।ਈ।) ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਸੀ।

ਯੂਨੀਵਰਸਿਟੀ ਵਿਖੇ ਸਾਲ 1979 ਤੋਂ ਕੰਮ ਕਰ ਰਹੇ ਪ੍ਰੋਫੈਸਰ ਡਾ। ਕੁਲਦੀਪ ਸਿੰਘ ਰਤਨ ਨੇ ਆਪਣੇ ਉਦਘਾਟਨੀ ਭਾਸ਼ਣ ਵਿਚ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਅਜਿਹੇ ਸਮਾਗਮ ਕਰਵਾਉਣ ਦਾ ਕਾਰਨ ਦੱਸਿਆ। ਉਨ੍ਹਾਂ ਕਿਹਾ ਕਿ ਅਮਰੀਕਾ ਵਿੱਚ 11 ਸਤੰਬਰ 2001 (9/11) ਦੇ ਹਮਲੇ ਤੋਂ ਬਾਅਦ ਹਰ ਟੀਵੀ ਚੈਨਲ ਵਲੋਂ ਓਸਾਮਾ ਬਿਨ ਲਾਦੇਨ ਦੀਆਂ ਪੱਗ ਅਤੇ ਦਾਹੜੀ ਵਾਲੀਆਂ ਤਸਵੀਰਾਂ ਨੂੰ ਦਿਖਾਇਆ ਜਾ ਰਿਹਾ ਸੀ, ਜਿਸ ਕਾਰਨ 9/11 ਤੋਂ ਬਾਅਦ ਸਾਡੇ ਬਾਰੇ ਲੋਕਾਂ ਦਾ ਨਜ਼ਰੀਆ ਥੋੜ੍ਹਾ ਬਦਲ ਗਿਆ। ਅਸੀਂ ਉਸ ਤੋਂ ਚਾਰ ਦਿਨ ਬਾਦ ਐਰੀਜ਼ੋਨਾ ਵਿਖੇ ਬਲਬੀਰ ਸਿੰਘ ਸੋਢੀ ਨੂੰ ਗੁਆ ਦਿੱਤਾ, ਕਿਉਂਕਿ ਆਮ ਲੋਕਾਂ ਨੂੰ ਸਿੱਖਾਂ ਬਾਰੇ ਪਤਾ ਨਹੀਂ ਸੀ। ਇਹੀ ਕਾਰਨ ਹੈ ਕਿ ਸਿੱਖਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਅਜਿਹੇ ਪ੍ਰੋਗਰਾਮਾਂ ਦਾ ਆਯੋਜਿਤ ਕਰਨਾ ਬਹੁਤ ਜ਼ਰੂਰੀ ਹੋ ਗਿਆ। ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਅਤੇ ਕਮਿਊਨਿਟੀ ਕਾਰਕੁਨ ਸਮੀਪ ਸਿੰਘ ਗੁਮਟਾਲਾ ਨੇ ਵੀਡੀਓ ਅਤੇ ਸਲਾਈਡਾਂ ਦੀ ਵਰਤੋਂ ਕਰਕੇ ਸਿੱਖਾਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਗੁਰੂ ਗ੍ਰੰਥ ਸਾਹਿਬ, 10 ਗੁਰੂ ਸਾਹਿਬਾਨ, ਸਿੱਖ ਕਕਾਰਾਂ (ਕੇਸ, ਕੰਗਾ, ਕੜਾ, ਕਿਰਪਾਨ ਅਤੇ ਕਛਹਿਰਾ), ਦਸਤਾਰ, ਲੰਗਰ, ਅਮਰੀਕਾ ਵਿੱਚ ਸਿੱਖਾਂ ਦੀ ਆਮਦ ਆਦਿ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਮਹਿਮਾਨਾਂ ਵਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੱਤੇ। ਯੂਨੀਵਰਸਿਟੀ ਵਿਖੇ ਇੰਜੀਨਿਅਰਿੰਗ ਵਿੱਚ ਮਾਸਟਰਜ਼ ਕਰ ਰਹੇ ਵਿਦਿਆਰਥੀ ਹਰਰੂਪ ਸਿੰਘ ਅਤੇ ਹਰਸ਼ਦੀਪ ਸਿੰਘ ਨੇ ਦੁਸਿਆ ਕਿ ਇਹ ਬਹੁਤ ਹੀ ਜਾਣਕਾਰੀ ਭਰਪੂਰ ਪ੍ਰੋਗਰਾਮ ਸੀ। ਉਹਨਾਂ ਸਮਾਗਮ ਦੇ ਆਯੋਜਨ ਵਿੱਚ ਸਹੂਲਤ ਕਰਨ ਲਈ ਯੂਨੀਵਰਸਿਟੀ ਦੇ ਸਟਾਫ ਮੈਂਬਰਾਂ, ਹੋਰ ਵਿਦਿਆਰਥੀ ਸੰਸਥਾਵਾਂ ਅਤੇ ਯੂ।ਸੀ।ਆਈ।ਈ। ਦਾ ਧੰਨਵਾਦ ਕੀਤਾ। ਉਹਨਾਂ ਕਿਹਾ, "ਇਸ ਸਮਾਗਮ ਨੇ ਸਾਡੀ ਯੂਨੀਵਰਸਿਟੀ ਦੇ ਭਾਈਚਾਰੇ ਨੂੰ ਇਕੱਠੇ ਹੋਣ, ਸਿੱਖ ਧਰਮ ਬਾਰੇ ਹੋਰ ਜਾਨਣ, ਸਮਝਣ ਅਤੇ ਸਿੱਖ ਸਭਿਆਚਾਰ ਦੇ ਗੋਰਵਮਈ ਵਿਰਸੇ ਤੋਂ ਜਾਣੂ ਕਰਾਉਣ ਲਈ ਇੱਕ ਵਧੀਆ ਮੌਕਾ ਪ੍ਰਦਾਨ ਕੀਤਾ। ਆਏ ਹੋਏ ਮਹਿਮਾਨਾਂ ਨੇ, ਜਿਸ ਵਿੱਚ ਵੱਖ-ਵੱਖ ਮੁਲਕਾਂ ਦੇ ਵਿਦਿਆਰਥੀ ਸ਼ਾਮਲ ਸਨ, ਨੇ ਉਤਸ਼ਾਹ ਨਾਲ ਹਿੱਸਾ ਲਿਆ।




ਮਹਿਮਾਨਾਂ ਨੇ ਦਸਤਾਰ ਬੰਨਣ ਦਾ ਵੀ ਅਨੁਭਵ ਕੀਤਾ। ਉਹਨਾਂ ਨੂੰ ਡੇਟਨ ਦੇ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਗੱਲਬਾਤ ਕਰਨ ਦਾ ਮੌਕਾ ਵੀ ਮਿਲਿਆ। ਦਸਤਾਰ ਸਜਾਉਣ ਤੋਂ ਬਾਅਦ ਵਿਦਿਆਰਥੀ ਬਹੁਤ ਹੀ ਮਾਨ ਮਹਿਸੂਸ ਕਰ ਰਹੇ ਸਨ ਅਤੇ ਯੂਨੀਵਰਸਿਟੀ ਵਿੱਚ ਦਸਤਾਰ ਪਹਿਣ ਕੇ ਘੁੰਮਦੇ ਰਹੇ ਅਤੇ ਆਪਣੀਆਂ ਕਲਾਸਾਂ ਵਿੱਚ ਵੀ ਗਏ। ਉਹਨਾਂ ਇਸ ਦੀ ਮਹੱਤਤਾ, ਵੱਖ-ਵੱਖ ਰੰਗਾਂ ਅਤੇ ਦਸਤਾਰ ਬੰਨਣ ਦੇ ਵੱਖ-ਵੱਖ ਸਟਾਈਲ ਆਦਿ ਬਾਰੇ ਕਈ ਦਿਲਚਸਪ ਸਵਾਲ ਵੀ ਪੁੱਛੇ। ਮਿਸ਼ੇਲ ਸਟ੍ਰੀਟਰ, ਡਾਇਰੈਕਟਰ ਯੂਸੀਆਈਈ ਨੇ ਸਿੱਖ ਵਿਦਿਆਰਥੀਆਂ ਨੂੰ ਇਸ ਪ੍ਰੋਗਰਾਮ ਨੂੰ ਆਯੋਜਿਤ ਅਤੇ ਕਾਮਯਾਬ ਕਰਨ ਲਈ ਵਧਾਈ ਦਿੱਤੀ। ਉਹਨਾਂ ਕਿਹਾ ਕਿ ਇਸ ਨੇ ਅਮਰੀਕੀ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਇਕੱਠੇ ਹੋ ਕੇ ਸਿੱਖ ਵਿਰਸੇ ਬਾਰੇ ਜਾਨਣ ਦਾ ਮੌਕਾ ਦਿੱਤਾ। ਇਸ ਪ੍ਰੋਗਰਾਮ ਵਿੱਚ ਪ੍ਰਦਰਸ਼ਨੀ ਵੀ ਲਗਾਈ ਗਈ ਜਿਸ ਵਿੱਚ ਦਸਤਾਰ, ਲੰਗਰ, ਮੂਲ ਮੰਤਰ, ਸਿੱਖ ਧਰਮ ਦੇ ਤਿੰਨ ਥੰਮ (ਕਿਰਤ ਕਰਨੀ, ਵੰਡ ਕੇ ਛੱਕਣਾ ਅਤੇ ਨਾਮ ਜਪਣਾ) ਅਤੇ ਅਮਰੀਕਾ ਦੀ ਫੋਜ ਵਿੱਚ ਸਿੱਖਾਂ ਬਾਰੇ ਜਾਣਕਾਰੀ ਦਿੱਤੀ ਗਈ। ਰਾਈਟ ਸਟੇਟ ਦੇ ਸਾਬਕਾ ਵਿਦਿਆਰਥੀ ਲੈਫਟੀਨੈਂਟ ਕਰਨਲ ਡਾ। ਤੇਜਦੀਪ ਸਿੰਘ ਰਤਨ ਜੋ ਕਿ ਇਸ ਸਮੇਂ ਫੋਜ ਵਿੱਚ ਹਨ, ਬਾਰੇ ਵੀ ਦੱਸਿਆ ਗਿਆ। ਇਸ ਤੋਂ ਇਲਾਵਾ, ਸਿੱਖ ਇਤਿਹਾਸ ਅਤੇ ਪਰੰਪਰਾ ਨਾਲ ਸੰਬੰਧਤ ਕਿਤਾਬਾਂ, ਕੜੇ, ਕੰਘੇ ਵੀ ਪ੍ਰਦਰਸ਼ਿਤ ਕੀਤੇ ਗਏ। ਮਹਿਮਾਨਾਂ ਨੇ ਪੰਜਾਬੀ ਖਾਣੇ ਦਾ ਆਨੰਦ ਮਾਨਿਆ। ਪ੍ਰੋਗਰਾਮ ਵਿੱਚ ਯੂਨੀਵਰਸਿਟੀ ਦੇ ਵਿਦਿਆਰਥੀ ਨਵਰਤਨ ਸਿੰਘ, ਗੁਰਵੀਰ ਸਿੰਘ, ਅਰਵੀਰ ਸਿੰਘ, ਮਨਪ੍ਰੀਤ ਸਿੰਘ ਅਤੇ ਸਿੱਖ ਭਾਈਚਾਰੇ ਦੇ ਮੈਂਬਰ ਵੀ ਸ਼ਾਮਲ ਹੋਏ।

# ਕੌਮਾਂਤਰੀ ਸਿੱਖ ਸਲਾਹਕਾਰ ਬੋਰਡ ਬਣਾਏਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ–** ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਸਿੱਖ ਸੰਸਥਾ ਦਾ ਪਸਾਰਾ ਕੌਮਾਂਤਰੀ ਪੱਧਰ 'ਤੇ ਕਰਨ ਨੂੰ ਸਹਿਮਤੀ ਦਿੱਤੀ ਗਈ ਹੈ। ਇਸ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ 'ਅੰਤਰਰਾਸ਼ਟਰੀ ਸਿੱਖ ਸਲਾਹਕਾਰ ਬੋਰਡ' ਦਾ ਗਠਨ ਕੀਤਾ ਜਾਵੇਗਾ। ਇਸੇ ਦੌਰਾਨ ਵੱਖ-ਵੱਖ ਦੇਸ਼ਾਂ ਵਿੱਚ ਸ਼੍ਰੋਮਣੀ ਕਮੇਟੀ ਦੇ ਉਪ ਦਫ਼ਤਰ ਖੋਲ੍ਹਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ। ਸਾਕਾ ਪੰਜਾ ਸਾਹਿਬ ਸ਼ਹੀਦੀ ਸ਼ਤਾਬਦੀ ਦੇ ਸਮਾਗਮ ਭਾਰਤ ਅਤੇ ਪਾਕਿਸਤਾਨ ਵਿੱਚ 26 ਤੋਂ 30 ਅਕਤੂਬਰ ਤਕ ਮਨਾਉਣ ਦਾ ਵੀ ਫ਼ੈਸਲਾ ਲਿਆ ਗਿਆ ਹੈ। ਇਸ ਸਬੰਧੀ ਲਗਪਗ 200 ਮੈਂਬਰਾਂ ਦਾ ਜਥਾ ਪਾਕਿਸਤਾਨ ਜਾਵੇਗਾ।ਇਹ ਫ਼ੈਸਲੇ ਇਥੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਲਏ ਗਏ ਹਨ।

ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵਿਸ਼ਵ ਵਿਆਪੀ ਸਿੱਖ ਮਸਲਿਆਂ ਦੀ ਬੇਹਤਰ ਪੈਰਵਾਈ ਲਈ ਅੰਤਰਰਾਸ਼ਟਰੀ ਸਿੱਖ ਸਲਾਹਕਾਰ ਬੋਰਡ ਸਥਾਪਤ ਕਰੇਗੀ। ਇਸ ਦੇ ਨਾਲ ਹੀ ਵਿਦੇਸ਼ਾਂ ਵਿੱਚ ਗੁਰਦੁਆਰੇ ਸਥਾਪਤ ਕਰਕੇ ਸੰਸਥਾ ਦੇ ਉੱਪ ਦਫ਼ਤਰ ਖੋਲ੍ਹੇ



ਜਾਣਗੇ। ਇਸ ਸਬੰਧੀ ਅਮਰੀਕਾ ਸਥਿਤ ਯੂਬਾ ਸਿਟੀ 'ਵਿਚ ਪਹਿਲਾਂ ਹੀ ਕਾਰਵਾਈ ਆਰੰਭੀ ਹੋਈ ਹੈ। ਉਨ੍ਹਾਂ ਦੱਸਿਆ ਕਿ ਕੌਮੀ ਰਾਜਧਾਨੀ ਦਿੱਲੀ ਵਿੱਚ ਵੀ ਸ਼੍ਰੋਮਣੀ ਕਮੇਟੀ ਗੁਰਦੁਆਰਾ ਬਣਾ ਕੇ ਉਪ ਦਫ਼ਤਰ ਖੋਲ੍ਹੇਗੀ। ਧਾਮੀ ਨੇ ਦੱਸਿਆ ਕਿ ਬੀਤੇ ਸਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ ਸੀ। ਇਸ 'ਤੇ ਸ਼੍ਰੋਮਣੀ ਕਮੇਟੀ ਦੇ ਇਤਰਾਜ਼ ਮਗਰੋਂ ਅਕਾਲ ਤਖ਼ਤ ਸਾਹਿਬ ਵੱਲੋਂ ਗਠਤ ਕੀਤੀ ਗਈ ਸਬ-ਕਮੇਟੀ ਨੇ ਇਸ ਦਿਹਾੜੇ ਦਾ ਨਾਂ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਸੁਝਾਇਆ ਗਿਆ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਭਾਰਤ ਸਰਕਾਰ ਨੂੰ ਪੱਤਰ ਵੀ ਭੇਜੇਗੀ।

SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਨੇ ਅਮਰੀਕੀ ਪੰਜਾਬੀ ਬੁੱਧੀਜੀਵੀ ਤੇ ਵਿਗਿਆਨੀ ਡਾ.ਗੁਰੂਮੇਲ ਸਿੱਧੂ ਦੀ ਮੌਤ 'ਤੇ ਕੀਤਾ ਦੁੱਖ ਦਾ ਪ੍ਰਗਟਾਵਾ




**ਫਰਿਜ਼ਨੋਂ (ਕੁਲਵੀਰ ਹੇਅਰ) –** ਅਮਰੀਕਾ ਸ਼ਹਿਰ ਫਰਿਜ਼ਨੋਂ ਵਸਦੇ ਪੰਜਾਬੀ ਬੁੱਧੀਜੀਵੀ, ਜਨੈਟਿਕ ਵਿਸ਼ੇ ਦੇ ਵਿਗਿਆਨੀ, ਪੰਜਾਬੀ ਸਾਹਿਤ ਤੇ ਉੱਘੇ ਲੇਖਕ, ਸ਼ਾਇਰ, ਚਿੰਤਕ ਅਤੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੇ ਸਰਪ੍ਰਸਤ ਡਾ. ਗੁਰੂਮੇਲ ਸਿੱਧੂ ਇਸ ਰੰਗਲੇ ਜਹਾਨ ਨੂੰ ਸਦੀਵੀ ਅਲਵਿਦਾ ਆਖ ਗਏ ਹਨ। ਉਨ੍ਹਾਂ ਦੀ ਮੌਤ ਦੀ ਖਬਰ ਸੁਣਦਿਆਂ ਹੀ ਪੰਜਾਬੀ ਸਾਹਿਤ ਖੇਤਰ ਵਿਚ ਸੋਗ ਦੀ ਲਹਿਰ ਪਸਰ ਗਈ। ਡਾ. ਗੁਰੂਮੇਲ ਸਿੱਧੂ ਨੇ ਸਾਹਿਤ ਦੀ ਝੋਲੀ ਵਿਚ ਅਨੇਕਾਂ ਮਿਆਰੀ ਕਿਤਾਬਾਂ ਪਾਈਆਂ, ਦੁਨੀਆਂ 'ਚ ਛਪਦੇ ਵੱਖ-ਵੱਖ ਪੰਜਾਬੀ ਅਖਬਾਰਾਂ 'ਚ ਹਜ਼ਾਰਾਂ ਲੇਖ ਛਪਵਾਏ। ਡਾ. ਗੁਰੂਮੇਲ ਸਿੱਧੂ ਦੀ ਮੌਤ 'ਤੇ ਇੰਡੋ ਅਮੈਰਿਕਨ ਫੋਰਮ ਵਲੋਂ ਸ਼ੋਕ ਸਭਾ ਕੀਤੀ ਗਈ। ਇਸ ਮੌਕੇ ਅਹੁਦੇਦਾਰਾਂ ਨੇ ਦੱਸਿਆ ਕਿ ਡਾ. ਗੁਰੂਮੇਲ ਸਿੱਧੂ ਨੇ ਗਦਰ ਲਹਿਰ ਉੱਪਰ ਵੀ ਦੋ ਕਿਤਾਬਾਂ ਲਿਖੀਆਂ ਜਿਨ੍ਹਾਂ ਵਿਚ 'ਗਦਰ ਲਹਿਰ ਦਾ ਦੂਜਾ ਪੱਖ' ਅਤੇ 'ਗਦਰੀ ਲਹਿਰਾਂ ਦਾ ਹਿੰਦੋਸਤਾਨ ਦੀ ਆਜ਼ਾਦੀ ਵਿਚ ਯੋਗਦਾਨ' ਸ਼ਾਮਿਲ ਹਨ ਜੋ ਨਵੀਂ ਪੀੜ੍ਹੀ ਲਈ ਇਕ ਇਤਿਹਾਸਕ ਦਸਤਾਵੇਜ਼ ਬਣ ਗਈਆਂ ਹਨ।ਉਹ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੇ ਸਲਾਹਕਾਰ ਵੀ ਸਨ। ਉਨ੍ਹਾਂ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਸੰਸਥਾ ਬਣਾਉਣ ਵਿਚ ਮੁੱਢਲਾ ਯੋਗਦਾਨ ਪਾਇਆ ਸੀ। ਫੋਰਮ ਦੇ ਸਮੂਹ ਅਹੁਦੇਦਾਰਾਂ ਨੇ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਡਾ. ਗੁਰੂਮੇਲ ਸਿੱਧੂ ਦੇ ਸਦੀਵੀ ਵਿਛੋੜੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਡਾ. ਗੁਰੂਮੇਲ ਸਿੱਧੂ ਦਾ ਅੰਤਿਮ ਸਸਕਾਰ 15 ਅਕਤੂਬਰ ਦਿਨ ਸ਼ਨੀਵਾਰ ਨੂੰ ਸ਼ਾਂਤ ਭਵਨ 4800 E Clayton Ave, Fowler, CA 93625 ਵਿਖੇ ਸਵੇਰੇ 11 ਤੋਂ 1 ਵਜੇ ਤੱਕ ਹੋਵੇਗਾ ਅਤੇ ਅੰਤਿਮ ਅਰਦਾਸ ਗੁਰਦੁਆਰਾ ਨਾਨਕ ਪ੍ਰਕਾਸ਼ 4250 E Lincoln Ave, Fresno, CA 93725 ਵਿਖੇ ਹੋਵੇਗੀ। ਇਸ ਤੋਂ ਪਹਿਲਾਂ 14 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਪਰਿਵਾਰ ਵਲੋਂ ਇਕ 'ਸ਼ਾਮ ਗੁਰੂਮੇਲ ਦੇ ਨਾਮ' ਦੁਪਹਿਰ 1 ਵਜੇ ਤੋਂ ਸ਼ਾਮ 7 ਵਜੇ ਤੱਕ 'The Farm House 6735 E. McKenzie Ave. Fresno ca 93727, ਵਿਖੇ ਹੋਵੇਗੀ।

# ਕੈਲੀਫੋਰਨੀਆਂ ਸੂਬੇ ਦੇ ਸ਼ਹਿਰ ਮਰਸਿਡ ਵਿੱਚ ਇੱਕੋ ਪਰਿਵਾਰ ਦੇ ਚਾਰ ਮੈਂਬਰਾਂ ਦੇ ਕਤਲ ਲਈ ਇਨਸਾਫ ਦੀ ਮੰਗ ਅਤੇ ਹਾਅ ਦਾ ਨਾਅਰਾ




**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ)–** ਅਮਰੀਕਾ ਦੇ ਸੂਬੇ ਕੈਲੇਫ਼ੋਰਨੀਆ ਦੇ ਸ਼ਹਿਰ ਮਰਸਿਡ ਵਿੱਚ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧਿਤ 8-ਮਹੀਨੇ ਦੀ ਬੱਚੀ ਆਰੋਹੀ ਢੇਰੀ, ਉਸਦੇ ਪਿਤਾ ਜਸਦੀਪ ਸਿੰਘ ਅਤੇ ਮਾਤਾ ਜਸਲੀਨ ਕੌਰ ਅਤੇ ਚਾਚਾ ਅਮਨਦੀਪ ਸਿੰਘ ਦੇ ਅਗਵਾ ਅਤੇ ਬਾਅਦ ਵਿੱਚ ਕੀਤੇ ਕਤਲ ਨੇ ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਤ੍ਰਾਸਦੀ ਦੇ ਸ਼ਿਕਾਰ ਦੁੱਖੀ ਪਰਿਵਾਰ ਨਾਲ ਦਿਲੀ ਸੰਵੇਦਨਾ ਵਿਅਕਤ ਕਰਦੇ ਹੋਏ ਫਰਿਜ਼ਨੋ ਵਿਖੇ ਸਮੁੱਚੇ ਭਾਈਚਾਰੇ ਵੱਲੋਂ ਹਾਅ ਦਾ ਨਾਅਰਾ ਮਾਰਦੇ ਹੋਏ ਇਨਸਾਫ਼ ਦੀ ਮੰਗ ਕੀਤੀ ਗਈ। ਇਸ ਸੰਬੰਧੀ ਫਰਿਜਨੋ ਵਿੱਚ ਇਨਸਾਫ ਦੀ ਮੰਗ ਕਰਦੇ ਹੋਏ ਅਤੇ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦਿਆਂ ਹਾਅ ਦਾ ਨਾਅਰਾ ਮਾਰਦੇ ਪੰਜਾਬੀ ਭਾਈਚਾਰੇ ਦੇ ਲੋਕਾਂ ਵੱਲੋਂ ਸ ਮਨਜੀਤ ਸਿੰਘ ਪੱਤੜ ਅਤੇ ਸਾਥੀਆਂ ਦੇ ਸੱਦੇ 'ਤੇ ਫਰਿਜਨੋ ਦੇ ਸਾਅ ਐਵਨਿਊ ਅਤੇ ਗੋਲਡਨ ਸਟੇਟ ਦੇ ਐਟਰ-ਸੈਕਸ਼ਨ ਉੱਪਰ ਬੈਨਰ ਫੜ ਪਰਿਵਾਰ ਨਾਲ ਹਾਅ ਦਾ ਨਾਅਰਾ ਮਾਰਦੇ ਹੋਏ,




ਇਨਸਾਫ ਦੀ ਮੰਗ ਕੀਤੀ ਗਈ। ਜਿਸ ਵਿੱਚ ਸਮੁੱਚੇ ਭਾਈਚਾਰੇ ਦੇ ਵੱਲੋਂ ਸਹਿਯੋਗ ਦਿੱਤਾ ਗਿਆ। ਇਸੇ ਦੌਰਾਨ ਫਰਿਜਨੋ ਵਿੱਚ "ਸ਼ਹੀਦ ਜਸਵੰਤ ਸਿੰਘ ਖਾਲੜਾ ਪਾਰਕ" ਫਰਿਜ਼ਨੋ ਵਿੱਚ ਸ਼ਾਮ



ਨੂੰ ਮੋਮਬੱਤੀਆਂ ਲੈ ਮ੍ਰਿਤਕ ਪਰਿਵਾਰ ਨੂੰ ਸਰਧਾਜ਼ਲੀਆਂ ਦਿੰਦੇ ਹੋਏ ਇਕ ਕੈਂਡਲ ਵਿਗਲ ਵੀ ਕੀਤਾ ਗਿਆ।

ਇੰਨਾਂ ਦੋਨਾਂ ਪ੍ਰੋਗਰਾਮਾਂ ਦੌਰਾਨ ਫਰਿਜ਼ਨੋ ਦੇ ਸਮੁੱਚੇ ਭਾਈਚਾਰੇ ਤੋਂ ਇਲਾਵਾ ਵੱਖ-ਵੱਖ ਜੱਥੇਬੰਦੀਆਂ ਦੇ ਨੁਮਾਇੰਦੇ ਵੀ ਹਾਜ਼ਰ ਹੋਏ। ਜਿੰਨ੍ਹਾਂ ਨੇ ਇਨਸਾਫ਼ ਦੀ ਮੰਗ ਅਤੇ ਸਮੁੱਚੇ ਭਾਈਚਾਰੇ ਦੀ ਸੁਰੱਖਿਆ ਨੂੰ ਲੈ ਕੈਲੀਫੋਰਨੀਆਂ ਦੇ ਸਰਕਾਰੀ ਸਿਸਟਮ ਉੱਪਰ ਚਿੰਤਾ ਪ੍ਰਗਟਾਉਂਦੇ ਹੋਏ ਇਨਸਾਫ ਦੀ ਮੰਗ ਕੀਤੀ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਕੈਲੀਫੋਰਨੀਆਂ ਵਿੱਚ ਇਸ ਤੋਂ ਪਹਿਲਾ ਵੀ ਬਹੁਤ ਸਾਰੇ ਪਰਿਵਾਰਾ ਦੇ ਮੈਂਬਰ ਅਜਿਹੀਆਂ ਘਟਨਾਵਾਂ ਕਰਕੇ ਆਪਣੇ ਪਰਿਵਾਰ ਦੇ ਮੈਂਬਰ ਖੋ ਚੁੱਕੇ ਹਨ। ਇਸ ਸਮੇਂ ਬਹੁਤ ਸਾਰੇ ਬੁਲਾਰਿਆਂ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਮੀਡੀਏ ਨਾਲ ਗੱਲਬਾਤ ਕੀਤੀ। ਸਮੂੰਹ ਸੰਗਤਾਂ ਵੱਲੋਂ ਭਵਿੱਖ ਵਿੱਚ ਸਮੂੰਹ ਪਰਿਵਾਰਾ ਦੀ ਸੁਰੱਖਿਆ ਅਤੇ ਮਰਸਿਡ ਸ਼ਹਿਰ ਦੇ ਪਰਿਵਾਰ ਦੇ ਇਨਸਾਫ ਸਾਫ ਲਈ ਪੁਕਾਰ ਕੀਤੀ ਗਈ। ਪਰਮਾਤਮਾ ਅੱਗੇ ਅਰਦਾਸ ਕੀਤੀ ਗਈ ਕਿ ਵਾਹਿਗੁਰੂ ਪੀੜਤ ਪਰਿਵਾਰ ਨੂੰ ਇਹ ਦੁਖਦਾਈ ਘਟਨਾ ਸਹਿਣ ਦਾ ਬਲ ਬਖਸ਼ਣ।

# ਫਰਿਜ਼ਨੋ ਵਿੱਚ ਪੰਜਾਬੀਅਤ ਦਾ ਮਾਣ ਬਹੁਪੱਖੀ ਸਖਸ਼ੀਅਤ ਡਾ ਗੁਰੂਮੇਲ ਸਿੰਘ ਸਿੱਧੂ ਨਹੀਂ ਰਹੇ



**ਸੈਕਰਾਮੈਂਟੋ, ਕੈਲੇਫੋਰਨੀਆ–** ਕੈਲੇਫੋਰਨੀਆਂ ਦੇ ਸ਼ਹਿਰ ਫਰਿਜ਼ਨੋ ਦੀ ਬਹੁਪੱਖੀ ਸ਼ਖ਼ਸੀਅਤ ਡਾ ਗੁ-ਰੂਮੇਲ ਸਿੱਧੂ ਆਪਣਾ ਸੰਸਾਰਕ ਸਫਰ ਪੂਰਾ ਕਰਦੇ ਹੋਏ, ਅਕਾਲ ਚਲਾਣਾ ਕਰ ਗਏ। ਡਾਕਟਰ ਸਾਹਿਬ ਨੇ ਬਹੁਤ ਸਾਰੀਆਂ ਵਿ-ਗਆਨਿਕ ਖੋਜਾਂ ਕੀਤੀਆਂ ਅਤੇ ਉਨ੍ਹਾਂ ਸੰਬੰਧੀ ਕਈ ਕਿਤਾਬਾਂ ਲਿਖੀਆਂ। ਇਸੇ ਤਰਾਂ ਪੰਜਾਬੀ ਸਾ-ਹੱਤ ਪ੍ਰਤੀ ਵੀ ਹਮੇਸਾ ਸਰਗਰਮ ਰਹਿੰਦੇ ਸਨ। ਉਹ ਇਕ ਚੰਗੇ ਅਲੋਚਕ ਵੀ ਸਨ, ਜੋ ਹਮੇਸਾ ਚੰ-ਗਆਈ ਦੀ ਉਮੀਦ ਰੱਖਦੇ ਸਨ। ਸਥਾਨਿਕ ਬਹੁਤ ਸਾਰੇ ਲੇਖਕਾ ਨੂੰ ਉਨ੍ਹਾਂ ਦਾ ਅਸ਼ੀਰਵਾਦ ਮਿਲਦਾ ਰਹਿੰਦਾ ਸੀ। ਉਹ ਇਕ ਚੰਗੇ ਬੁਲ-ਾਰੇ ਵੀ ਸਨ। ਡਾਕਟਰ ਸਾਹਿਬ ਦੇ ਵਿਛੋੜੇ ਕਾਰਨ ਪੰਜਾਬੀ ਭਾਈਚਾਰੇ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਡਾ ਗੁਰੂਮੇਲ ਸਿੱਧੂ ਦੇ ਪਰਿਵਾਰਕ ਮੈਂਬਰਾਂ, ਸਾਹਿਤਕ ਦੋਸਤਾਂ, ਸੁਨੇਹੀਆਂ ਵਲੋਂ ਗਹਿਰੇ ਦੱਖ ਦਾ ਪ੍ਰਗਟਾਵਾ ਕੀਤਾ ਗਿਆ।

# ਅਮਰੀਕਾ ਦੇ ਲਾਸ ਵੇਗਾਸ ਸ਼ਹਿਰ ਵਿਚ ਚਾਕੂ ਮਾਰ ਕੇ ਦੋ ਦੀ ਹੱਤਿਆ, 6 ਜ਼ਖਮੀ, ਇਕ ਸ਼ੱਕੀ ਦੋਸ਼ੀ ਗ੍ਰਿਫਤਾਰ





**ਸੈਕਰਾਮੇਂਟੋ, 7 ਅਕਤੂਬਰ –** ਅਮਰੀਕਾ ਦੇ ਸ਼ਹਿਰ ਲਾਸ ਵੇਗਾਸ ਸਟਰਿਪ ਵਿਚ ਬਿਨਾਂ ਕਿਸੇ ਭੜਕਾਹਟ ਦੇ ਇਕ ਵਿਅਕਤੀ ਨੇ ਚਾਕੂ ਨਾਲ ਹਮਲਾ ਕਰਕੇ ਦੋ ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਤੇ 6 ਹੋਰਨਾਂ ਨੂੰ ਜ਼ਖਮੀ ਕਰ ਦਿੱਤਾ। ਲਾਸ ਵੇਗਾਸ ਮੈਟਰੋਪੋਲ-ਿਟਨ ਪੁਲਿਸ ਵਿਭਾਗ ਦੀ ਜਾਂਚ ਡਵੀਜਨ ਦੇ ਮੁੱਖੀ ਅਧਿਕਾਰੀ ਜੇਮਜ ਲਾ ਰੋਸ਼ੈਲੇ ਨੇ ਕਿਹਾ ਹੈ ਕਿ ਪੀੜਤਾਂ ਵਿਚ ਸੈਲਾਨੀ ਤੇ ਸਥਾਨਕ ਲੋਕ ਸ਼ਾਮਿਲ ਹਨ। ਜ਼ਖਮ ਹਸਪਤਾਲ ਵਿਚ ਇਲਾਜ਼ ਅਧੀਨ ਹਨ ਜਿਨਾਂ ਵਿਚੋਂ 3 ਦੀ ਹਾਲਤ ਨਾਜ਼ਕ ਹੈ। ਇਹ ਹਮਲਾ ਬੀਤੇ ਦਿਨ ਦੁਪਹਿਰ ਤੋਂ ਪਹਿਲਾਂ 11।40 ਵਜੇ ਦੇ ਆਸ ਪਾਸ ਹੋਇਆ। ਹਮਲੇ ਤੋਂ ਪਹਿਲਾਂ ਹਮਲਾਵਰ ਤੇ ਸੜਕ ਦੇ ਕਿਨਾਰੇ ਪੱਟੜੀ ਉਪਰ ਜਾ ਰਹੇ ਲੋਕਾਂ ਵਿਚਾਲੇ ਕੋਈ ਤਕਰਾਰ ਜਾਂ ਗੱਲਬਾਤ ਨਹੀਂ ਹੋਈ। ਹਮਲਾਵਰ ਨੇ ਅਚਾਨਕ ਇਕ ਤੋਂ ਬਾਅਦ ਇਕ ਨੂੰ ਨਿਸ਼ਾਨ ਬਣਾਉਣਾ ਸ਼ੁਰੂ ਕਰ ਦਿੱਤਾ। ਕੁਝ ਲੋਕਾਂ ਨੇ ਭੱਜ ਕੇ ਆਪਣੀ ਜਾਨ ਬਚਾਈ। ਲਾ ਰੋਸ਼ੈਲੇ ਅਨੁਸਾਰ ਹਮਲਾਵਰ ਕੋਲ ਲੰਬੇ ਬਲੇਡ ਵਾਲਾ ਚਾਕੂ ਸੀ। ਘਟਨਾ ਦੀ ਸੂਚਨਾ ਮਿਲਣ 'ਤੇ ਸ਼ੱਕੀ ਹਮਲਾਵਰ ਨੂੰ ਖੇਤਰ ਵਿਚਲੇ ਗਾਰਡਾਂ ਨੇ ਚਾਕੂ ਸਮੇਤ ਗ੍ਰਿਫਤਾਰ ਕਰ ਲਿਆ। ਮੌਕੇ 'ਤੇ ਮੌਜੂਦ ਲੋਕਾਂ ਨੇ ਦਸਿਆ ਕਿ ਚਾਕੂਬਾਜੀ ਦੀ ਘਟਨਾ ਇਕ ਨਹੀਂ ਕਈ ਥਾਵਾਂ 'ਤੇ ਹੋਈ ਹੈ।

ਪੀੜਤਾਂ ਵਿਚ ਕੁਝ 'ਸ਼ੋਅਗਰਲਜ਼' ਵੀ ਸ਼ਾਮਿਲ ਹਨ, ਜੋ ਸੈਲਾਨੀਆਂ ਦੀਆਂ ਤਸਵੀਰਾਂ ਖਿੱਚ ਰਹੀਆਂ ਸਨ। ਪੁਲਿਸ ਨੇ ਕੇਵਲ ਸ਼ੱਕੀ ਹਮਲਾਵਰ ਨੂੰ ਹਿਰਾਸਤ ਵਿਚ ਲੈਣ ਦੀ ਜਾਣਕਾਰੀ ਦਿੱਤੀ ਹੈ ਤੇ ਉਸ ਬਾਰੇ ਹੋਰ ਕੋਈ ਵੇਰਵਾ ਜਾਰੀ ਨਹੀਂ ਕੀਤਾ। ਨਾ ਹੀ ਮਾਰੇ ਗਏ 2 ਵਿਅਕਤੀਆਂ ਤੇ ਜ਼ਖਮੀਆਂ ਦੇ ਨਾਂ ਨਸ਼ਰ ਕੀਤੇ ਹਨ। ਨੇਵਾਡਾ ਦੇ ਗਵਰਨਰ ਸਟੀਵ ਸਿਸੋਲਕ ਨੇ ਘਟਨਾ ਉਪਰ ਦੁੱਖ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਹ ਪੀੜਤ ਪਰਿਵਾਰਾਂ ਦੇ ਦੁੱਖ ਵਿਚ ਸ਼ਰੀਕ ਹਨ।

ਦੇਸ਼ ਦੁਆਬਾ

# ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ 9 ਅਕਤੂਬਰ 'ਤੇ ਯਾਦ ਕਰਦਿਆਂ




ਬਾਮਸੇਫ, ਡੀ. ਐਸ. 4 ਅਤੇ ਬਹੁਜਨ ਸਮਾਜ ਪਾਰਟੀ ਦੇ ਪਿਤਾਮਾ ਅਤਿ-ਸਤਿਕਾਰਿਤ ਲੋਕ ਨੇਤਾ ਮਾਣਯੋਗ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਮਹਾਨ ਸ਼ਖਸੀਅਤ ਤੋਂ ਕੌਣ ਵਾਕਫ਼ ਨਹੀਂ। ਭਾਰਤ ਦੇ ਮੂਲ ਨਿਵਾ-ਸੀਆਂ ਦੀ ਬੁਲੰਦ ਆਵਾਜ਼, ਟੁੱਟੇ-ਭੱਜੇ, ਭੁੱਲੇ-ਵਿਸਰੇ, ਐਸ. ਸੀ., ਐਸ. ਟੀ., ਬੀ. ਸੀ. ਅਤੇ ਘੱਟ ਗਿਣਤੀਆਂ ਦੇ ਲੋਕਾਂ ਨੂੰ ਜੋ ਕਦੇ ਰਾਜਨੀਤੀ ਤੋਂ ਅਣਜਾਣ ਸਨ ਜਾਂ ਉਹਨਾਂ ਨੂੰ ਬਣਦਾ ਸਥਾਨ ਹੋਰਨਾਂ ਰਾਜਨੀਤਿਕ ਪਾਰਟੀਆਂ ਵੱਲੋਂ ਨਹੀਂ ਸੀ ਮਿਲਦਾ, ਉਹਨਾਂ ਆਪਣੀ ਪਾਰਟੀ ਬਹੁਜਨ ਸਮਾਜ ਪਾਰਟੀ ਬਣਾ ਕੇ ਰਾਜਨੀਤਿਕ ਤੌਰ ਤੇ ਮਜ਼ਬੂਤ ਹੀ ਨਹੀਂ ਕੀਤਾ ਬਲਕਿ ਇਕ ਸਫਲ ਨਾਅਰਾ ਬੁਲੰਦ ਕੀਤਾ ਕਿ ਜਿੰਨੀ ਕਿਸੇ ਦੀ ਜਨ-ਸੰਖਿਆ ਭਾਰੀ, ਉਨੀ ਹੀ ਹਿੱਸੇਦਾਰੀ। ਭਾਰਤ ਦੀ ਸਿਰਮੌਰ ਅਤੇ ਲੰਮੇ ਸਮੇਂ ਤੋਂ ਰਾਜ ਕਰਦੀ ਆ ਰਹੀ ਕਾਂਗਰਸ ਪਾਰਟੀ ਨੂੰ ਅਰਸ਼ ਤੋਂ ਫਰਸ਼ ਤੇ ਲਿਆਂਦਾ ਤੇ ਕਾਂਗਰਸ ਅਤੇ ਹੋਰਨਾਂ ਪਾਰਟੀਆਂ ਨੂੰ ਖੇਤਰੀ ਪਾਰਟੀਆਂ ਸਹਾਰੇ ਚੱਲਣ ਲਈ ਰਾਜਨੀਤਿਕ ਤੌਰ ਤੇ ਮਜਬੂਰ ਕੀਤਾ।

ਉੱਤਰੀ ਭਾਰਤ ਦੇ ਮੂਲ ਨਿਵਾਸੀ ਕੌਮ ਦੀ ਰੂਹੇ-ਰਵਾਂ ਮਹਾਨ ਗਦਰੀ ਬਾਬਾ ਅਤੇ ਆਦਿ ਧਰਮ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਅਤੇ ਰਾਸ਼ਟਰੀ ਨੇਤਾ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਤੋਂ ਬਾਅਦ ਜੇਕਰ ਕਿਸੇ ਨੇ ਕਮਜ਼ੋਰ ਵਰਗਾਂ ਨੂੰ ਉਪਰ ਚੁੱਕਣ ਦਾ ਸਫਲ ਯਤਨ ਕੀਤਾ ਤਾਂ ਉਹ ਸੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ, ਜਿਹਨਾਂ ਲੋਕਾਂ ਨੂੰ ਜਾਗਰੂਕ ਕਰਨ ਵਾਲੀ ਲੰਬੀ ਸਾਈਕਲ ਮਾਰਚ ਅਤੇ ਹਜ਼ਾਰਾਂ ਰੈਲੀਆਂ ਅਤੇ ਨੁੱਕੜ ਮੀਟਿੰਗਾਂ ਕਰਕੇ ਬਹੁਜਨ ਸਮਾਜ ਨੂੰ ਜੋੜਿਆ ਅਤੇ ਉਹਨਾਂ ਨੂੰ ਆਪਣੇ ਹੱਕਾਂ ਤੋਂ ਜਾਣੂੰ ਕਰਵਾਇਆ। ਸਿੱਟਾ




ਭਵਨ ਦੀ ਤੇਜ਼ੀ ਨਾਲ ਚੱਲ ਰਹੀ ਉਸਾਰੀ ਦੀ 'ਦੇਸ਼ ਦੁਆਬਾ' ਵੱਲੋਂ 30 ਸਤੰਬਰ 2018 ਨੂੰ ਲਈ ਗਈ ਇਕ ਯਾਦਗਾਰੀ ਤਸਵੀਰ।

ਸਭ ਦੇ ਸਾਹਮਣੇ ਹੈ ਕਿ ਚਾਰ ਵਾਰ ਭਾਰਤ ਦੇ ਸਭ ਤੋਂ ਵੱਡੇ ਰਾਜ ਉਤਰ ਪ੍ਰਦੇਸ਼ ਅੰਦਰ ਤਿੰਨ ਵਾਰ ਰਲੀ-ਮਿਲੀ ਤੇ ਇਕ ਵਾਰ ਨਿਰੋਲ ਬਸਪਾ ਦੀ ਆਪਣੀ ਸਰਕਾਰ ਬਣੀ। ਸਾਹਿਬ ਕਾਂਸ਼ੀ ਰਾਮ ਜੀ ਦਾ ਆਪਣੇ ਵਰਕਰਾਂ ਤੇ ਸਮਾਜ ਨੂੰ ਸਿੱਧਾ-ਸਿੱਧਾ ਕਹਿਣਾ ਸੀ ਕਿ ਜਦ ਤੱਕ ਬਹੁਜਨ ਸਮਾਜ ਆਪਣੇ ਅੰਦਰ ਮੁਕੰਮਲ ਏਕਤਾ ਨਹੀਂ ਬਹਾਲ ਕਰਦਾ, ਉਦੋਂ ਤੱਕ ਨਾ ਤਾਂ ਤਾਕਤਵਰ ਬਣ ਸਕਦਾ ਹੈ ਅਤੇ ਨਾ ਹੀ ਕੋਈ ਮੰਜ਼ਿਲ ਪ੍ਰਾਪਤ ਕਰ ਸਕਦਾ ਹੈ।

ਸਾਹਿਬ ਕਾਂਸ਼ੀ ਰਾਮ ਜੀ ਨੇ ਜਿੱਥੇ ਭਾਰਤ ਪੱਧਰ ਤੇ ਡਾ. ਅੰਬੇਡਕਰ ਦੀ ਥਿਊਰੀ ਪ੍ਰਚਾਰਨ ਦਾ ਯਤਨ ਕੀਤਾ, ਉਥੇ ਉਹਨਾਂ ਪੰਜਾਬ ਅੰਦਰ ਆਦਿ ਧਰਮ ਦੇ ਸੁਨਹਿਰੀ ਯੁੱਗ ਦਾ ਉਚੇਚਾ ਗੁਣਗਾਨ ਹੀ ਨਹੀਂ ਕੀਤਾ ਬਲਕਿ ਉਸ ਉਪਰ ਚੱਲਣ ਲਈ ਲੋਕਾਂ ਨੂੰ ਵਾਰ-ਵਾਰ ਸੰਦੇਸ਼ ਦਿੱਤਾ ਅਤੇ ਉਸ ਦੇ ਸੁਨਹਿਰੀ ਇਤਿਹਾਸ ਤੋਂ ਲੋਕਾਂ ਨੂੰ ਵਾਕਫ਼ ਕਰਨ ਲਈ ਹੁਸ਼ਿਆਰਪੁਰ 'ਚ 1996 'ਚ ਇਕ ਵਿਸ਼ਾਲ 'ਭੁੱਲ ਸੁਧਾਰ' ਨਾਂ ਤਹਿਤ ਸੰਮੇਲਨ ਵੀ ਕੀਤਾ ਤੇ ਵਾਰ-ਵਾਰ ਸਟੇਜਾਂ ਤੋਂ ਵੀ ਇਸ ਤੋਂ ਸਬਕ ਲੈਣ ਲਈ ਕਹਿੰਦੇ ਰਹੇ।

ਬਸਪਾ ਇਕ ਰਾਜਨੀਤਿਕ ਪਾਰਟੀ ਹੈ। ਇਸ ਦੀ ਲੀਡਰਸ਼ਿਪ ਅਤੇ ਵਰਕਰਾਂ ਨੂੰ ਆਪਣੇ ਅਤੀਤ ਦੇ ਇਤਿਹਾਸ ਤੋਂ ਜ਼ਰੂਰ ਜਾਣੂੰ ਹੋਣਾ ਅਤੇ ਅਗਾਂਹਵਧੂ ਪਹਿਲੂਆਂ ਤੇ ਅਮਲ ਕਰਨਾ ਹੋਵੇਗਾ। ਇਹੀ ਆਪਣੇ ਰਹਿਨੁਮਾ ਨੂੰ ਸੱਚੀ ਸ਼ਰਧਾਂਜਲੀ ਕਹੀ ਜਾ ਸਕਦੀ ਹੈ ਅਤੇ ਉਹਨਾਂ ਦੇ ਪ੍ਰੀਨਿਰਵਾਣ ਦਿਵਸ 'ਤੇ ਬਸਪਾ ਵੱਲੋਂ ਉਹਨਾਂ ਦੇ ਨਾਂ 'ਤੇ ਭਵਨ ਬਣਾਉਣਾ ਇਕ ਸ਼ਲਾਘਾਯੋਗ ਤੇ ਇਤਿਹਾਸਕ ਕੰਮ ਹੈ, ਜਿਸਦਾ 9 ਅਕਤੂਬਰ 2018 ਨੂੰ ਉਦਘਾਟਨ ਕੀਤਾ ਗਿਆ ਸੀ। ਸਾਹਿਬ ਸ੍ਰੀ ਕਾਸ਼ੀ ਰਾਮ ਜੀ ਨੂੰ ਕੋਟਿਨ-ਕੋਟਿ ਪ੍ਰਣਾਮ।


**-ਤਰਸੇਮ ਜਲੰਧਰੀ (ਸੰਪਾਦਕ)**


# ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਇਕ ਇਤਿਹਾਸਕ ਦਸਤਾਵੇਜ਼

ਸ੍ਰੀ ਸੀ. ਐਲ਼. ਚੁੰਬਰ ਦਾ ਆਪਣੇ ਦਸਤਖਤਾਂ ਹੇਠ ਭੇਜਿਆ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਮੇਰੇ ਸਾਹਮਣੇ ਸੁਸ਼ੋਭਿਤ ਹੈ, ਜਿਸਨੂੰ ਪੜ੍ਹਨ ਉਪਰੰਤ ਇਹੋ ਕਹਿਣਾ ਸੱਚ ਹੈ ਕਿ ਇਹ ਇਕ ਇਤਿਹਾਸਕ ਦਸਤਾਵੇਜ਼ ਹੈ, ਜਿਸਨੂੰ ਪੰਜਾਬ ਦੇ ਦਲਿਤ ਲੋਕਾਂ ਨੂੰ ਉਸ ਇਤਿਹਾਸ ਤੋਂ ਜਾਣੂ ਕਰਾਇਆ ਹੈ, ਜਿਸਨੇ ਕਦੀ ਇਸ ਧਰਤੀ ਤੇ ਕ੍ਰਾਂਤੀ ਲਿਆਂਦੀ ਤੇ ਸਮਾਜਿਕ ਇਨਕਲਾਬ ਦੀ ਸਹੀ ਅਰਥਾ ਵਿਚ ਨੀਂਹ ਰੱਖੀ। ਇਸ ਸੋਵੀਨਰ ਸਬੰਧੀ ਹੋਰ ਵਿਚਾਰ ਪੇਸ਼ ਕਰਨ ਤੋਂ ਪਹਿਲਾਂ ਮੈਂ ਸ੍ਰੀ ਸੀ. ਐਲ਼ ਚੁੰਬਰ. ਦੇ ਪਵਿੱਤਰ ਯਤਨਾਂ ਲਈ ਰਿਣੀ ਮਹਿਸੂਸ ਕਰਦਾ ਹਾਂ ਅਤੇ ਉਹਨਾਂ ਸਾਰੇ ਸਾਥੀਆਂ ਦਾ ਧੰਨਵਾਦ ਕਰਨਾ ਫਰਜ਼ ਸਮਝਦਾ ਹਾਂ, ਜਿਹਨਾਂ ਨੇ ਸਾਡੇ ਰਹਿਬਰ ਦੇ ਜੀਵਨ-ਇਤਿਹਾਸ ਨੂੰ ਪੰਨਿਆਂ ਤੋਂ ਉਭਾਰ ਕੇ ਵਰਤਮਾਨ ਦੀ ਲੋੜੀਂਦੀ ਲਹਿਰ ਨੂੰ ਤਾਕਤ ਬਖਸ਼ੀ ਹੈ। ਮੈਂ ਬਹੁਤ ਅੱਛੀ ਤਰ੍ਹਾਂ ਮਹਿਸੂਸ ਕਰ ਰਿਹਾ ਹਾਂ ਕਿ ਬਾਮਸੇਫ ਅਤੇ ਡੀ. ਐਸ 4 ਲਹਿਰ ਲਈ ਇਹ ਸੋਵੀਨਰ ਇਕ ਪੰਧ ਦਿਖਾਓ, ਤਾਰੇ ਵਾਂਗ ਸਹਾਇਕ ਹੋਵੇਗਾ।

ਇਹ ਸੱਚ ਹੈ ਕਿ ਕਾਫੀ ਸਮੇਂ ਤੋਂ ਬਹੁਤ ਲੋਕ ਨਹੀਂ ਜਾਣਦੇ ਸਨ ਕਿ ਆਦਿ ਧਰਮ ਦਾ ਅਰਥ ਕੀ ਹੈ, ਇਸ ਮਹਾਨ ਲਹਿਰ ਦਾ ਬਾਨੀ ਕੌਣ ਸੀ ਇਹ ਲਹਿਰ ਅੰਬੇਡਕਰ ਲਹਿਰ ਨਾਲ ਕਿਵੇਂ ਜੁੜ ਕੇ ਅੱਗੇ ਵਧੀ ਤੇ ਇਹ ਲਹਿਰ ਕਿਸ ਸੱਚ ਨੂੰ ਪੱਲੇ ਬੰਨ੍ਹ ਕੇ ਤੁਰੀ।

ਲਈ ਲੜਦੇ ਰਹੇ। ਮਹਾਤਮਾ ਗਾਂਧੀ ਦੇ ਬਰਾਬਰ, ਆਪਣੇ ਅਧਿਕਾਰਾਂ ਲਈ ਮਰਨ ਵਰਤ ਰੱਖਿਆ। ਰੀਜ਼ਰਵ ਸੀਟਾਂ ਦਾ ਅਧਿਕਾਰ ਲੈ ਕੇ ਅੱਠਾਂ 'ਚੋਂ ਸੱਤ ਐਮ. ਐਲ਼. ਏ. ਚੁਣੇ, ਅਛੂਤਾਂ ਵੱਲੋਂ ਘਰ-ਬਾਰ ਖਰੀਦ ਸਕਣ ਲਈ ਜੱਦੋ ਜਹਿਦ ਕੀਤੀ। ਸਕੂਲ ਜਾਣ ਦੇ ਅਧਿਕਾਰ ਲਈ ਬਾਬਾ ਸਾਹਿਬ ਨੂੰ, ਗਾਂਧੀ ਦੇ ਖਿਲਾਫ ਅਛੂਤਾਂ ਦਾ ਨੇਤਾ ਸਾਬਤ ਕੀਤਾ। ਹਜ਼ਾਰਾਂ ਸਾਥੀਆਂ ਸਮੇਤ ਲੋਥੀਅਨ ਕਮੇਟੀ ਦੇ ਸਾਹਮਣੇ ਅਛੂਤਾਂ ਦੀ ਹੋਂਦ ਨੂੰ ਜਿਤਾਇਆ। ਅਛੂਤ ਲੋਕਾਂ ਨੂੰ ਹਿੰਦੂ, ਸਿੱਖ, ਮੁਸਲਮਾਨ, ਇਸਾਈ ਲਿਖਾਉਣ ਦੀ ਥਾਂ 'ਆਦਿ ਧਰਮੀ' ਲਿਖਾਉਣ ਲਈ ਮਹਾਨਤਮ ਕਾਰਜ ਕੀਤਾ ਤੇ ਗੁਲਾਮਾਂ ਨੂੰ ਦੋਹਰੀ ਗੁਲਾਮੀ ਦਾ ਅਹਿਸਾਸ ਕਰਵਾ ਕੇ, ਸਮਾਜਿਕ ਇਨਕਲਾਬ ਦੇ ਰਸਤੇ ਪਾਇਆ। ਰਾਇਲ ਕਮਿਸ਼ਨ ਅਤੇ ਗਵਰਨਰ ਪੰਜਾਬ ਦੇ ਸਾਹਮਣੇ ਆਪਣੇ ਅਧਿਕਾਰਾਂ ਦੀਆਂ ਮੰਗਾਂ ਪੇਸ਼ ਕੀਤੀਆਂ, ਬੱਚਿਆਂ ਦੀਆਂ ਫੀਸਾਂ ਮੁਆਫ ਕਰਵਾਈਆਂ, ਅਛੂਤ ਵਿਰੋਧੀ, ਅਛੂਤ ਵਿਕਾਊ ਟੁੱਕੜਬੋਚਾਂ ਦਾ ਪਰਦਾ ਫਾਸ਼ ਕੀਤਾ। ਆਦਿ ਡੰਕਾ ਅਖਬਾਰ ਚਲਾਈ। ਸੋਹਣ ਸਿੰਘ ਭਕਨਾ ਦੇ ਅਹਿਮ ਸਾਥੀ ਰਹੇ। ਗਦਰੀ ਬਾਬਾ ਗੁਰਦਿਤ ਸਿੰਘ ਕਾਮਾ ਗਾਟਾਮਾਰੂ ਦਾ ਸਾਥ ਦਿੱਤਾ। ਲੋਕਾਂ ਨੂੰ ਦੱਸਿਆ ਕਿ ਸਾਡੇ ਗੁਰੂ ਤਾਂ ਗੁਰੂ ਰਵਿਦਾਸ, ਬਾਬਾ ਵਾਲਮੀਕ, ਬਾਬਾ ਨਾਮਦੇਵ, ਬਾਬਾ ਕਬੀਰ ਜੀ ਹਨ। ਲੋਕਾਂ ਨੂੰ ਤੇ ਅੰਗਰੇਜ਼ਾਂ ਨੂੰ ਦੱਸਿਆ ਕਿ ਅਸੀਂ ਇਸ ਦੇਸ਼ ਦੇ ਅਸਲੀ ਵਾਸ਼ਿੰਦੇ ਹਾਂ ਤੇ ਮਨੂੰਵਾਦੀ, ਆਰੀਅਨ ਵਿਦੇਸ਼ੀ ਹਨ।




ਇਹਨਾਂ ਵਿਸ਼ਿਆਂ ਦਾ ਗਿਆਨ ਸੋਵੀਨਰ ਵਿਚੋਂ ਪੜ੍ਹ ਕੇ ਅਸੀਮ ਖੁਸ਼ੀ ਹੋਈ ਹੈ। ਇਸ ਸੋਵੀਨਰ ਦੀ ਸਭ ਤੋਂ ਵੱਡੀ ਪ੍ਰਾਪਤੀ ਹੀ ਸੋਵੀਨਰ ਦਾ ਦਲਿਤ ਇਤਿਹਾਸ ਦਾ ਦਸਤਾਵੇਜ਼ ਬਣ ਜਾਂਦਾ ਹੈ। ਸਾਡੀ ਬਦਨਸੀਬੀ ਹੈ ਕਿ ਅਸੀਂ ਆਪਣੇ ਮਹਾਨ ਇਤਿਹਾਸਕ ਵਿਰਸਿਆਂ ਤੋ ਸੱਖਣੇ ਹਾਂ। ਕਾਂਗਰਸ ਰਾਜ ਨੇ ਸਾਨੂੰ ਸਾਡੇ ਇਤਿਹਾਸ ਤੋਂ ਅਜਿਹਾ ਕੱਟਿਆ ਹੈ ਕਿ ਅਸੀਂ ਅਤਿ ਘਟੀਆ ਮਨੁੱਖੀ ਕਿਰਦਾਰ ਦੇ ਮਨੂੰਵਾਦੀ ਦੇਵੀ ਦੇਵਤਿਆਂ, ਅਵਤਾਰਾਂ, ਮਹਾਤਮਾਵਾਂ ਨੂੰ ਹੀ ਆਪਣੇ ਮਾਤਾ-ਪਿਤਾ ਕਹਿਣ ਤੇ ਪੂਜਣ ਲੱਗ ਪਏ ਹਾਂ ਪ੍ਰੰਤੂ ਆਪਣੇ ਸਮਾਜ ਦੇ ਮਹਾਨ ਯੋਧਿਆਂ ਦਾ ਨਾਂ ਵੀ ਨਹੀਂ ਜਾਣਦੇ। ਡਾ. ਅੰਬੇਡਕਰ, ਜੋ ਇਕ ਅਦੁੱਤੀ ਸ਼ਖਸੀਅਤ ਸੀ, ਜਿਸ ਬਾਰੇ ਇਕ ਸਾਥੀ ਨੇ ਜਿਸਨੂੰ ਅੰਬੇਡਕਰ ਬਾਰੇ ਸੱਜਰੀ ਜਾਣਕਾਰੀ ਦਿੱਤੀ ਗਈ ਸੀ, ਕਿਹਾ "ਇਹ ਸੱਚ ਹੈ ਸਾਥੀ ਕਿ ਅੱਜ ਇਹ ਪਤਾ ਚੱਲਿਆ ਸਾਡਾ ਦਾਤਾ ਅੰਬੇਡਕਰ ਹੈ, ਜੋ ਅਸੀਂ ਉਪਰ ਵਾਲੇ ਨੂੰ ਦਾਤਾ ਕਹੀਏ ਜਾਂ ਕਹਿੰਦੇ ਹਾਂ ਤਾਂ ਉਹ ਦਾਤਾ ਉਦੋਂ ਕਿੱਥੇ ਸੀ, ਜਦੋਂ ਅੰਬੇਡਕਰ ਹੈ ਨਹੀਂ ਸੀ। ਉਦੋਂ ਉਸ ਨੇ ਸਾਨੂੰ ਇਹ ਅਧਿਕਾਰ ਕਿਉਂ ਨਾ ਦੇ ਦਿੰਤੇ?" ਦਾ ਨਾਂ ਵੀ ਆਮ ਦਲਿਤ ਲੋਕਾਂ ਨੂੰ ਨਹੀਂ ਪਤਾ।

ਮਹਾਤਮਾ ਜੋਤੀ ਰਾਓ ਫੂਲੇ, ਪੈਰੀਅਰ ਰਾਮਾ ਸੁਆਮੀ, ਬਾਬੂ ਮੰਗੂ ਰਾਮ ਮੁੱਗੋਵਾਲੀਆ ਵਰਗੀਆਂ ਮਹਾਨ ਸਮਾਜਵਾਦੀ ਸ਼ਖਸੀਅਤਾਂ ਨੂੰ ਹਨ੍ਹੇਰੇ ਦੀਆਂ ਕੰਧਰਾਂ ਵਿਚੋਂ ਮਨੂੰਵਾਦੀਆਂ ਨੇ ਲੁਕਾ ਦਿੱਤਾ। ਪ੍ਰੰਤੂ ਅੱਜ ਦਲਿਤਾਂ ਦਾ ਸੁਚੇਤ ਵਰਗ ਇਸ ਪਾਸੇ ਯਤਨਸ਼ੀਲ ਹੈ। 1985 ਦਾ ਇਹ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੋਵੀਨਰ ਅਗਲੇ ਰਸਤੇ ਵਿਚ ਇਕ ਅਟੁੱਟ ਮੀਲ ਪੱਥਰ ਬਣ ਖਲੋਤਾ ਹੈ।

ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਗਦਰ ਪਾਰਟੀ ਦੇ ਸਿਰਲੱਥ ਯੋਧੇ ਰਹੇ, ਮੌਤ ਦੀ ਸਜ਼ਾ ਹੋਈ, ਬਨਵਾਸ ਕੱਟਣਾ ਪਿਆ, ਫਿਰ ਵੀ ਕੌਮ ਲਈ ਜੀਵਤ ਰਹੇ। ਆਦਿ ਧਰਮ ਦੀ ਨੀਂਹ ਰੱਖੀ। ਬਾਬਾ ਸਾਹਿਬ ਦੇ ਸਾਥੀ ਬਣੇ। ਅੱਜ ਮਾਣੀਂਦੇ ਅਧਿਕਾਰਾਂ

ਇਸ ਤੋਂ ਇਲਾਵਾ ਵੋਟਰ ਬਣਨ ਲਈ, ਜ਼ਮੀਨ ਜਾਇਦਾਦ ਤੇ ਯੋਗਤਾ ਆਦਿ ਦੀਆਂ ਸ਼ਰਤਾਂ ਖਤਮ ਕਰਾ ਕੇ ਸਧਾਰਨ ਕਰਵਾਈਆਂ।

ਤਾਂ ਇਹ ਉਹ ਇਤਿਹਾਸ ਹੈ ਜਿਸ ਤੋਂ ਪੰਜਾਬ ਦੇ ਦਲਿਤ ਜੋ ਆਪਣੇ ਆਪ ਨੂੰ ਕਾਂਗਰਸੀ ਜਾਂ ਹਰੀਜਨ ਕਹਾਉਣ ਵਿਚ ਮਸ਼ਰੂਫ ਹਨ। ਕੁਝ ਇਕ ਟੁੱਕੜਬੋਚਾਂ ਨੇ ਆਪਣਾ ਇਤਿਹਾਸ ਘੱਟੇ ਪਾ ਕੇ 85 ਫੀਸਦੀ ਦਲਿਤ ਲੋਕਾਂ ਨਾਲ ਗਦਾਰੀ ਕੀਤੀ ਹੈ। ਦਲਿਤ ਲੋਕ ਇਸ ਗਦਾਰੀ ਨੂੰ ਭੁੱਲ ਨਹੀਂ ਸਕਣਗੇ।

ਪ੍ਰੰਤੂ ਅੱਜ ਦਲਿਤ ਸ਼ੋਸ਼ਿਤ ਸਮਾਜ ਜਾਗਿਆ ਹੈ। ਦਲਿਤ ਇਤਿਹਾਸ ਮੁੜ ਚੌਰਾਹੇ 'ਤੇ ਹੈ। ਡਾ. ਅੰਬੇਡਕਰ ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਵਾਰਸ ਅੱਜ ਸੁਚੇਤ ਹੋ ਕੇ ਤੁਰੇ ਹਨ, ਉਹ ਦਿਨ ਦੂਰ ਨਹੀਂ ਜਦੋਂ ਸਾਡਾ ਮਾਨਵੀ ਤੇ ਮਨੁੱਖੀ ਬਰਾਬਰੀ ਵਾਲਾ ਇਤਿਹਾਸ ਕੂੜ ਪਸਾਰੇ ਵਾਲੇ ਇਤਿਹਾਸ ਨੂੰ ਲੁਕਾ ਸਕੇਗਾ।

ਅੰਤ ਮੈਂ ਸਮੂਹ ਦਲਿਤਾਂ ਨੂੰ ਅਪੀਲ ਕਰਾਂਗਾ ਕਿ ਉਹ ਉਕਤ ਸੋਵੀਨਰ ਜ਼ਰੂਰ ਮੰਗਾਉਣ ਤੇ ਆਪਣੇ ਵਿਲੱਖਣ ਇਤਿਹਾਸਕ ਹੀਰੋਆਂ ਤੋਂ ਜਾਣੂ ਹੋ ਕੇ ਅੱਗੇ ਵਧਣ। ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ 'ਬਹੁਜਨ ਸੰਦੇਸ਼' ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਤੇ ਵਿਸ਼ੇਸ਼ ਅੰਕ ਕੱਢ ਕੇ ਜਿੱਥੋਂ ਆਪਣੇ ਫਰਜ਼ ਨੂੰ ਨਿਭਾਇਆ ਹੈ, ਉਥੇ ਦਲਿਤਾਂ ਦੇ ਰੁਲ ਰਹੇ ਹੀਰੋ ਨੂੰ, ਵਿਸਰੇ ਜਾਂਦੇ ਇਤਿਹਾਸ ਨੂੰ ਦਲਿਤਾਂ ਅੱਗੇ ਪੇਸ਼ ਕੀਤਾ ਹੈ। ਇਸ ਲਈ ਕਿ ਜਦੋਂ ਤੱਕ ਅਸੀ ਆਪਣਾ ਇਤਿਹਾਸ ਨਹੀਂ ਜਾਣਦੇ, ਉਦੋਂ ਤੱਕ ਅੱਗੋਂ ਵੀ ਇਤਿਹਾਸ ਨਹੀਂ ਬਣਾ ਸਕਦੇ। ਇਸ ਸ਼ਲਾਘਾਯੋਗ ਕਦਮ ਲਈ 'ਬਹੁਜਨ ਸੰਦੇਸ਼' ਵਧਾਈ ਦਾ ਪਾਤਰ ਹੈ।

**– ਪ੍ਰੋ. ਗੁਰਨਾਮ ਸਿੰਘ, ਮੁਕਤਸਰ**
**ਧੰਨਵਾਦ ਸਹਿਤ ਫਤਿਹਜੰਗ ਸਿੰਘ**
**ਬਹੁਜਨ ਸੰਦੇਸ਼ 14 ਜੁਲਾਈ 1985**

# Sahib Kanshi Ram Ji



* We don't want social justice, we want social transformation. Social justice depends on the person in the power. Suppose at one time, some good leader comes to power and people get social justice and are happy but when a bad leader comes to power it turns into injustice again. So, we want whole social transformation.

** "I was born and brought up amongst those who sacrificed themselves but never betrayed the country..."

*** Till the time we won't be successful in politics and not able to have power in our hands, the social and economic transformation is not possible. Political power is the key to success.

**** A community that doesn't have representation in the political power, that community is dead.


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਰਕਾਰ ਸਕੂਟਰ ਨਹੀਂ ਜੋ ਇੱਧਰ ਤੋਂ ਮੋੜ ਕੇ ਮੂੰਹ ਨੂੰ ਉਧਰ ਕਰ ਦਿੱਤਾ ਜਾਵੇ: ਮੀਤ ਹੇਅਰ

## ਪੰਜਾਬੀ ਯੂਨੀਵਰਸਿਟੀ ਪਹੁੰਚੇ ਪੰਜਾਬ ਦੇ ਉਚ ਸਿੱਖਿਆ ਮੰਤਰੀ ਮੀਤ ਹੇਅਰ ਨੇ ਲਈ ਚੁਟਕੀ, ਮੰਗਾਂ ਪੂਰੀਆਂ ਕਰਨ 'ਤੇ ਪੂਟਾ ਨੇ ਦਿੱਤੀ ਵਧਾਈ

**ਚੰਡੀਗੜ੍ਹ-** ਪੰਜਾਬ ਦੇ ਉਚ ਸਿੱਖਿਆ ਮੰਤਰੀ ਮੀਤ ਹੇਅਰ ਸੋਮਵਾਰ ਨੂੰ ਪੰਜਾਬ ਯੂਨੀਵਰਸਿਟੀ (ਪੀ. ਯੂ.) ਪਹੁੰਚੇ। ਇੱਥੇ ਪੰਜਾਬ ਯੂਨੀਵਰਸਿਟੀ ਟੀਚਰਜ਼ ਐਸੋਸੀਏਸ਼ਨ (ਪੂਟਾ) ਨੇ ਉਹਨਾਂ ਦਾ ਸਵਾਗਤ ਕੀਤਾ।

ਅਧਿਆਪਕਾਂ ਨੇ ਉਹਨਾਂ ਦੇ ਸਾਹਮਣੇ ਸਮੱਸਿਆਵਾਂ ਰੱਖੀਆਂ ਤਾਂ ਉਹਨਾਂ ਨੇ ਕਿਹਾ ਕਿ ਮੈਂ ਵਿਧਾਨ ਸਭਾ ਵਿਚ 12 ਮਿੰਟ ਸਿਰਫ ਪੀ. ਯੂ. ਦਾ ਹੀ ਮੁੱਦਾ ਚੁੱਕਿਆ। ਉਹਨਾਂ ਨੇ ਚੁਟਕੀ ਲੈਂਦਿਆਂ ਕਿਹਾ ਕਿ ਸਰਕਾਰ ਦਾ ਸਿਸਟਮ ਥੋੜ੍ਹਾ ਅਲੱਗ ਹੈ, ਕੋਈ ਸਕੂਟਰ ਤਾਂ ਹੈ ਨਹੀਂ ਕਿ ਮੂੰਹ ਇੱਧਰ ਤੋਂ ਉਧਰ ਮੋੜ ਦਿੱਤਾ ਜਾਵੇ।



ਤਸਵੀਰ- ਅਮਰ ਉਜਾਲਾ



ਤਸਵੀਰ- ਟਾਈਮਜ਼ ਆਫ ਇੰਡੀਆ

ਪੂਟਾ ਨੇ ਸੱਤਵੇਂ ਤਨਖਾਹ ਕਮਿਸ਼ਨ ਦੀ ਮੰਗ ਪੂਰੀ ਹੋਣ 'ਤੇ ਮੀਤ ਹੇਅਰ ਨੂੰ ਪੀ. ਯੂ. ਵਿਚ ਸੱਦਾ ਦਿੱਤਾ ਸੀ। ਸਕੱਤਰ ਅਮਰਜੀਤ ਸਿੰਘ ਨੇ ਪ੍ਰੋਗਰਾਮ ਦਾ ਸੰਚਾਲਨ ਕਰਦੇ ਹੋਏ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਤੁਲਨਾ ਵਿਚ ਇਸ ਵਾਰ ਦੀ ਸਰਕਾਰ ਦਾ ਰਵੱਈਆ ਸਕਾਰਾਤਮਕ ਹੈ। ਛੇ ਮਹੀਨੇ ਵਿਚ ਸਰਕਾਰ ਨੇ ਜੋ ਕਰਕੇ ਦਿਖਾਇਆ ਹੈ, ਉਹ ਪਿਛਲੇ ਪੰਜ ਸਾਲ ਵਿਚ ਨਹੀਂ ਹੋਇਆ ਸੀ, ਜਦਕਿ ਅਸੀਂ ਕਿੰਨੇ ਮੰਤਰੀਆਂ ਅਤੇ ਅਫਸਰਾਂ ਕੋਲ ਚੱਕਰ ਲਗਾ ਚੁੱਕੇ ਸੀ।



ਤਸਵੀਰ- ਭਾਸਕਰ, ਚੰਡੀਗੜ੍ਹ

ਸੰਗਠਨ ਦੇ ਪ੍ਰਧਾਨ ਮ੍ਰਿਤਯੂੰਜੈ ਕੁਮਾਰ ਨੇ ਕਿਹਾ ਕਿ ਅਸੀਂ ਜਦੋਂ ਉਚ ਸਿੱਖਿਆ ਮੰਤਰੀ ਨੂੰ ਮਿਲਣ ਗਏ ਤਾਂ ਉਹਨਾਂ ਨੇ ਮੰਗਾਂ 'ਤੇ ਕਿਹਾ ਕਿ ਇਸ ਵਿਚ ਕੋਈ ਇਤਰਾਜ਼ ਹੀ ਨਹੀਂ ਹੈ। ਵਿਧਾਨ ਸਭਾ ਵਿਚ ਜਦੋਂ ਅਚਾਨਕ ਸਮੱਸਿਆਵਾਂ 'ਤੇ ਚਰਚਾ ਹੋਈ ਤਾਂ ਇਹ ਹੈਰਾਨੀਜਨਕ ਸੀ। ਇਸ ਤੋਂ ਸਪਸ਼ਟ ਹੈ ਕਿ ਕਰਨ ਦੀ ਇੱਛਾ ਹੋਵੇ ਤਾਂ ਕੋਈ ਸਮੱਸਿਆ ਵੱਡੀ ਨਹੀਂ ਹੈ। ਮੀਤ ਹੇਅਰ ਨੇ ਕਿਹਾ ਕਿ ਅਗਲੇ ਛੇ ਮਹੀਨੇ ਵਿਚ ਅਸੀਂ ਸਿੱਖਿਆ ਵਿਵਸਥਾ ਨੂੰ ਨਵੇਂ ਪੱਧਰ ਤੇ ਲਿਜਾਵਾਂਗੇ, ਇਹ ਤੁਹਾਨੂੰ ਦੱਸ ਸਕਦੇ ਹਾਂ।

**ਨਵੀਂ ਸੋਚ, ਨਵੀਂ ਖੋਜ ਦੇ ਨਾਲ ਅੱਗੇ ਵਧਾਂਗੇ**

ਪੰਜਾਬ ਦੇ ਕਈ ਡਮੀ ਕਾਲਜਾਂ ਨੂੰ ਬੰਦ ਕਰਨ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਇਸ ਵਿਚ ਕਈ ਕਾਲਜ ਪੀ. ਯੂ. ਨਾਲ ਸਬੰਧਤ ਹਨ। ਪੀ. ਯੂ. ਦੇ ਵੀ. ਸੀ. ਨੂੰ ਲਿਖ ਕੇ ਇਹਨਾਂ ਨੂੰ ਬੰਦ ਕਰਨ ਦੀ ਮੰਗ ਕਰਾਂਗੇ। ਅਸੀਂ ਨਵੀਂ ਸੋਚ, ਨਵੀਂ ਖੋਜ ਦੇ ਨਾਲ ਅੱਗੇ ਵਧਣਾ ਚਾਹੁੰਦੇ ਹਾਂ। ਸੈਨੇਟ ਮੈਂਬਰ ਡਾ. ਸੰਦੀਪ ਕਟਾਰੀਆ ਅਤੇ ਡਾ. ਗੁਰਮੀਤ ਸਿੰਘ ਨੇ ਪੰਜਾਬ ਵਿਚ ਬੀ. ਐਡ ਦੀਆਂ 46 ਫੀਸਦੀ ਸੀਟਾਂ ਖਾਲੀ ਹੋਣ ਦਾ ਮੁੱਦਾ ਉਠਾਇਆ। ਮੀਤ ਹੇਅਰ ਨੇ ਇਸ 'ਤੇ ਕੰਮ ਕਰਨ ਦਾ ਭਰੋਸਾ ਦਿੱਤਾ।

**ਪੈਨਸ਼ਨ ਦੇ ਦੋ ਮੁੱਦੇ, ਇਕ ਦੇ ਖਿਲਾਫ ਦੂਜੇ ਦੇ ਸਮਰਥਕ**

ਇਕ ਅਧਿਆਪਕ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲੀ ਅਤੇ ਸਾਲ 2016 ਵਿਚ ਯੂ. ਜੀ. ਸੀ. ਦੇ ਪੇਅ ਸਕੇਲ ਦੇਣ ਨੂੰ ਲੈ ਕੇ ਤੁਹਾਡੇ ਤੋਂ ਉਮੀਦਾਂ ਹਨ। ਮੀਤ ਹੇਅਰ ਨੇ ਚੁਟਕੀ ਲੈਂਦਿਆਂ ਕਿਹਾ ਕਿ ਪੈਨਸ਼ਨ ਦੇ ਦੋ ਕਿਸਮ ਦੇ ਮੁੱਦੇ ਹਨ। ਇਕ ਦੇ ਅਸੀਂ ਖਿਲਾਫ ਹਾਂ ਅਤੇ ਦੂਜੇ ਦੇ ਸਮਰਥਕ।

ਕਈ ਮੰਤਰੀ ਅਤੇ ਵਿਾਇਕ ਪਤਾ ਨਹੀਂ ਕਿੰਨੀ ਪੈਨਸ਼ਨ ਲੈ ਰਹੇ ਹਨ, ਤਨਖਾਹ ਨੂੰ ਤਾਂ ਉਹਨਾਂ ਨੇ ਹੱਥ ਨਹੀਂ ਲਗਾਇਆ ਜਾਵੇਗਾ। ਇਸਨੂੰ ਅਸੀਂ ਰੋਕਿਆ ਹੈ, ਉਥੇ ਹੀ ਦੂਜੀ ਮੰਗ ਨੂੰ ਲੈ ਕੇ ਕੰਮ ਚੱਲ ਰਿਹਾ ਹੈ।

ਅਧਿਆਪਕਾਂ ਦੀ ਰੈਗੂਲਰ ਭਰਤੀ 'ਤੇ ਕਿਹਾ ਕਿ ਪੁਰਾਣੀ ਸਰਕਾਰ ਦੇ ਵਕਤ ਭਰਤੀ 1178 ਅਧਿਆਪਕਾਂ ਨੂੰ ਰੈਗੂਲਰ ਕਰਨ 'ਤੇ ਕੋਰਟ ਤੋਂ ਰੋਕ ਲੱਗੀ ਹੈ। ਅਸੀਂ ਕੁਝ ਕਰ ਨਹੀਂ ਸਕਦੇ। ਇਸੇ ਵਿਚਕਾਰ ਮੀਤ ਹੇਅਰ ਨੇ ਪੁਰਾਣੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਮੈਂ ਆਪਣੇ ਕਾਲਜ ਤੋਂ ਜ਼ਿਆਦਾ ਪੀ. ਯੂ. ਵਿਚ ਰਿਹਾ ਹਾਂ। ਸਟੂਡੈਂਟ ਸੈਂਟਰ 'ਤੇ ਬੰਦ ਹੋ ਚੁੱਕੇ ਇੰਡੀਅਨ ਕੈਫੇ ਹਾਊਸ ਵਿਚ ਹਰ ਮੰਗਲਵਾਰ ਨੂੰ ਡੋਸਾ ਖਾਇਆ ਕਰਦੇ ਸੀ।

# ਨੋਬਲ ਪੁਰਸਕਾਰੀ ਪ੍ਰੋ. ਮਿਸ਼ੇਲ ਮੇਅਰ ਨੇ ਚੰਡੀਗੜ੍ਹ ਯੂਨੀਵਰਸਿਟੀ ਦੀ ਸਾਲਾਨਾ ਕਨਵੋਕੇਸ਼ਨ-2022 ਦੌਰਾਨ 890 ਵਿਦਿਆਰਥੀਆਂ ਨੂੰ ਡਿਗਰੀਆਂ ਵੰਡੀਆਂ

## ਅਸੀਂ ਆਪਣੇ ਬ੍ਰਹਿਮੰਡ ਦੇ ਸਿਰਫ਼ 5 ਫ਼ੀਸਦੀ ਹਿੱਸੇ ਨੂੰ ਜਾਣਨ ਦੇ ਯੋਗ ਹੋਏ ਹਾਂ ਬਾਕੀ ਦਾ 95 ਫ਼ੀਸਦੀ ਸਾਡੇ ਲਈ ਇੱਕ ਡੂੰਘਾ ਰਹੱਸ ਹੈ: ਪ੍ਰੋ. ਮਿਸ਼ੇਲ









ਇਸ ਬ੍ਰਹਿਮੰਡ ਵਿੱਚ ਮਨੁੱਖ ਜਾਤੀ ਦਾ ਵਿਕਾਸ ਸਿਰਫ਼ ਇਸ ਲਈ ਸੰਭਵ ਹੋਇਆ ਹੈ ਕਿਉਂਕਿ ਸਾਡੇ ਕੋਲ ਸਵਾਲ ਪੁੱਛਣ ਦੀ ਸਮਰੱਥਾ ਹੈ, ਇੱਕ ਵਿਦਿਆਰਥੀ ਹੋਣ ਦੇ ਨਾਤੇ ਤੁਹਾਨੂੰ ਕਦੇ ਵੀ ਖੋਜਕਰਤਾ ਹੋਣ ਜਾਂ ਉਤਸੁਕ ਹੋਣ ਦੇ ਵਿਲੱਖਣ ਸਿੱਖਣ ਦੇ ਸਾਧਨ ਨੂੰ ਨਹੀਂ ਛੱਡਣਾ ਚਾਹੀਦਾ। ਬ੍ਰਹਿਮੰਡ ਦੀ ਤਰ੍ਹਾਂ, ਸਾਡੀ ਜ਼ਿੰਦਗੀ ਵੀ ਅਣਸੁਲਝੇ ਭੇਤਾਂ ਨਾਲ ਭਰੀ ਹੋਈ ਹੈ ਅਤੇ ਇਸ ਲਈ ਸਿੱਖਣ ਦਾ ਸਹੀ ਤਰੀਕਾ ਇਹ ਹੈ ਕਿ ਅਜਿਹੀਆਂ ਸਮੱਸਿਆਵਾਂ ਜਾਂ ਰਹੱਸਾਂ ਦਾ ਹੱਲ ਲੱਭੋ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨੋਬਲ ਪੁਰਸਕਾਰੀ ਅਤੇ ਪ੍ਰਸਿੱਧ ਭੌਤਿਕ ਵਿਗਿਆਨੀ ਪ੍ਰੋ. ਮਿਸ਼ੇਲ ਮੇਅਰ ਨੇ ਕੀਤਾ। ਇਸ ਮੌਕੇ ਉਹ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਆਯੋਜਿਤ ਸਾਲਾਨਾ ਡਿਗਰੀ ਵੰਡ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ। ਡਿਗਰੀ ਵੰਡ ਸਮਾਗਮ ਦੌਰਾਨ 13 ਕੰਪਿਊਟਿੰਗ ਅਤੇ ਸਾਇੰਸਜ਼ ਪ੍ਰੋਗਰਾਮਾਂ 'ਚ 2022 ਬੈਚ ਦੇ ਕੁੱਲ 890 ਵਿਦਿਆਰਥੀਆਂ ਨੂੰ ਡਿਗਰੀਆਂ ਦੀ ਵੰਡ ਕੀਤੀ ਗਈ, ਜਿਸ 'ਚ ਸਾਇੰਸਜ਼ ਦੇ 663 ਅਤੇ ਬੀ.ਸੀ.ਏ ਦੇ 227 ਵਿਦਿਆਰਥੀ ਸ਼ਾਮਲ ਸਨ। ਇਸ ਦੇ ਨਾਲ ਹੀ ਵੱਖ-ਵੱਖ ਕੋਰਸਾਂ ਵਿੱਚ ਮੋਹਰੀ ਰਹਿਣ ਵਾਲੇ 13 ਹੋਣਹਾਰ ਵਿਦਿਆਰਥੀਆਂ ਨੂੰ ਗੋਲਡ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੰਡੀਗੜ੍ਹ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ. ਆਰ. ਐਸ. ਬਾਵਾ, ਵਾਈਸ ਚਾਂਸਲਰ ਡਾ. ਆਨੰਦ ਅਗਰਵਾਲ ਸਮੇਤ ਹੋਰ ਸੀਨੀਅਰ ਅਧਿਕਾਰੀ ਵੀ ਉਚੇਚੇ ਤੌਰ 'ਤੇ ਹਾਜ਼ਰ ਸਨ।

ਵਿਦਿਆਰਥੀਆਂ ਅਤੇ ਮਾਪਿਆਂ ਨੂੰ ਸੰਬੋਧਨ ਕਰਦੇ ਹੋਏ ਨੋਬਲ ਪੁਰਸਕਾਰੀ ਪ੍ਰੋ. ਮਿਸ਼ੇਲ ਮੇਅਰ ਨੇ ਕਿਹਾ ਦੁਨੀਆ ਤੇਜ਼ੀ ਨਾਲ ਬਦਲ ਰਹੀ ਹੈ ਅਤੇ ਇਸ ਲਈ ਤੁਹਾਨੂੰ ਦੁਨੀਆ ਦੇ ਬਦਲਦੇ ਮਾਹੌਲ ਅਤੇ ਘਟਨਾਵਾਂ ਨਾਲ ਤਾਲਮੇਲ ਰੱਖਣਾ ਹੋਵੇਗਾ। ਸਾਨੂੰ ਇਹ ਸਮਝਣਾ ਹੋਵੇਗਾ ਕਿ ਜਿੱਥੇ ਅਸੀਂ ਅੱਜ ਹਾਂ, ਤਕਨਾਲੋਜੀ ਨੇ ਮੌਜੂਦਾ ਸਥਿਤੀ 'ਤੇ ਪਹੁੰਚਣ ਵਿਚ ਸਾਡੀ ਮਦਦ ਕੀਤੀ ਹੈ। ਉਨ੍ਹਾਂ ਕਿਹਾ ਕਿ ਅੱਜ ਅਸੀਂ ਭਾਵੇਂ ਕਿੰਨੇ ਵੀ ਉੱਨਤ ਹੋ ਗਏ ਹਾਂ ਪਰ ਮਨੁੱਖਜਾਤੀ ਦੇ ਮੁੱਢਲੇ ਯੁੱਗ ਵਿੱਚ ਵਿਗਿਆਨੀਆਂ ਦੁਆਰਾ ਵਿਕਸਿਤ ਕੀਤੀਆਂ ਗਈਆਂ ਪ੍ਰਾਚੀਨ ਤਕਨੀਕਾਂ ਦੀ ਬਦੌਲਤ ਹੀ ਅਸੀਂ ਵਿਗਿਆਨ ਦੇ ਹਰ ਖੇਤਰ ਵਿੱਚ ਤਰੱਕੀ ਕਰ ਸਕੇ ਹਾਂ।

ਪ੍ਰੋ. ਮੇਅਰ ਨੇ ਕਿਹਾ ਕਿ ਖਗੋਲ-ਭੌਤਿਕ ਵਿਗਿਆਨ ਦੇ ਖੇਤਰ ਵਿੱਚ, ਇਹ ਤਕਨਾਲੋਜੀ ਦੇ ਕਾਰਨ ਹੈ ਕਿ ਅਸੀਂ ਆਪਣੇ ਬ੍ਰਹਿਮੰਡ ਵਿੱਚ ਕੁਝ ਅਜੂਬਿਆਂ ਨੂੰ ਜਾਣਦੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਬ੍ਰਹਿਮੰਡ ਬਾਰੇ 5 ਪ੍ਰਤੀਸ਼ਤ ਜਾਣਨ ਦੇ ਯੋਗ ਹੋ ਗਏ ਹਾਂ ਜਦੋਂ ਕਿ 95 ਪ੍ਰਤੀਸ਼ਤ ਅਜੇ ਵੀ ਇੱਕ ਰਹੱਸ ਹੈ ਜਿਸ ਦਾ ਮਤਲਬ ਇਹ ਵੀ ਹੈ ਕਿ ਤੁਹਾਡੇ ਵਰਗੇ ਨੌਜਵਾਨ ਅਤੇ ਉਭਰਦੇ ਵਿਦਿਆਰਥੀਆਂ ਲਈ ਅਸਮਾਨ ਵਿੱਚ ਖੋਜ ਕਰਨ ਦੀ ਬਹੁਤ ਸੰਭਾਵਨਾ ਹੈ।

ਇੱਥੇ ਵਰਣਨਯੋਗ ਹੈ ਕਿ ਪ੍ਰੋਫੈਸਰ ਮਿਸ਼ੇਲ ਮੇਅਰ ਨੇ 1995 ਵਿੱਚ ਡਿਡੀਅਰ ਕੋਇਲੋਜ਼ ਨਾਲ ਮਿਲ ਕੇ 51 ਪੇਗਾਸੀ ਬੀ (ਸੂਰਜ ਵਰਗਾ ਤਾਰਾ), 51 ਪੇਗਾਸੀ ਚੱਕਰ ਲਗਾਉਣ ਵਾਲਾ ਪਹਿਲਾ ਅਸਾਧਾਰਣ ਗ੍ਰਹਿ ਲੱਭਿਆ। ਇਸ ਪ੍ਰਾਪਤੀ ਲਈ 2019 'ਚ ਉਨ੍ਹਾਂ ਨੂੰ ਇੱਕ ਸੂਰਜੀ ਕਿਸਮ ਦੇ ਤਾਰੇ ਦਾ ਚੱਕਰ ਲਗਾਉਣ ਵਾਲੇ ਐਕਸੋ ਪਲੇਨਟ ਦੀ ਖੋਜ ਲਈ ਭੌਤਿਕ ਵਿਗਿਆਨ 'ਚ ਨੋਬਲ ਪੁਰਸਕਾਰ ਦਿੱਤਾ ਗਿਆ। ਪ੍ਰੋ. ਮਿਸ਼ੇਲ ਫ੍ਰੈਂਚ ਅਕੈਡਮੀ ਆਫ਼ ਸਾਇੰਸਿਜ਼, ਯੂਨਾਈਟਿਡ ਸਟੇਟ ਨੈਸ਼ਨਲ ਅਕੈਡਮੀ ਆਫ਼ ਸਾਇੰਸਜ਼ ਅਤੇ ਅਮੈਰੀਕਨ ਅਕੈਡਮੀ ਆਫ਼ ਆਰਟਸ ਐਂਡ ਸਾਇੰਸਜ਼ ਦਾ ਵਿਦੇਸ਼ੀ ਸਹਿਯੋਗੀ ਮੈਂਬਰ ਹਨ ਅਤੇ ਇੰਗਲੈਂਡ ਦੀ ਰਾਇਲ ਐਸਟ੍ਰੋਨੋਮੀਕਲ ਸੋਸਾਇਟੀ ਅਤੇ ਯੂਰਪੀਅਨ ਜੀਓਸਾਇੰਸ ਯੂਨੀਅਨ ਦੇ ਆਨਰੇਰੀ ਫੈਲੋ ਹਨ।

ਇਸ ਤੋਂ ਪਹਿਲਾਂ ਪ੍ਰੋ. ਮੇਅਰ ਵੱਲੋਂ 2022 ਬੈਚ ਦੇ 890 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ, ਜਿਨ੍ਹਾਂ ਵਿੱਚ ਸਾਇੰਸਜ਼ ਦੇ ਵੱਖ-ਵੱਖ ਪ੍ਰੋਗਰਾਮਾਂ ਦੇ 663 ਵਿਦਿਆਰਥੀ ਅਤੇ ਬੈਚਲਰ ਆਫ਼ ਕੰਪਿਊਟਰ ਐਪਲੀਕੇਸ਼ਨ (ਬੀ.ਸੀ.ਏ) ਦੇ 227 ਵਿਦਿਆਰਥੀ ਸ਼ਾਮਲ ਸਨ। ਇਸ ਮੌਕੇ ਵੱਖ-ਵੱਖ ਕੋਰਸਾਂ ਵਿੱਚ ਮੋਹਰੀ ਰਹਿਣ ਵਾਲੇ 13 ਹੋਣਹਾਰ ਵਿਦਿਆਰਥੀਆਂ ਨੂੰ ਗੋਲਡ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਵਿੱਚ ਰਿਤਿਕ ਪ੍ਰਕਾਸ਼, ਦੇਬਾਸ਼ੀਸ਼ ਹੇਮਬਰਮ, ਸੁਜੀਤ ਕੁਮਾਰ, ਸਮੀਰ ਸੂਤਰਧਾਰ, ਅਨੀਸ਼ਾ ਘਾਲੀ, ਗੁਰਪ੍ਰੀਤ ਕੌਰ, ਪ੍ਰਿਅੰਕਾ ਕੁਮਾਰੀ, ਸਮਰਜੀਤ ਸਿੰਘ, ਮੋਨਿਸ਼ਕਾ ਚਾਵਲਾ, ਅੰਜਲੀ, ਨੇਹਮਤ ਸਲਾਰੀਆ, ਰਿਤਿਕਾ ਰੋਜੀ ਅਤੇ ਰਿਤਿਕ ਤਿਆਗੀ ਦੇ ਨਾਮ ਸ਼ਾਮਲ ਹਨ।

ਕਨਵੋਕੇਸ਼ਨ ਸਮਾਗਮ ਵਿੱਚ ਬੈਚਲਰ ਆਫ਼ ਕੰਪਿਊਟਰ ਐਪਲੀਕੇਸ਼ਨਜ਼ (ਬੀ.ਸੀ.ਏ.) ਦੇ 227 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਸਾਇੰਸ ਦੇ 12 ਬੈਚਲਰ ਕੋਰਸਾਂ ਦੇ ਵਿਦਿਆਰਥੀਆਂ ਸਮੇਤ ਬੀ.ਐਸ.ਸੀ.-ਕੰਪਿਊਟਰ ਸਾਇੰਸ ਦੇ 20, ਬੀ.ਐਸ.ਸੀ.-ਮੈਡੀਕਲ ਲੈਬ ਟੈਕਨਾਲੋਜੀ ਦੇ 46, ਬੀ.ਐੱਸ.ਸੀ.- ਬਾਇਓਟੈਕਨਾਲੋਜੀ ਤੋਂ 94, ਬੀ.ਐੱਸ.ਸੀ.- ਐਗਰੀਕਲਚਰ (ਆਨਰਸ) ਤੋਂ 178, ਬੀ.ਐੱਸ.ਸੀ.- ਨਾਨ-ਮੈਡੀਕਲ ਤੋਂ 43, ਬੀ.ਐੱਸ.ਸੀ.- ਮੈਡੀਕਲ ਤੋਂ 23, ਏਕੀਕ੍ਰਿਤ ਬੀ.ਐੱਸ.ਸੀ.-ਬੀ.ਐੱਡ. ਤੋਂ 41, ਬੀ.ਐਸ.ਸੀ ਨਿਊਟ੍ਰੀਏਸ਼ਨ ਐਂਡ ਡਾਇਟਿਕਸ ਤੋਂ 48, ਬੀ.ਐਸ.ਸੀ ਕੈਮਿਸਟਰੀ (ਆਨਰਸ) ਤੋਂ 34, ਬੀ.ਐਸ.ਸੀ ਫਿਜਕਿਸ (ਆਨਰਸ) ਤੋਂ 47, ਬੈਚਲਰ ਆਫ਼ ਆਪਟੋਮੈਟਰੀ ਤੋਂ 38 ਅਤੇ ਬੈਚਲਰ ਆਫ਼ ਫਾਰਮੇਸੀ ਤੋਂ 51 ਵਿਦਿਆਰਥੀ ਸ਼ਾਮਲ ਸਨ।


ਇਸ ਮੌਕੇ ਬੋਲਦਿਆਂ ਚੰਡੀਗੜ੍ਹ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ. ਆਰ. ਐਸ. ਬਾਵਾ ਨੇ ਡਿਗਰੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਉਨ੍ਹਾਂ ਕਿਹਾ ਕਿ ਜਦੋਂ ਤੁਸੀਂ ਆਪਣਾ ਪੇਸ਼ੇਵਰ ਸਫ਼ਰ ਸ਼ੁਰੂ ਕਰਦੇ ਹੋ, ਤੁਹਾਡੇ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਗਿਆਨ ਦੀ ਵਰਤੋਂ ਆਪਣੇ ਜਨੂੰਨ ਨੂੰ ਵਧਾਉਣ ਦੇ ਨਾਲ-ਨਾਲ ਰਾਸ਼ਟਰ ਵਿਕਾਸ ਲਈ ਇਸ ਦੀ ਵਰਤੋਂ ਕਰੋਗੇ।

ਉਨ੍ਹਾਂ ਉਮੀਦ ਪ੍ਰਗਟਾਈ ਕਿ ਯੂਨੀਵਰਸਿਟੀ ਦੇ ਗ੍ਰੈਜੂਏਟ ਵਿਦਿਆਰਥੀ ਆਪਣੀ ਲਗਨ, ਪ੍ਰਤਿਭਾ ਅਤੇ ਸਖਤ ਮਿਹਨਤ ਨਾਲ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣਗੇ।

# ਅਵਤਾਰ ਜੌਹਲ ਸਦੀਵੀ ਵਿਛੋੜਾ ਦੇ ਗਏ

## ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦੁੱਖ ਦਾ ਪ੍ਰਗਟਾਵਾ



ਆਈ ਡਬਲਿਊ ਏ ਗ੍ਰੇਟ ਬ੍ਰਿਟੇਨ ਅਤੇ ਸ਼ਹੀਦ ਊਧਮ ਸਿੰਘ ਵੈਲਫ਼ੇਅਰ ਟ੍ਰਸਟ ਦੇ ਆਗੂ, ਲੰਮਾ ਸਮਾਂ ਸਾਮ-ਰਾਜ, ਫਾਸ਼ੀਵਾਦ ਵਿਰੋਧੀ ਲਹਿਰਾਂ ਦੀ ਅਗਵਾਈ ਕਰਦੇ ਰਹੇ ਅਵਤਾਰ ਸਿੰਘ ਜੌਹਲ ਸਦੀਵੀ ਵਿਛੋੜਾ ਦੇ ਗਏ। ਉਹਨਾਂ ਦੀ ਅਗਵਾਈ 'ਚ ਜੱਥੇਬੰਦੀਆਂ ਨੇ ਦੇਸ਼ ਭਗਤ ਯਾਦਗਾਰ ਹਾਲ ਦੀ ਉਸਾਰੀ, ਮੇਲਾ, ਹੋਰ ਸਰ-ਗਰਮੀਆਂ ਅਤੇ ਲੋੜਾਂ ਦੀ ਪੂਰਤੀ ਲਈ ਸਦਾ ਹੀ ਭਰਵਾਂ ਹੁੰਗਾਰਾ ਭਰਿਆ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਕਾਰਜਕਾਰੀ ਜਨਰਲ ਸਕੱਤਰ ਡਾ ਪਰਮਿੰਦਰ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ , ਸੁਰਿੰਦਰ ਕੁਮਾਰੀ ਕੋਛੜ, ਸੀਤਲ ਸਿੰਘ ਸੰਘਾ, ਰਣਜੀਤ ਸਿੰਘ ਔਲਖ, ਚਰੰਜੀ ਲਾਲ ਕੰਗਣੀਵਾਲ, ਮੰਗਤ ਰਾਮ ਪਾਸਲਾ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਕੁਲਵੀਰ ਸਿੰਘ ਸੰਘੇੜਾ ਨੇ ਸਮੁੱਚੀ ਕਮੇਟੀ ਦੀ ਤਰਫੋਂ ਵਿਛੜੀ ਸ਼ਖ਼ਸੀਅਤ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਹੈ।

ਕਮੇਟੀ ਨੇ ਸਾਥੀ ਅਵਤਾਰ ਸਿੰਘ ਜੌਹਲ ਦੇ ਪਰਿਵਾਰ ਅਤੇ ਉਹਨਾਂ ਦੀਆਂ ਸੰਸਥਾਵਾਂ ਨਾ਼ਲ ਗਹਿਰੀ ਹਮਦਰਦੀ ਪ੍ਰਗਟ ਕਰਦਿਆਂ ਉਹਨਾਂ ਦੇ ਅਧੂਰੇ ਕਾਜ਼ ਪੂਰੇ ਕਰਨ ਦਾ ਅਹਿਦ ਲਿਆ ਹੈ।

# ਧਰਮ ਪਰਿਵਰਤਨ ਮਾਮਲੇ 'ਚ 'ਆਪ' ਮੰਤਰੀ ਰਾਜੇਂਦਰ ਪਾਲ ਗੌਤਮ ਦਾ ਅਸਤੀਫਾ

**ਨਵੀਂ ਦਿੱਲੀ-** ਨਵੀਂ ਦਿੱਲੀ-'ਆਪ' ਪਾਰਟੀ ਦੇ ਮੰਤਰੀ ਰਾਜੇਂਦਰ ਪਾਲ ਗੌਤਮ ਵਿਰੁਧ ਹਿੰਦੂ ਦੇਵੀ-ਦੇਵਤਿਆਂ ਦੀ ਪੂਜਾ ਦੇ ਖਿਲਾਫ ਮਾਮਲਾ ਗਰਮਾ ਗਿਆ ਹੈ। ਇਸ ਤਹਿਤ ਮੰਤਰੀ ਰਾਜੇਂਦਰ ਪਾਲ ਗੌਤਮ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਹਾਲ ਵਿਚ ਹੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਏ ਇਸ ਪ੍ਰੋਗਰਾਮ 'ਚ ਵੀਡੀਓ 'ਚ ਸ਼ਾਮਲ ਹਜ਼ਾਰਾਂ ਲੋਕਾਂ ਨੂੰ ਬੁੱਧ ਧਰਮ ਅਪਣਾਉਣ ਦਾ ਪ੍ਰਣ ਲੈਂਦੇ ਹੋਏ ਅਤੇ ਹਿੰਦੂ ਦੇਵੀ-ਦੇਵਤਿਆਂ ਦੀ ਨਿੰਦਾ ਕਰਦੇ ਸੁਣਿਆ ਜਾ ਸਕਦਾ ਹੈ। ਇਸ ਸੰਬੰਧੀ ਹੁਣੇ ਜਿਹੇ ਇਕ ਵੀਡੀਓ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਭਗਵਾਨ ਦੇ ਖਿਲਾਫ਼ ਮੰਦੇ ਬੋਲ ਬੋਲਾਂਗੇ ਤਾਂ ਜਨਤਾ ਇਸ ਨੂੰ ਸਵੀਕਾਰ ਨਹੀ ਕਰੇਗੀ।ਇਸ ਤੋਂ ਬਾਅਦ ਉਨ੍ਹਾਂ ਨੇ ਜੈ ਸ੍ਰੀ ਰਾਮ, ਜੈ ਸ੍ਰੀ ਕ੍ਰਿਸ਼ਨ ਦੇ ਨਾਅਰੇ ਵੀ ਲਗਾਏ।



**ਕੀ ਹੈ ਪੂਰਾ ਮਾਮਲਾ?**

5 ਅਕਤੂਬਰ ਦਿਨ ਬੁੱਧਵਾਰ ਨੂੰ ਦਿੱਲੀ ਦੇ ਅੰਬੇਡਕਰ ਭਵਨ 'ਚ ਬੁੱਧ ਧਰਮ ਅਪਣਾਉਣ ਦੀ ਦੀਖਾ ਲੈਣ ਲਈ ਇਕ ਪ੍ਰੋਗਰਾਮ ਆਯੋਜਿਤ ਹੋਇਆ ਸੀ। ਇਸ ਵਿੱਚ 10 ਹਜ਼ਾਰ ਤੋਂ ਵੱਧ ਲੋਕ ਇਕੱਠੇ ਹੋਏ ਸਨ। ਇਸ ਪ੍ਰੋਗਰਾਮ ਵਿੱਚ 'ਆਪ' ਆਗੂ ਰਾਜਿੰਦਰ ਪਾਲ ਗੌਤਮ ਵੀ ਮੌਜੂਦ ਸਨ। ਰਾਜੇਂਦਰ ਪਾਲ ਗੌਤਮ 'ਤੇ ਕਥਿਤ ਤੌਰ 'ਤੇ ਆਰੋਪ ਲੱਗਾ ਹੈ ਕਿ ਉਨ੍ਹਾਂ ਨੇ ਹਿੰਦੂ ਦੇਵੀ-ਦੇਵਤਿਆਂ ਦੀ ਪੂਜਾ ਨਾ ਕਰਨ ਦੀ ਸਹੁੰ ਲਈ ਸੀ। ਪ੍ਰੋਗਰਾਮ ਵਿੱਚ ਕਥਿਤ ਤੌਰ 'ਤੇ ਹਿੰਦੂ ਦੇਵੀ-ਦੇਵਤਿਆਂ ਦੀ ਨਿੰਦਾ ਕੀਤੀ ਗਈ। ਇਸ ਘਟਨਾ ਦੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਸੀ।

**ਭਾਜਪਾ ਨੇ ਚੁੱਕਿਆ ਮੁੱਦਾ**

ਇਸ ਵੀਡੀਓ ਦੇ ਵਾਇਰਲ ਹੋਣ ਦੇ ਨਾਲ ਹੀ ਭਾਰਤੀ ਜਨਤਾ ਪਾਰਟੀ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਚੁਟਕੀ ਲੈਂਦਿਆਂ ਉਨ੍ਹਾਂ ਤੋਂ ਗੌਤਮ ਨੂੰ ਮੰਤਰੀ ਮੰਡਲ ਤੋਂ ਬਰਖਾਸਤ ਕਰਨ ਦੀ ਮੰਗ ਕੀਤੀ ਹੈ। ਭਾਜਪਾ ਦੇ ਰਾਸ਼ਟਰੀ ਬੁਲਾਰੇ ਗੌਰਵ ਭਾਟੀਆ ਨੇ ਪ੍ਰੈੱਸ ਕਾਨਫਰੰਸ 'ਚ 'ਆਪ' 'ਤੇ ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਗੌਤਮ ਦੀਆਂ ਟਿੱਪਣੀਆਂ ਉਸ ਨਫ਼ਰਤ ਨੂੰ ਦਰਸਾਉਂਦੀਆਂ ਹਨ ਜੋ ਪਾਰਟੀ ਨੂੰ ਭਾਈਚਾਰੇ (ਹਿੰਦੂਆਂ) ਪ੍ਰਤੀ ਹੈ। ਹਾਲਾਂਕਿ ਗੌਤਮ ਨੇ ਇਸ ਸਬੰਧੀ ਬਿਆਨ ਜਾਰੀ ਕਰਕੇ ਕਿਹਾ ਸੀ ਕਿ ਉਹ 'ਬਹੁਤ ਹੀ ਧਾਰਮਿਕ ਵਿਅਕਤੀ ਹਨ ਅਤੇ ਆਪਣੇ ਕੰਮਾਂ ਅਤੇ ਸ਼ਬਦਾਂ ਨਾਲ ਸੁਪਨਿਆਂ ਵਿੱਚ ਵੀ ਕਿਸੇ ਦੇਵੀ ਦੇਵਤੇ ਦੀ ਆਲੋਚਨਾ/ਨਿੰਦਾ ਨਹੀਂ ਕਰ ਸਕਦੇ।' ਗੌਤਮ ਨੇ ਬਿਆਨ ਵਿੱਚ ਭਾਜਪਾ 'ਤੇ ਉਨ੍ਹਾਂ ਖ਼ਿਲਾਫ਼ ਅਫ਼ਵਾਹਾਂ ਫੈਲਾਉਣ ਦਾ ਦੋਸ਼ ਲਾਇਆ ਅਤੇ ਦੋਸ਼ ਲਾਇਆ। ਗੌਤਮ ਨੇ ਕਿਹਾ ਕਿ ਭਾਜਪਾ ਦੇ ਇਸ ਪ੍ਰਚਾਰ ਨਾਲ ਜਿਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ, ਉਨ੍ਹਾਂ ਤੋਂ ਮੈਂ ਹੱਥ ਜੋੜ ਕੇ ਮੁਆਫੀ ਮੰਗਦਾ ਹਾਂ।



**ਰਾਜੇਂਦਰ ਗੌਤਮ ਤੋਂ ਦਿੱਲੀ ਪੁਲਿਸ ਕਰ ਸਕਦੀ ਪੁੱਛਗਿੱਛ**

ਆਮ ਆਦਮੀ ਪਾਰਟੀ ਦੇ ਨੇਤਾ ਅਤੇ ਦਿੱਲੀ ਸਰਕਾਰ ਦੇ ਸਾਬਕਾ ਮੰਤਰੀ ਰਾਜੇਂਦਰ ਪਾਲ ਗੌਤਮ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਦਿੱਲੀ ਪੁਲਿਸ ਨੇ 'ਆਪ' ਸਰਕਾਰ ਦੇ ਸਾਬਕਾ ਮੰਤਰੀ ਨੂੰ ਪੁੱਛਗਿੱਛ ਲਈ ਨੋਟਿਸ ਭੇਜਿਆ ਹੈ। ਧਰਮ ਪਰਿਵਰਤਨ ਪ੍ਰੋਗਰਾਮ ਦੇ ਸਬੰਧ 'ਚ ਦਿੱਲੀ ਪੁਲਿਸ ਮੰਗਲਵਾਰ (11 ਅਕਤੂਬਰ) ਨੂੰ ਰਾਜੇਂਦਰ ਪਾਲ ਗੌਤਮ ਤੋਂ ਪੁੱਛਗਿੱਛ ਕਰੇਗੀ। ਮੰਤਰੀ 'ਤੇ ਆਰੋਪ ਹੈ ਕਿ ਉਨ੍ਹਾਂ ਨੇ ਹਿੰਦੂ ਦੇਵੀ-ਦੇਵਤਿਆਂ ਦੀ ਪੂਜਾ ਦੇ ਖਿਲਾਫ ਬਿਆਨ ਦਿੱਤਾ ਸੀ।

# ਖ਼ੁਸ਼ਪ੍ਰੀਤ ਕੌਰ ਕਿੱਕ ਬਾਕਸਿੰਗ ਵਿਚ ਇਟਲੀ ਵਿਖੇ ਜੌਹਰ ਵਿਖਾਏਗੀ


ਖੁਸ਼ਪ੍ਰੀਤ ਕੌਰ ਮੋਗਾ ਜ਼ਿਲ੍ਹੇ ਦੇ ਕਸਬਾ ਨਿਹਾਲ ਸਿੰਘ ਵਾਲਾ ਅਧੀਨ ਪੈਂਦੇ ਪਿੰਡ ਰਣਸੀਂਹ ਖੁਰਦ ਦੀ ਰਹਿਣ ਵਾਲੀ ਪਿਤਾ ਜਗਸੀਰ ਸਿੰਘ ਦੀ ਲਾਡਲੀ ਖ਼ੁਸ਼ਪ੍ਰੀਤ ਕੌਰ ਹੁਣ ਤੱਕ 23 ਸੋਨ ਤਗਮੇ ਸਟੇਟ ਚੈਂਪੀਅਨਸ਼ਿਪ 'ਚੋਂ ਅਤੇ 13 ਸੋਨ ਤਗਮੇ ਨੈਸ਼ਨਲ ਚੈਂਪੀਅਨਸਿਪ 'ਚੋਂ ਜਿੱਤ ਚੁੱਕੀ ਹੈ।



12ਵੀਂ ਦੀ ਵਿਦਿਆਰਥਣ 18 ਸਾਲਾ ਖੁਸ਼ਪ੍ਰੀਤ ਕੌਰ ਨੇ ਕਲਕੱਤਾ ਵਿਖੇ ਹੋਈ ਜੂਨੀਅਰ ਨੈਸ਼ਨਲ ਚੈਂਪੀਅਨਸ਼ਿਪ 'ਚੋਂ ਸੋਨ ਤਗਮਾ ਜਿੱਤ ਕੇ ਇਟਲੀ ਵਿਚ 30 ਸਤੰਬਰ ਤੋਂ 9 ਅਕਤੂਬਰ ਤੱਕ ਹੋਣ ਵਾਲੀ ਵਾਕੋ ਵਰਲਡ ਚਿਲਡਰਨ ਅਤੇ ਜੂਨੀਅਰ ਕਿੱਕ ਬਾਕਸਿੰਗ 2022 ਵਿਚ ਪੂਰੇ ਭਾਰਤ ਦੀ ਪ੍ਰਤੀਨਿਧਤਾ ਕਰਨ ਦਾ ਮਾਣ ਹਾਸਲ ਕੀਤਾ ਹੈ। ਉਸ ਦੀਆਂ ਲਗਾਤਾਰ ਪ੍ਰਾਪਤੀਆਂ ਸਦਕਾ ਉਸ ਨੂੰ ਸਾਲ 2018-2019 'ਚ ਸਪੋਰਟਸ ਅਥਾਰਟੀ ਆਫ਼ ਇੰਡੀਆ ਵਲੋਂ ਵੀ ਖੇਡਣ ਦਾ ਸੁਭਾਗ ਪ੍ਰਾਪਤ ਹੋਇਆ ਪਰ ਉਸ ਦੀਆਂ ਪ੍ਰਾਪਤੀਆਂ ਦੇ ਪਿੱਛੇ ਵੱਡਾ ਹੱਥ ਉਸ ਦੇ ਕੋਚ ਪਿਤਾ ਜਗਸੀਰ ਸਿੰਘ ਦਾ ਹੈ, ਜਿਸ ਨੇ ਪਿੰਡ 'ਚ ਹੀ ਖੁਸ਼ਪ੍ਰੀਤ ਕੌਰ ਨੂੰ ਕਿੱਕ ਬਾਕਸਿੰਗ 'ਵਿਚ ਤਰਾਸ਼ਿਆ। ਖ਼ੁਸ਼ਪ੍ਰੀਤ ਕੌਰ ਨੂੰ ਪਿਛਲੇ ਦਿਨੀਂ ਮੋਗਾ ਦੇ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਵੀ ਸਨਮਾਨਿਤ ਕਰਨ ਦੇ ਨਾਲ ਪੰਜਾਹ ਹਜ਼ਾਰ ਦੀ ਨਕਦ ਰਾਸ਼ੀ ਨਾਲ ਉਸ ਦੀ ਹੌਸਲਾ ਅਫ਼ਜ਼ਾਈ ਕੀਤੀ ਸੀ।

# ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਮੇਲਾ 23 ਅਕਤੂਬਰ ਨੂੰ ਹੋਵੇਗਾ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):-** ਯਮਲਾ ਜੱਟ ਫਾਉਡੇਸ਼ਨ ਦੇ ਮੁੱਖ ਮੈਂਬਰਾ ਦੀ ਬੀਤੇ ਦਿਨੀ ਇੱਕ ਮੀਟਿੰਗ ਹੋਈ। ਇਸ ਮਟਿੰਗ ਵਿੱਚ ਮਰਹੂਮ ਗਾਇਕ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਯਾਦ ਨੂੰ ਸਮਰਪਤ ਮੇਲੇ ਦੇ ਸਬੰਧਤ ਰੂਪ ਰੇਖਾ ਤਿਆਰ ਕੀਤੀ ਗਈ। ਇਸ ਸਾਲ ਮੇਲਾ 23 ਅਕਤੂਬਰ 2022 ਦਿਨ ਐਤਵਾਰ ਬਾਅਦ ਦੁਪਿਹਰ 1 ਵਜੇ ਤੇ ਲੈ ਕੇ ਸਾਮ 6 ਵਜੇ ਤੱਕ ਫਾਊਲਰ ਸ਼ਹਿਰ ਦੇ ਪੈਨਜੈਕ ਪਾਰਕ ਵਿੱਚ ਪਿੱਛਲੇ ਸਾਲ ਦੀ ਤਰ੍ਹਾਂ ਮਨਇਆ ਜਾਵੇਗਾ। ਇਸ ਮੇਲੇ ਵਿੱਚ ਬਹੁਤ ਸਾਰੇ ਨਾਮਵਰ ਗਇਕ ਵੀ ਪਹੁੰਚ ਰਹੇ ਹਨ। ਜਿੰਨ੍ਹਾਂ ਵਿੱਚ ਵਿਸ਼ੇਸ਼ ਲੋਕਾ ਦੀ ਪੁਰਜ਼ੋਰ ਮੰਗ 'ਤੇ ਗੀਤਕਾਰ ਅਤੇ ਗਾਇਕ ਧਰਮਵੀਰ ਥਾਂਦੀ, ਬੀਬੀ ਜੋਤ ਰਣਜੀਤ, ਐਚ। ਐਸ। ਭਜਨ, ਦਿਲਦਾਰ ਮਿਊਜ਼ੀਕਲ ਗਰੁੱਪ ਦੇ ਅਵਤਾਰ ਗਰੇਵਾਲ,



ਰਾਣੀ ਗਿੱਲ, ਕਾਂਤਾ ਸਹੋਤਾ, ਉਅੰਕਾਰ ਗਿੱਲ, ਪੱਪੂ ਬਰਾੜ, ਅਕਾਸਦੀਪ ਅਕਾਸ਼, ਰਾਜੇਸ਼ ਰਾਜੂ, ਸੁਰਜੀਤ ਮਾਛੀਵਾੜਾ, ਗੌਗੀ ਸੰਧੂ, ਰਾਜ ਬਰਾੜ ਅਤੇ ਹਰਦੇਵ ਸਿੱਧੂ ਆਦਿਕ ਹਮੇਸ਼ਾ ਵਾਂਗ ਆਪਣੀ ਗਾਇਕੀ ਦਾ ਰੰਗ ਬੰਨਣਗੇ। ਇਸ ਮੇਲੇ ਵਿੱਚ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਗਾਇਕੀ ਦਾ ਰੰਗ ਪੇਸ਼ ਕਰਨ ਵਾਲੇ ਗਾਇਕਾ ਨੂੰ ਖਾਸ ਤੌਰ 'ਤੇ ਖੁੱਲੇ ਅਖਾੜੇ ਵਿੱਚ ਗਾਉਣ ਦਾ ਮੌਕਾ ਦਿੱਤਾ ਜਾਵੇਗਾ ਅਤੇ ਹਿੱਸਾ ਲੈਣ ਵਾਲੇ ਸਾਰੇ ਕਲਾਕਾਰਾ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਮੇਲੇ ਵਿੱਚ ਦਾਖਲਾ ਅਤੇ ਲੰਗਰਾ ਦਾ ਫਰੀ ਪ੍ਰਬੰਧ ਹੋਵੇਗਾ। ਇਸੇ ਤਰ੍ਹਾਂ ਬੱਚਿਆ ਅਤੇ ਬੀਬੀਆ ਦੇ ਬੈਠਣ ਲਈ ਵੀ ਉਚੇਚੇ ਪ੍ਰਬੰਧ ਕੀਤੇ ਜਾਣਗੇ। ਵਧੇਰੇ ਜਾਣਕਾਰੀ ਲਈ ਸੰਸਥਾ ਦੇ ਪ੍ਰਧਾਨ ਰਾਜਿੰਦਰ ਬਰਾੜ ਨਾਲ ਫੋਨ (559) 824-9028 'ਤੇ ਸੰਪਰਕ ਕਰ ਸਕਦੇ ਹੋ।

# ਅਰਪਨ ਸੋਸਾਇਟੀ ਨੇ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਸਬੰਧੀ ਜਾਗਰੂਕਤਾ ਅਭਿਆਨ ਚਲਾਇਆ

ਅਰਪਨ ਸੋਸਾਇਟੀ ਵਲੋਂ ਕਾਮਨਹੈਲਥ ਨਾਲ ਮਿਲਕੇ ਇਲਾਕੇ ਵਿੱਚ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਸਬੰਧੀ ਜਾਗਰੂਕਤਾ ਅਭਿਆਨ ਚਲਾਇਆ ਗਿਆ। ਇਸ ਸਬੰਧੀ ਐਸ ਡੀ ਐਮ ਨੰਗਲ ਮੈਡਮ ਕਿਰਨ ਸ਼ਰਮਾ ਅਤੇ ਹੋਰ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਗਈਆਂ, ਮਹਿਲਾਵਾਂ ਲਈ ਜਾਗਰੁਕਤਾ ਕੈਂਪਾਂ ਦਾ ਆਯੋਜਨ ਕੀਤਾ ਗਿਆ ਅਤੇ ਮੀਡੀਆ ਨਾਲ ਜੁੜ੍ਹੇ ਵਿਅਕਤੀਆਂ ਨੂੰ ਇਸ ਸਬੰਧੀ ਜਾਣੂ ਕਰਵਾਇਆ। ਇਨ੍ਹਾਂ ਕੈਂਪਾਂ ਵਿੱਚ ਅਰਪਨ ਸੰਸਥਾ ਦੇ ਡਾਇਰੈਕਟਰ ਅਤੇ ਕਾਮਨਹੈਲਥ ਮੈਂਬਰ ਕੁਲਦੀਪ ਚੰਦ, ਸ਼ੋਸ਼ਲ ਵਰਕਰ ਮੈਡਮ ਮਧੂ, ਪੂਜਾ, ਰੁਪਾਲੀ ਆਦਿ ਨੇ ਮਹਿਲਾਵਾਂ ਅਤੇ ਲੜਕੀਆਂ ਨੂੰ ਮਹਿਲਾਵਾਂ ਦੇ ਸਿਹਤ ਸਬੰਧੀ ਅਧਿਕਾਰਾਂ ਬਾਰੇ ਜਾਗਰੂਕ ਕੀਤਾ ਅਤੇ ਅੰਤਰ-ਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਸਬੰਧੀ ਜਾਣਕਾਰੀ ਦਿੱਤੀ। ਇਸ ਸਬੰਧੀ ਜਾਗਰੁਕਤਾ ਲਈ ਤਿਆਰ ਕੀਤੀਆਂ ਗਈਆਂ ਰਿਪੋਰਟਾਂ ਅਤੇ ਕਿਤਾਬਾਂ ਵੰਡੀਆਂ ਗਈਆਂ। ਉਨ੍ਹਾਂ ਦੱਸਿਆ ਕਿ ਵਿਸ਼ਵ ਪੱਧਰ ਤੇ ਹਰ ਸਾਲ ਲੱਗਭੱਗ 5.6 ਕਰੋੜ੍ਹ ਗਰਭਪਾਤ ਹੁੰਦੇ ਹਨ। ਭਾਰਤ ਵਿੱਚ ਹਰ ਸਾਲ ਲੱਗਭੱਗ 1.56 ਕਰੋੜ੍ਹ ਗਰਭਪਾਤ ਹੁੰਦੇ ਹਨ ਜਿਨ੍ਹਾਂ ਵਿੱਚੋਂ 56 ਫਿਸਦੀ ਗਰਭਪਾਤ ਅਸੁਰੱਖਿਅਤ ਹੁੰਦੇ ਹਨ, ਮਾਵਾਂ ਦੀਆਂ ਹੋਣ ਵਾਲੀਆਂ ਕੁੱਲ ਮੋਤਾਂ ਵਿੱਚੋਂ 8.5 ਫਿਸਦੀ ਮੋਤਾਂ ਅਸੁਰੱਖਿਅਤ ਗਰਭਪਾਤ ਕਾਰਨ ਹੀ ਹੁੰਦੀਆਂ ਹਨ ਅਤੇ ਹਰ ਰੋਜ ਅਸੁਰੱਖਿਅਤ ਗਰਭਪਾਤ ਕਾਰਨ ਲੱਗਭੱਗ 10 ਮਹਿਲਾਵਾਂ ਦੀ ਮੋਤ ਹੁੰਦੀ ਹੈ। ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ ਦੀ ਰਿ-ਪੋਰਟ ਅਨੁਸਾਰ ਦੇਸ਼ ਵਿੱਚ ਹੋਣ ਵਾਲੇ ਗਰਭਪਾਤਾਂ ਵਿੱਚੋਂ ਲੱਗਭੱਗ 20 ਫੀਸਦੀ ਜਨਤਕ ਸਿਹਤ ਅਦਾਰਿਆਂ ਵਿੱਚ ਕੀਤੇ ਜਾਂਦੇ ਹਨ, ਲੱਗਭੱਗ 53 ਫਿਸਦੀ ਪ੍ਰਾਇਵੇਟ ਸਿਹਤ ਕੇਂਦਰਾਂ ਵਿੱਚ ਕੀਤੇ ਜਾਂਦੇ ਹਨ ਅਤੇ ਲੱਗਭੱਗ 27 ਫੀਸਦੀ ਗਰਭਪਾਤ ਘਰਾਂ ਵਿੱਚ ਹੀ ਕੀਤੇ ਜਾਂਦੇ ਹਨ। ਗਰਭਪਾਤ ਕਰਵਾਉਣ ਵਾਲੀਆਂ ਲੱਗਭੱਗ 19 ਫਿਸਦੀ ਮਹਿਲਾਵਾਂ ਨੂੰ ਗਰਭਪਾਤ ਤੋਂ ਬਾਦ ਕਈ ਤਰਾਂ ਦੀਆਂ ਸਮੱਸਿਆਵਾਂ ਪੇਸ਼ ਆਈਆਂ ਹਨ। ਇਸਨੂੰ ਵੇਖਦੇ ਹੋਏ ਸਾਲ 2015 ਤੋਂ 28 ਸਤੰਬਰ ਦਾ ਦਿਨ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਦੇ ਤੋਰ ਤੇ ਮਨਾਇਆ ਜਾ ਰਿਹਾ ਹੈ। ਕਾਮਨਹੈਲਥ ਵਲੋਂ ਵੱਖ ਵੱਖ ਸੰਸਥਾਵਾਂ ਨਾਲ ਮਿਲਕੇ ਦੇਸ ਦੇ ਵੱਖ ਵੱਖ ਭਾਗਾਂ ਵਿੱਚ ਕੀਤੇ ਗਏ ਅਧਿਐਨ ਦੀਆਂ ਰਿਪੋਰਟਾਂ ਅਨੁਸਾਰ ਕੋਵਿਡ-19 ਸਬੰਧੀ ਹੋਈ ਤਾਲਾਬੰਦੀ ਦੌਰਾਨ ਲੱਗਭੱਗ 9.2 ਲੱਖ ਮਹਿਲਾਵਾਂ ਜੋ ਗਰਭਪਾਤ ਕਰਵਾਉਣਾ ਚਾਹੁੰਦੀਆਂ ਸਨ ਨੂੰ ਇਹ ਸੇਵਾਵਾਂ ਨਹੀਂ ਮਿਲੀਆਂ ਹਨ। ਇਸ ਅਧਿਐਨ ਅਨੁਸਾਰ ਭਾਰਤ ਵਿੱਚ ਲੱਗਭੱਗ 6.5 ਲੱਖ ਅਣਚਾਹੇ ਗਰਭ ਵਧੇ ਹਨ, ਲੱਗਭੱਗ 10 ਲੱਖ ਅਸੁਰਖਿੱਅਤ ਗਰਭਪਾਤ ਹੋਏ ਹਨ ਅਤੇ ਲੱਗਭੱਗ 2600 ਮਾਂਵਾਂ ਦੀ ਮੌਤ ਹੋਈ ਹੈ। ਰਿਪੋਰਟ ਅਨੁਸਾਰ 36 ਦੇਸ਼ਾਂ ਵਿੱਚ ਪਰਿਵਾਰ ਨਿਯੋਜਨ ਅਤੇ ਸੁਰੱਖਿਅਤ ਗਰਭਪਾਤ ਸਬੰਧੀ ਹੋਈਆਂ ਕਮੀਆਂ ਦੇ ਮਾਮਲਿਆਂ ਵਿੱਚ 75 ਫਿਸਦੀ ਮਾਮਲੇ ਭਾਰਤ ਵਿੱਚ ਹੀ ਪਾਏ ਗਏ ਹਨ। ਭਾਰਤ ਵਿੱਚ ਗਰਭਪਾਤ ਦੀ ਸਹੂਲਤ ਸਬੰਧੀ ਬਣਾਏ ਗਏ ਐਮਟੀਪੀ ਐਕਟ 1971 ਨੂੰ ਲਾਗੂ ਹੋਇਆ ਅੱਧੀ ਸਦੀ ਬੀਤ ਰਹੀ ਹੈ ਅਤੇ ਇਸ ਦੌਰਾਨ ਇਸ ਐਕਟ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਾਲ 2002, 2003, 2014, 2016 ਅਤੇ ਹੁਣ 2021 ਵਿੱਚ ਸੋਧ ਕੀਤੀ ਗਈ ਹੈ। ਸਾਲ 2021 ਵਿੱਚ ਐਕਟ ਵਿੱਚ ਕੁਝ ਸੋਧਾਂ ਦੇ ਨਾਲ ਪਾਸ ਕੀਤਾ ਗਿਆ ਸੀ। ਗਰਭਪਾਤ ਨੂੰ ਸਰਕਾਰ ਦੇ ਜਨਤਕ ਰਾਸ਼ਟਰੀ ਸਿਹਤ ਬੀਮਾ ਫੰਡ, ਆਯੂਸ਼ਮਾਨ ਭਾਰਤ ਅਤੇ ਕਰਮਚਾਰੀਆਂ ਦੇ ਰਾਜ ਬੀਮਾ ਦੁਆਰਾ 100% ਕਵਰ ਕੀਤਾ ਜਾਂਦਾ ਹੈ।




ਭਾਰਤ ਵਿੱਚ ਗਰਭਪਾਤ ਕਾਨੂੰਨ ਦੇ ਬਾਵਜੂਦ ਸੇਵਾਵਾਂ ਤੱਕ ਪਹੁੰਚ ਵਿੱਚ ਰੁਕਾਵਟ ਆਉਂਦੀ ਹੈ ਅਤੇ ਬਹੁਤ ਸਾਰੀਆਂ ਔਰਤਾਂ ਪਰਿਵਾਰ ਦੇ ਡਰ ਕਾਰਨ ਗਰਭਪਾਤ ਦੇ ਅਸੁਰੱਖਿਅਤ ਤਰੀਕਿਆਂ ਦਾ ਸਹਾਰਾ ਲੈਂਦੀਆਂ ਹਨ। ਭਾਰਤ ਵਿੱਚ ਕਈ ਵਾਰ ਮਹਿਲਾਵਾਂ ਅਤੇ ਸਮਾਜਿਕ ਸੰਗਠਨਾਂ ਨੂੰ ਐਮਟੀਪੀ ਐਕਟ ਜਿਸ ਅਨੁਸਾਰ ਕਨੂੰਨੀ ਤੋਰ ਤੇ ਹੀ ਗਰਭਪਾਤ ਕਰਵਾਇਆ ਜਾ ਸਕਦਾ ਹੈ ਲਈ ਵੀ ਮਾਣਯੋਗ ਅਦਾਲਤਾਂ ਦਾ ਸਹਾਰਾ ਲੈਣਾ ਪਿਆ ਹੈ ਅਤੇ ਕਈ ਵਾਰ ਮਾਣਯੋਗ ਅਦਾਲਤਾਂ ਨੇ ਵੀ ਸਰਕਾਰਾਂ ਨੂੰ ਨਿਰਦੇਸ ਦਿਤੇ ਹਨ। ਉਨ੍ਹਾਂ ਨੇ ਐਮ ਟੀ ਪੀ ਐਕਟ ਅਧੀਨ ਮਿਲਣ ਵਾਲੀਆਂ ਸਹੂਲਤਾਂ ਬਾਰੇ ਵਿਸਥਾਰ ਵਿੱਚ ਦੱਸਿਆ। ਇਸ ਮੌਕੇ ਹਾਜਰ ਮਹਿਲਾਵਾਂ ਨੂੰ ਅਪੀਲ ਕੀਤੀ ਕਿ ਜਰੂਰਤ ਪੈਣ ਤੇ ਸਿਰਫ ਸੁਰੱਖਿਅਤ ਗਰਭਪਾਤ ਹੀ ਕਰਵਾਇਆ ਜਾਵੇ ਅਤੇ ਇਹ ਮਹੱਤਵਪੂਰਨ ਜਾਣਕਾਰੀ ਹਰ ਪਰਿਵਾਰ ਤੱਕ ਪਹੁੰਚਾਈ ਜਾਵੇ। ਇਸ ਮੌਕੇ ਲਕਸ਼ਮੀ, ਪੂਜਾ, ਰੇਸ਼ਮਾ, ਸੁਮਨ ਬਾਲਾ, ਸ਼ਿਵਾਨੀ, ਕੁਸਮ, ਹਰਮਨਪ੍ਰੀਤ, ਸਿਮਰਨ, ਕਾਜਲ, ਰੀਤੂ, ਕੋਮਲ, ਆਦਿ ਹਾਜਰ ਸਨ।

**- ਕੁਲਦੀਪ ਚੰਦ (91-94175-63054)**

## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਮਰਸਡ, ਅਮਰੀਕਾ ਵਿਚ ਪੰਜਾਬੀ ਪਰਿਵਾਰ ਨੂੰ ਅਗਵਾ ਕਰਨ ਸਬੰਧੀ ਪੁਲੀਸ ਵਲੋਂ ਪ੍ਰੈਸ ਕਾਨਫਰੰਸ, ਦੋਸ਼ੀ ਪੁਲੀਸ ਹਿਰਾਸਤ ਵਿੱਚ

## ਪੰਜਾਬੀ ਪਰਿਵਾਰ ਵਾਰੇ ਅਜੇ ਵੀ ਕੋਈ ਪਤਾ ਨਹੀਂ, ਦੋਸ਼ੀ ਦੇ ਹੋਸ਼ ਚ ਆਉਣ ਤੱਕ ਇੰਤਜਾਰ ਕਰਨਾ ਪਵੇਗਾ

**ਸੈਕਰਾਮੇਂਟੋ, ਕੈਲੀਫੋਰਨੀਆ–** ਜਿਥੇ ਅਮਰੀਕਾ ਦੇ ਕੈਲੀਫੋਰਨੀਆ ਰਾਜ ਵਿੱਚ 3 ਅਕਤੂਬਰ ਨੂੰ 8 ਮਹੀਨੇ ਦੇ ਬੱਚੇ ਸਮੇਤ 4 ਮੈਂਬਰੀ ਸਿੱਖ ਪਰਿਵਾਰ ਨੂੰ ਅਗਵਾ ਕਰਨ ਦੇ ਮਾਮਲੇ ਵਿੱਚ ਅੱਜ ਅਮਰੀਕਾ ਦੇ ਸ਼ੈਰਿਫ ਵਰਨ ਵਾਰਨਕੇ ਵੱਲੋਂ ਇਕ ਪ੍ਰੈਸ ਕਾਨਫਰੰਸ ਕੀਤੀ ਗਈ ਜਿਥੇ ਇਸ ਮਾਮਲੇ ਸੰਬੰਧੀ ਪੂਰੀ ਜਾਣਕਾਰੀ ਦਿੱਤੀ ਕਿ ਕਿਸ ਤਰੀਕੇ,ਕਿਵੇਂ ਉਸ ਪਰਿਵਾਰ ਨੂੰ ਕਿਡਨੈਪ ਜਾਂ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਗਈ।



ਸ਼ੈਰਿਫ ਵਰਨ ਵਾਰਨਕੀ ਵੱਲੋਂ ਜਾਣਕਾਰੀ 'ਚ ਬਿਆਨਿਆ ਗਿਆ 'ਸ਼ੱਕੀ' ਮੰਨੇ ਜਾਂਦੇ 48 ਸਾਲਾ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਉਸ ਦੀ ਹਾਲਤ ਗੰਭੀਰ ਹੈ।ਉਹ ਇਸ ਕਰਕੇ ਕਿਓਂਕਿ ਉਸ ਵੱਲੋਂ ਖੁਦ ਨੂੰ ਫ਼ਾਹਾ ਲੈ ਕੇ ਆਤਮਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਪੀੜਤ ਅਜੇ ਵੀ ਲਾਪਤਾ ਹਨ। ਮੂਲ ਰੂਪ ਤੋਂ ਪੰਜਾਬ ਦੇ ਹੁਸ਼ਿਆਰਪੁਰ ਦੇ ਹਰਸੀ ਪਿੰਡ ਦੇ ਰਹਿਣ ਵਾਲੇ ਇਸ ਪਰਿਵਾਰ ਨੂੰ ਸੋਮਵਾਰ ਨੂੰ ਮਰਸਡ ਕਾਉਂਟੀ ਵਿੱਚ ਅਗਵਾ ਕਰ ਲਿਆ ਗਿਆ ਸੀ। ਪਰਿਵਾਰਕ ਮੈਂਬਰਾਂ ਦੀ ਪਛਾਣ 8 ਮਹੀਨੇ ਦੀ ਅਰੂਹੀ ਢੇਰੀ, ਉਸ ਦੀ ਮਾਂ ਜਸਲੀਨ ਕੌਰ (27), ਪਿਤਾ ਜਸਦੀਪ ਸਿੰਘ (36) ਅਤੇ ਚਾਚਾ ਅਮਨਦੀਪ ਸਿੰਘ (39) ਵਜੋਂ ਹੋਈ ਹੈ। ਜਾਣਕਾਰੀ 'ਚ ਪਤਾ ਲੱਗਿਆ ਕਿ ਪਰਿਵਾਰ ਦੀ ਗੱਡੀ ਸੜੀ ਹਾਲਤ 'ਚ ਮਿਲੀ, ਜਿਸ ਦੇ ਆਧਾਰ 'ਤੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੇ ਤੈਅ ਕੀਤਾ ਕਿ ਚਾਰਾਂ ਨੂੰ ਅਗਵਾ ਕੀਤਾ ਗਿਆ ਹੈ। ਮਰਸਡ ਕਾਉਂਟੀ ਸ਼ੈਰਿਫ ਦੇ ਦਫ਼ਤਰ ਨੇ ਇਕ ਬਿਆਨ ਵਿਚ ਕਿਹਾ, "ਜਾਂਚਕਰਤਾਵਾਂ ਨੇ ਬੈਂਕ ਟ੍ਰਾਂਜੈਕਸ਼ਨ ਕਰਨ ਵਾਲੇ ਵਿਅਕਤੀ ਦੀ ਫੋਟੋ ਪ੍ਰਾਪਤ ਕੀਤੀ, ਜੋ ਅਗਵਾ ਵਾਲੀ ਥਾਂ ਤੋਂ ਮਿਲੀ ਤਸਵੀਰ ਵਿਚ ਨਜ਼ਰ ਆ ਰਹੇ ਵਿਅਕਤੀ ਵਾਂਗ ਹੀ ਨਜ਼ਰ ਆ ਰਿਹਾ ਹੈ।"

ਇਸੇ ਦੇ ਨਾਲ ਹੀ ਇੱਕ ਵੀਡੀਓ ਵੀ ਜਾਰੀ ਕੀਤੀ ਗਈ ਜਿਸ ਵਿੱਚ ਅਗਵਾ ਹੋਣ ਦੀ ਪੂਰੀ ਵਾਰਦਾਤ ਜੋ ਹੈ ਕੈਮਰਿਆਂ ਰਾਹੀਂ ਰਿਕਾਰਡ ਹੋਈ, ਇਕ ਇਕ ਸਾਫ਼ ਸਾਫ਼ ਸਾਰੀ ਕਹਾਣੀ ਆਪਣੇ ਮੂੰਹੋਂ ਬਿਆਨ ਕਰ ਰਿਹੈ ਕਿ ਕਿਵੇਂ ਬੰਦੂਕ ਦੀ ਨੋਕ ਤੇ ਪਰਿਵਾਰ ਨੂੰ ਇਕ ਇਕ ਕਰਕੇ ਓਹਨਾ ਦੇ ਹੀ ਪਿਕਅਪ 'ਚ ਬਿਠਾਇਆ ਜਾਂਦੈ। ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਪਹੁੰਚਣ ਤੋਂ ਪਹਿਲਾਂ ਜੀਸਸ ਮੈਨੁਅਲ ਸਲਗਾਡੋ ਨਾਮ ਦੇ ਸ਼ੱਕੀ ਨੇ "ਆਪਣੀ ਜਾਨ ਲੈਣ ਦੀ ਕੋਸ਼ਿਸ਼ ਕੀਤੀ" ਅਤੇ ਫਿਲਹਾਲ ਉਹ "ਗੰਭੀਰ ਹਾਲਤ ਵਿੱਚ ਹਿਰਾਸਤ ਵਿੱਚ ਹੈ ਅਤੇ ਉਸ ਦਾ ਇਲਾਜ ਚੱਲ ਰਿਹਾ ਹੈ ਜੋ ਇਸ ਵੇਲੇ ਬੋਲਣ ਦੇ ਵੀ ਹਾਲਾਤਾਂ 'ਚ ਨਹੀਂ ਦੱਸਿਆ ਜਾ ਰਿਹਾ ਤੇ ਨਾ ਹੀ ਆਪਣੇ ਮੂੰਹੋਂ ਕੋਈ ਬਿਆਨ ਦੇ ਰਿਹੈ। ਪਰ ਫਿਲਹਾਲ ਪੁਲਿਸ ਉਸ ਮੁਲਜ਼ਮ ਦੇ ਹੋਸ਼ ਆਉਣ ਤਕ ਉਡੀਕ ਕਰ ਰਹੀ ਹੈ ਤਾਂ ਜੋ ਪਰਿਵਾਰ ਦਾ ਪਤਾ ਲਗਾਇਆ ਜਾ ਸਕੇ ਤੇ ਓਹਨਾ ਨੂੰ ਸਹੀ ਸਲਾਮਤ ਵਾਪਸ ਲਿਆਇਆ ਜਾ ਸਕੇ ਤੇ ਓਹਨਾ ਲੋਕਾਂ ਕੋਲ ਵੀ ਆਪਣਾ ਇਕ ਨੰਬਰ ਜਾਰੀ ਕਰਦਿਆਂ ਅਪੀਲ ਕੀਤੀ, ਜੇਕਰ ਕੋਈ ਓਹਨਾ ਨੂੰ ਜਾਣਕਾਰੀ ਮਿਲਦੀ ਹੈ ਤਾਂ ਪੁਲਿਸ ਤਕ ਜ਼ਰੂਰ ਪਹੁੰਚਾਈ ਜਾਵੇ ਜਿਸਦੀ ਅਪੀਲ ਕਿਡਨੈਪ ਹੋਏ ਲੋਕਾਂ ਦੇ ਪਰਿਵਾਰ ਨੇ ਵੀ ਕੀਤੀ ਹੈ ਕਿ ਓਹਨਾ ਦਾ ਪਰਿਵਾਰ ਲੱਭਣ ਦੇ ਵਿੱਚ ਮਦਦ ਕੀਤੀ ਜਾਵੇ।

# ਅਮਰੀਕਾ ਦੇ ਮਰਸਡ ਸ਼ਹਿਰ ਵਿਚ ਅਗਵਾ ਕੀਤੇ ਪੰਜਾਬੀ ਪਰਿਵਾਰ ਦੇ ਚਾਰੇ ਜੀਆਂ ਦੀਆਂ ਖੇਤਾਂ ਚੋਂ ਮਿਲੀਆਂ ਲਾਸ਼ਾਂ








**ਸੈਕਰਾਮੇਂਟੋ, ਕੈਲੀਫੋਰਨੀਆ–** ਬੀਤੇ ਸੋਮਵਾਰ ਸਵੇਰੇ 9 ਵਜੇ ਦੇ ਕਰੀਬ ਇੱਕ ਸਿਰਫਿਰੇ ਮੈਕਸੀਕੋ ਮੂਲ ਦੇ ਵਿਆਕਤੀ ਵਲੋਂ ਬੜੀ ਯੋਜਨਾਵੱਧ ਢੰਗ ਨਾਲ ਇਕੱ ਪੰਜਾਬੀ ਪਰਿਵਾਰ ਨੂੰ ਉਨਾਂ ਦੇ ਬਿਜਨਸ ਤੋਂ ਅਗਵਾ ਕਰ ਲਿਆ ਗਿਆ ਸੀ, ਦੀਆਂ ਲਾਸ਼ਾ ਅੱਜ ਮਰਸਿਡ ਸ਼ਹਿਰ ਦੇ ਇੰਡੀਆਨਾ ਰੋਡ ਅਤੇ ਹੁਚਨਸਨ ਰੋਡ ਨਾਲ ਪੈਂਦੇ ਇੱਕ ਬਾਗ ਜਿਹੇ ਵਿਚੋਂ ਬਰਾਮਦ ਕਰ ਲਈਆਂ ਗਈਆਂ, ਉਨਾਂ ਵਿੱਚ 8 ਮਹੀਨਿਆਂ ਦੀ ਆਰੂਹੀ ਢੇਰੀ, ਉਸ ਦੇ ਮਾਤਾ–ਪਿਤਾ ਜਸਲੀਨ ਕੌਰ (27), ਜਸਦੀਪ ਸਿੰਘ (36)ਅਤੇ ਅਮਨਦੀਪ ਸਿੰਘ (39) ਸਨ, ਇਸ ਦਾ ਵੇਰਵਾ ਅੱਜ ਮਰਸਿਡ ਕਾਂਊਂਟੀ ਸ਼ੈਰਫ ਮੁੱਖੀ ਵੇਰਨ ਵੇਰਨਕੀ ਨੇ ਦਿੰਦਿਆਂ ਕਿਹਾ ਕਿ ਉਨਾਂ ਚਾਰਾਂ ਜੀਆਂ ਦੀਆਂ ਲਾਸ਼ਾਂ ਮਿਲ ਗਈਆਂ ਹਨ ਤੇ ਬਾਕੀ ਤਹਿਕੀਕਾਤ ਪੂਰੀ ਰਾਤ ਚਲੇਗੀ ਜੋ ਵੀ ਅਗ਼ਲੇ ਕਿਰਿਆ ਕਰਮ ਹੋਣਗੇ ਪਰਿਵਾਰ ਦੇ ਮੁਤਾਬਕ ਚਲਿਆ ਜਾਵੇਗਾ। ਅੱਜ ਸਵੇਰੇ ਵੀ ਪੁਲੀਸ ਵਲੋਂ ਪ੍ਰੈਸ ਕਾਨਫਰੰਸ ਕੀਤੀ ਗਈ ਸੀ ਉਸ ਸਮੇਂ ਤੱਕ ਅਗਵਾ ਪਰਿਵਾਰ ਦੀ ਕੋਈ ਉੱਗ ਸੁੱਗ ਨਹੀ ਸੀ ਨਿਕਲੀ ਤੇ ਪੁਲੀਸ ਨੇ ਲੋਕਾਂ ਕੋਲੋਂ ਸਹਿਯੋਗ ਮੰਗਿਆ ਸੀ, ਤੇ ਪੁਲੀਸ ਨੇ ਆਵਾ ਕਰਨ ਦੀ ਵੀਡੀਓ ਵੀ ਰੀਲੀਜ ਕੀਤੀ ਸੀ ਤੇ ਵੇਰਵੇ ਦਿੱਤੇ ਸਨ, ਤੇ ਅੱਜ ਹੀ ਬਾਅਦ ਦੁਪਿਹਰ ਸ਼ੈਰਫ ਮੁੱਖੀ ਵੇਰਨ ਵੇਰਨਕੀ ਚਾਰੇ ਲਾਸ਼ਾਂ ਮਿਲਣ ਵਾਰੇ ਪੱਤਰਕਾਰਾਂ ਨੂੰ ਦੱਸਿਆ। ਇਸ ਦੌਰਾਨ ਵੱਖ ਵੱਖ ਲਾਅ ਇਨੰਫੋਰਸਮੈਂਟ ਏਜੰਸੀਜ ਵਲੋਂ ਉਨਾਂ ਦੀ ਲਗਾਤਾਰ ਭਾਲ ਕੀਤੀ ਜਾ ਰਹੀ ਸੀ ਪਰ ਦੋਸ਼ੀ ਦੀ ਭਾਲ ਤਾਂ ਹੋ ਗਈ ਪਰ ਅਗਵਾ ਕੀਤੇ ਪਰਿਵਾਰ ਦੀ ਭਾਲ ਨਹੀਂ ਸੀ ਹੋ ਰਹੀ। ਦੂਸਰੇ ਪਾਸੇ ਇਸ ਘਟਨਾਂ ਦੇ ਹੋਰ ਵੇਰਵੇ ਮਿਲੇ ਹਨ ਕਿ ਇਹ ਅਗਵਾ ਕਰਨ ਵਾਲਾ ਵਿਆਕਤੀ ਹਸੂਸ ਮੈਨੁਅਲ ਸਲਗਾਡੋ (48–ਸਾਲ) ਪਹਿਲਾਂ ਤਾਂ ਇਸ ਪਰਿਵਾਰ ਦੇ ਕਿਸੇ ਹੋਰ ਰਿਸ਼ਤੇਦਾਰ ਦਾ ਟਰੱਕ ਚਲਾਉਂਦਾ ਸੀ ਤੇ ਫਿਰ ਉਸਤੋਂ ਹੱਟ ਕੇ ਇਸ ਪਰਿਵਾਰ ਦੇ ਚਲਦੇ ਟਰੱਕ ਬਿਜਨਸ ਦਾ ਕਰੀਬ ਇੱਕ ਮਹੀਨਾ ਟਰੱਕ ਚਲਾਇਆ। ਇਹ ਟਰੱਕ ਯਾਰਡ ਵੀ ਅਜੇ ਨਵਾਂ ਹੀ ਬਣਾਇਆ ਸੀ। ਦੋਨੌ ਭਰਾ ਟਰੱਕ ਬਿਜਨਸ ਸੰਭਾਲਦੇ ਸਨ ਤੇ ਛੋਟੇ ਦੀ ਘਰਵਾਲੀ ਜਸਲੀਨ ਕੌਰ ਦਫਤਰ ਦਾ ਕੰਮ ਸੰਭਾਲਦੀ ਸੀ। ਜਿਸ ਵੇਲੇ ਉਨਾਂ ਨੂੰ ਅਗਵਾ ਕੀਤਾ ਗਿਆ ਦੋਸ਼ੀ ਨੇ ਮੂੰਹ ਤੇ ਮਾਸਕ ਤੇ ਹੁਡ ਵਾਲੀ ਜੈਕਟ ਪਾਈ ਹੋਈ ਸੀ ਕੋਲ ਖਾਲੀ ਬੋਤਲਾਂ ਵਾਲਾ ਲਫਾਫਾ ਫੜਿਆਂ ਹੋਇਆ ਸੀ, ਸ਼ਾਇਦ ਉਹ ਖਾਲੀ ਬੋਤਲਾਂ ਲੈਣ ਪੱਜ ਅੰਦਰ ਗਿਆ ਤੇ ਗੰਨ ਦਿਖਾ ਕੇ ਪਹਿਲਾਂ ਦੋਨਾਂ ਭਰਾਵਾਂ ਨੂੰ ਹੱਥ ਬੰਨ੍ਹ ਕੇ ਅਗਵਾ ਕਰਦਾ ਹੈ ਤੇ ਫਿਰ ਦੋਨਾਂ ਨੂੰ ਆਪਣੇ ਪਿਕਅੱਪ ਵਿੱਚ ਬਿਠਾ ਕੇ ਕਿਧਰੇ ਲੈ ਜਾਂਦਾ ਹੈ ਤੇ ਫਿਰ ਛੇ ਮਿੰਟ ਬਾਅਦ ਵਾਪਿਸ ਆ ਕੇ ਜਸਲੀਨ ਕੌਰ ਤੇ ਉਸਦੀ ਬੇਟੀ ਆਰੂਹੀ ਢੇਰੀ ਨੂੰ ਅਗਵਾ ਕਰਕੇ ਲੈ ਜਾਂਦਾ ਹੇ। ਦੋ ਦਿਨ ਉਨਾ ਦਾ ਪਤਾ ਨਹੀ ਲਗਦਾ ਤੇ ਜਦੋਂ ਦੋਸ਼ੀ ਪੀੜਤ ਦੇ ਏ ਟੀ ਐਮ ਕਾਰਡਾਂ ਵਿੱਚੋਂ ਇੱਕ ਦੀ ਵਰਤੋਂ ਐਟਵਾਟਰ ਸਿਟੀ ਵਿੱਚ ਇੱਕ ਬੈਂਕ ਵਿੱਚ ਸਥਿਤ ਇੱਕ ਏ ਟੀ ਐਮ ਵਿੱਚ ਵਰਤੋਂ ਕਰਦਾ ਹੈ ਤਾਂ ਇਹ ਵਿਅਕਤੀ ਅਸਲ ਚ ਅਗਵਾ ਕਰਨ ਵਾਲੇ ਵਿਆਕਤੀ ਵਰਗਾ ਹੋਣ ਕਰਕੇ ਫੜਿਆ ਜਾਂਦਾ ਹੈ। ਹੁਣ ਸਥਾਨਕ ਭਾਈਚਾਰੇ ਵਿੱਚ ਸਹਿਮ ਦਾ ਮਹੌਲ ਹੈ ਤੇ ਸਥਾਨਕ ਅਮਰੀਕਨ ਤੇ ਪੰਜਾਬੀ ਮੀਡੀਏ ਵਿੱਚ ਭਾਈਚਾਰੇ ਨੂੰ ਸੁਚੇਤ ਰਹਿਣ ਲਈ ਕਿਹਾ ਜਾ ਰਿਹਾ ਹੈ। ਪੁਲੀਸ ਮੁਤਾਬਕ ਹਸੂਸ ਮੈਨੁਅਲ ਸਲਗਾਡੋ (48–ਸਾਲ) ਅਜੇ ਵੀ ਹਸਪਤਾਲ ਵਿੱਚ ਬੇਹੋਸ਼ੀ ਦੀ ਹਾਲਤ ਚ ਹੈ, ਇਹ ਵੀ ਪਤਾ ਚਲਿਆ ਕਿ ਜਦੋਂ ਕੁਝ ਹੋਸ਼ ਆਉਣ ਤੇ ਉਸਨੂੰ ਪੁਲੀਸ ਵਲੋਂ ਇਹ ਪੁੱਛਿਆ ਗਿਆ ਕਿ ਅਗ਼ਵਾ ਕੀਤਾ ਗਿਆ ਪਰਿਵਾਰ ਜਿੰਦਾ ਹੈ ਤਾ ਉਸਨੇ ਸਿਰ ਫੇਰ ਦਿੱਤਾ। ਇਸ ਤੋਂ ਇਲਾਵਾ ਦੋਨਾਂ ਭਰਾਵਾਂ ਚੋਂ ਇੱਕ ਦਾ ਫੋਨ ਦੋਸ਼ੀ ਨੇ ਆਪਣੇ ਟਰੱਕ ਥੱਲੇ ਦੇ ਕੇ ਤੋੜ ਦਿੱਤਾ ਤੇ ਦੂਸਰੇ ਭਰਾ ਦਾ ਫੋਨ ਰਾਸਤੇ ਚੋ ਇੱਕ ਕਿਸਾਨ ਨੂੰ ਲੱਭਾ ਤੇ ਜਦੋਂ ਉਸ ਉਪੱਰ ਰਿੰਗ ਵੱਜੀ ਤਾਂ ਉਸਨੂੰ ਸੁਣ ਕੇ ਦੱਸਿਆ ਤੇ ਉਸਦੇ ਖੇਤਾਂ ਲਾਗੇ ਹੀ ਲਾਸ਼ਾ ਬਰਾਮਦ ਹੋਈਆਂ।

# ਅਮਰੀਕਾ ਵਿਚ ਸਥਾਪਿਤ ਹੋਣ ਦਾ ਸੁਪਨਾ ਪੰਜਾਬੀ ਪਰਿਵਾਰ ਨੂੰ ਰਾਸ ਨਾ ਆਇਆ

**ਸੈਕਰਾਮੈਂਟੋ 11 ਅਕਤੂਬਰ–** ਕੈਲੀਫੋਰਨੀਆ ਵਿਚ ਇਕ 8 ਮਹੀਨਿਆਂ ਦੀ ਬੱਚੀ ਸਮੇਤ ਕਤਲ ਕਰ ਦਿੱਤੇ ਗਏ 4 ਜੀਆਂ ਦੇ ਪਰਿਵਾਰ ਦਾ ਕਹਿਣਾ ਹੈ ਕਿ ਜਸਦੀਪ ਸਿੰਘ ਤੇ ਅਮਨਦੀਪ ਸਿੰਘ ਨੂੰ ਅਮਰੀਕਾ ਵਿਚ ਸਥਾਪਿਤ ਹੋਣ ਦਾ ਸੁਪਨਾ ਰਾਸ ਨਹੀਂ ਆਇਆ। ਪਰਿਵਾਰ ਦਾ ਕਹਿਣਾ ਹੈ ਕਿ ਅਮਰੀਕਾ ਆ ਕੇ ਉਨਾਂ ਨੇ 18 ਸਾਲ ਪਰਿਵਾਰ ਦੀ ਸੁਰੱਖਿਆ, ਖੁਸ਼ਹਾਲੀ ਤੇ ਚੰਗੇ ਭਵਿੱਖ ਲਈ ਦਿਨ ਰਾਤ ਕੰਮ ਕੀਤਾ। ਉਨਾਂ ਦੇ ਸੁਪਨੇ ਓਦੋਂ ਸਦਾ ਲਈ ਮਿੱਟੀ ਵਿਚ ਮਿਲ ਗਏ ਜਦੋਂ ਜਸਲੀਨ ਕੌਰ (27), ਜਸਦੀਪ ਸਿੰਘ (36), ਉਨਾਂ ਦੀ ਬੱਚੀ ਅਰੂਹੀ ਢੇਰੀ ਤੇ ਬੱਚੀ ਦੇ ਤਾਏ ਅਮਨਦੀਪ ਸਿੰਘ (39) ਨੂੰ 3 ਅਕਤੂਬਰ ਨੂੰ ਉਨਾਂ ਦੇ ਟਰਕਿੰਗ ਕਾਰੋਬਾਰ ਸਥਾਨ ਤੋਂ ਅਗਵਾ ਕਰਕੇ 2 ਦਿਨ ਬਾਅਦ ਕਤਲ ਕਰ ਦਿੱਤਾ ਗਿਆ। ਇਹ ਪ੍ਰਗਟਾਵਾ ਪਰਿਵਾਰ ਨੇ ਗੋ–ਾਨਦਮਏ।ਚੋਮ ਉਪਰ ਕੀਤਾ ਹੈ। ਮਰਸਡ ਕਾਉਂਟੀ ਦੇ ਸ਼ੈਰਿਫ ਦਫਤਰ ਨੇ ਕਿਹਾ ਹੈ ਕਿ ਪਰਿਵਾਰ ਲਈ ਫੰਡ ਜੁਟਾਉਣ ਦੀ ਲੋੜ ਹੈ ਤੇ ਉਕਤ ਇਕੋ ਇਕ ਅਧਿਕਾਰਤ ਖਾਤਾ ਹੈ ਜਿਸ ਉਪਰ ਫੰਡ ਦਿੱਤਾ ਜਾ ਸਕਦਾ ਹੈ। ਪਰਿਵਾਰ ਨੇ ਗੋਫੰਡਮੀ। ਕਾਮ ਪੇਜ਼ ਉਪਰ ਕਿਹਾ ਹੈ ਕਿ ਮਾਰੇ ਗਏ ਦੋਨੋਂ ਭਰਾ ਅਮਨਦੀਪ ਸਿੰਘ ਤੇ ਜਸਦੀਪ ਸਿੰਘ ਹੀ ਪਰਿਵਾਰ ਦੀ



ਆਮਦਨੀ ਦਾ ਸਾਧਨ ਸਨ ਤੇ ਉਹ ਹੀ ਆਪਣੇ ਮਾਤਾ ਪਿਤਾ ਰਣਧੀਰ ਸਿੰਘ ਤੇ ਕਿਰਪਾਲ ਕੌਰ, ਅਮਨਦੀਪ ਸਿੰਘ ਦੀ ਪਤਨੀ ਜਸਪ੍ਰੀਤ ਕੌਰ ਤੇ ਉਨਾਂ ਦੇ ਦੋ ਬੱਚਿਆਂ 6 ਸਾਲਾ ਏਕਮ ਤੇ 9 ਸਾਲਾ ਸੀਰਤ ਦਾ ਪਾਲਣ ਪੋਸ਼ਣ ਕਰਦੇ ਸਨ। 2,50,000 ਡਾਲਰ ਫੰਡ ਇਕੱਠਾ ਕਰਨ ਦਾ ਟੀਚਾ ਰੱਖਿਆ ਗਿਆ ਹੈ। ਇਹ ਪੈਸਾ ਏਕਮ ਤੇ ਸੀਰਤ ਦੀ ਪੜਾਈ, ਜਸਪ੍ਰੀਤ ਕੌਰ ਤੇ ਬਜੁਰਗ ਮਾਪਿਆਂ ਦੀ ਸਹਾਇਤਾ ਲਈ ਖਰਚ ਕੀਤਾ ਜਾਵੇਗਾ। ਪਰਿਵਾਰ ਅਨੁਸਾਰ ਅਮਨਦੀਪ ਸਿੰਘ ਅਕਸਰ ਸਥਾਨਕ ਫੂਡ ਬੈਂਕ ਨੂੰ ਭੋਜਨ ਦਾਨ ਕਰਦਾ ਸੀ ਤੇ ਉਹ ਹਰ ਐਤਵਾਰ ਗੁਰੂ ਘਰ ਵਿਚ ਸੇਵਾ ਕਰਨੀ ਨਹੀਂ ਸੀ ਭੁਲਦਾ। ਜਸਦੀਪ ਸਿੰਘ ਤੇ ਜਸਲੀਨ ਕੌਰ ਦਾ 3 ਸਾਲ ਪਹਿਲਾਂ ਵਿਆਹ ਹੋਇਆ ਸੀ ਤੇ ਪਿਛਲੇ 2 ਸਾਲ ਤੋਂ ਉਹ ਅਮਰੀਕਾ ਵਿਚ ਇਕੱਠੇ ਰਹਿ ਰਹੇ ਸਨ। 8 ਮਹੀਨੇ ਪਹਿਲਾਂ ਬੱਚੀ ਅਰੂਹੀ ਦੇ ਪੈਦਾ ਹੋਣ ਉਪਰੰਤ ਘਰ ਵਿਚ ਨਵੀਆਂ ਖੁਸ਼ੀਆਂ ਨੇ ਦਸਤਕ ਦਿੱਤੀ ਸੀ ਤੇ ਉਸ ਦੇ ਦਾਦਾ- ਦਾਦੀ ਰਣਧੀਰ ਸਿੰਘ ਤੇ ਕਿਰਪਾਲ ਕੌਰ ਅਰੂਹੀ ਦੀ ਲੋਹੜੀ ਮਨਾਉਣ ਦੀਆਂ ਤਿਆਰੀਆਂ ਕਰ ਰਹੇ ਸਨ। ਪਰਿਵਾਰ ਦੀ ਭਾਰਤ ਜਾ ਕੇ ਲੋਹੜੀ ਮਨਾਉਣ ਦੀ ਯੋਜਨਾ ਸੀ ਪਰੰਤੂ ਇਹ ਸਭ ਕੁਝ ਤਬਾਹ ਹੋ ਗਿਆ। ਹੁਣ ਪਰਿਵਾਰ ਦੇ ਬਾਕੀ ਜੀਆਂ ਕੋਲ ਯਾਦਾਂ ਦੇ ਸਹਾਰੇ ਜੀਣ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਰਿਹਾ।

# ਅਮਰੀਕਾ ਵਿਚ ਹੋਈ ਪੰਜਾਬੀ ਪਰਿਵਾਰ ਦੀ ਹੱਤਿਆ ਵਿੱਚ ਇਕ ਤੋਂ ਵਧ ਲੋਕ ਸ਼ਾਮਿਲ-ਪੁਲਿਸ ਦਾ ਦਾਅਵਾ

**ਸੈਕਰਾਮੈਂਟੋ 7 ਅਕਤੂਬਰ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਕੈਲੀਫੋਰਨੀਆ ਰਾਜ ਵਿਚ ਇਕ ਹੱਸਦੇ ਵੱਸਦੇ ਪੰਜਾਬੀ ਪਰਿਵਾਰ ਦੇ ਇਕ 8 ਮਹੀਨਿਆਂ ਦੀ ਬੱਚੀ ਸਮੇਤ 4 ਜੀਆਂ ਨੂੰ ਅਗਵਾ ਕਰਕੇ ਕੀਤੀ ਹੱਤਿਆ ਦੇ ਮਾਮਲੇ ਵਿਚ ਪੁਲਿਸ ਨੇ ਅਜੇ ਤੱਕ ਗ੍ਰਿਫਤਾਰ ਕੀਤੇ ਇਕ 48 ਸਾਲਾਂ ਦੇ ਮੈਕਸੀਕਨ ਮੂਲ ਦੇ ਹਸੂਸ ਮੈਨੂਅਲ ਸਲਗਾਡੋ ਵਿਰੁੱਧ ਕੋਈ ਮਾਮਲਾ ਦਰਜ ਨਹੀਂ ਕੀਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਇਹ ਕੰਮ ਇਕੱਲੇ ਸਲਗਾਡੋ ਦਾ ਨਹੀਂ ਹੈ। ਇਸ ਅਤਿ ਘਿਣਾਉਣੇ ਜੁਰਮ ਵਿਚ ਉਸ ਨਾਲ ਹੋਰ ਲੋਕ ਸ਼ਾਮਲ ਹੋ ਸਕਦੇ ਹਨ ਜਿਸਦਾ ਕਿ ਪਹਿਲਾਂ ਹੀ ਸ਼ੱਕ ਕੀਤਾ ਜਾ ਰਿਹਾ ਸੀ। ਮਰਸਡ ਕਾਊਂਟੀ ਦੇ ਸ਼ੈਰਫ ਮੁੱਖੀ ਵੇਰਨ ਵੇਰਨਕੀ ਦਾ ਮੰਨਣਾ ਹੈ ਕਿ ਪੁਲਿਸ ਵੱਲੋਂ ਅਧਿਕਾਰਤ ਤੌਰ 'ਤੇ ਪਰਿਵਾਰ ਦੇ ਲਾਪਤਾ ਹੋਣ ਦੀ ਸੂਚਨਾ ਜਾਰੀ ਕਰਨ ਤੋਂ ਪਹਿਲਾਂ ਹੀ ਉਨਾਂ ਦੀ ਹੱਤਿਆ ਹੋ ਗਈ ਸੀ। ਉਨਾਂ ਕਿਹਾ ਹੈ ਕਿ ਅਜਿਹਾ ਲੱਗਦਾ ਹੈ ਕਿ ਜਿਸ ਸਥਾਨ ਤੋਂ ਲਾਸ਼ਾਂ ਮਿਲੀਆਂ ਹਨ, ਉਸ ਜਗਾ 'ਤੇ ਹੀ ਉਨਾਂ ਦੀ ਹੱਤਿਆ ਕੀਤੀ ਗਈ ਹੈ। ਪਰਿਵਾਰ ਦੇ ਜੀਆਂ ਨੂੰ ਮਾਰਨ ਲਈ ਕੀ ਢੰਗ-ਤਰੀਕਾ ਵਰਤਿਆ ਗਿਆ ਇਸ ਬਾਰੇ ਵੀ ਪੁਲਿਸ ਨੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ। ਸ਼ੈਰਫ ਮੁੱਖੀ ਵਾਰਨਕੇ ਅਨੁਸਾਰ ਸਲਗਾਡੋ ਮੁੱਖ ਦੋਸ਼ੀ ਹੈ ਪਰੰਤੂ ਜਾਂਚਕਾਰਾਂ ਦਾ ਵਿਸ਼ਵਾਸ਼ ਹੈ ਕਿ ਪਰਿਵਾਰ ਦੀ ਹੱਤਿਆ ਵਿੱਚ ਹੋਰ ਲੋਕ ਵੀ ਸ਼ਾਮਿਲ ਹੋ ਸਕਦੇ ਹਨ ਜਿਨਾਂ ਦਾ ਪਤਾ ਲਾਇਆ ਜਾ ਰਿਹਾ ਹੈ। ਸ਼ੈਰਫ ਮੁੱਖੀ ਵੇਰਨ ਵੇਰਨਕੀ ਨੇ ਕਿਹਾ ਹੈ ਕਿ ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਇਸ ਮਾਮਲੇ ਵਿਚ ਇਕ ਤੋਂ ਵਧ ਵਿਅਕਤੀ ਸ਼ਾਮਿਲ ਹਨ ਜਿਨਾਂ ਨੂੰ ਕਟਹਿਰੇ ਵਿਚ ਖੜਾ ਕੀਤਾ ਜਾਵੇਗਾ। ਹੱਤਿਆਵਾਂ ਕਿਉਂ ਕੀਤੀਆਂ ਗਈਆਂ, ਇਸ ਬਾਰੇ ਵੀ ਪੁਲਿਸ ਨੇ ਅਜੇ ਕੋਈ ਖੁਲਾਸਾ ਨਹੀਂ ਕੀਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਉਹ ਹੱਤਿਆ ਪਿੱਛੇ ਕਾਰਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਮ੍ਰਿਤਕਾਂ ਵਿਚ 8 ਮਹੀਨੇ ਦੀ ਬੱਚੀ ਅਰੂਹੀ ਢੇਰੀ, ਉਸ ਦੇ ਮਾਤਾ ਪਿਤਾ ਜਸਲੀਨ ਕੌਰ , ਜਸਦੀਪ ਸਿੰਘ ਤੇ ਤਾਇਆ ਅਮਨਦੀਪ ਸਿੰਘ ਸ਼ਾਮਿਲ ਹੈ ਜਿਨਾਂ ਦੀਆਂ ਲਾਸ਼ਾਂ ਬੀਤੇ ਦਿਨ ਪੁਲਿਸ ਨੇ ਬਰਾਮਦ ਕਰ ਲਈਆਂ ਸਨ। ਇਥੇ ਜਿਕਰਯੋਗ ਹੈ ਗ੍ਰਿਫਤਾਰ ਸਲਗਾਡੋ ਪਹਿਲਾਂ ਇਕ ਦਹਾਕਾ ਤੋਂ ਵਧ ਸਮਾਂ ਜੇਲ ਵਿਚ ਰਹਿ ਚੁੱਕਾ ਹੈ ਉਹ ਵੀ ਅਗਵਾ ਦਾ ਹੀ ਕੇਸ ਸੀ । ਜਨਵਰੀ 2007 ਵਿਚ ਉਸ ਨੂੰ ਇਕ ਮਾਮਲੇ ਵਿਚ 11 ਸਾਲ ਦੀ ਸਜ਼ਾ ਹੋਈ ਸੀ। ਜੂਨ 2015 ਵਿਚ ਉਹ ਪੈਰੋਲ ਉਪਰ ਰਿਹਾਅ ਹੋਇਆ ਸੀ। ਪੈਰੋਲ ਸੁਪਰਵੀਜ਼ਨ ਸਮਾਂ ਜੂਨ 2018 ਵਿਚ ਸਮਾਪਤ ਹੋਇਆ ਸੀ।





ਦੂਸਰੇ ਪਾਸੇ ਇਸ ਸਦਮੇ ਤੋਂ ਸਹਿਮੇ ਹੋਏ ਪੰਜਾਬੀ ਭਾਈਚਾਰੇ ਵਲੋਂ ਸ਼ੁਕਰਵਾਰ ਤੇ ਸ਼ਨੀਵਾਰ ਨੂੰ ਮਰਸਿਡ, ਸਟਾਕਟਨ, ਸੈਕਰਾਮੈਂਟੋ ਤੇ ਹੋਰ ਵੱਖ ਵੱਖ ਥਾਵਾਂ ਤੇ ਸ਼ੋਕ ਸਭਾਵਾਂ ਤੋਂ ਇਲਾਵਾ ਕੈਂਡਲ ਵਿਜ਼ਲ ਕੀਤੇ ਜਾ ਰਹੇ ਹਨ, ਸ਼ਨੀਵਾਰ ਨੂੰ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਦੇ ਕੈਪੀਟਲ ਭਾਵ ਗਵਰਨਰ ਹਾਊਸ ਅੱਗੇ ਕੈਂਡਲ ਵਿਜ਼ਲ ਕੀਤਾ ਜਾ ਰਿਹਾ ਹੈ ਜਿਸ ਵਿੱਚ ਸੈਕਰਾਮੈਂਟੋ ਮੇਅਰ, ਅਸੈਂਬਲੀਮੈਨ, ਕਾਂਗਰਸਮੈਂਨ ਤੇ ਸੈਨੇਟਰ ਤੋਂ ਇਲਾਵਾ ਸਿੱਖ ਭਾਈਚਾਰਾ ਸਮੂਲੀਅਤ ਕਰ ਰਿਹਾ ਹੈ।

# ਮਰਸਡ, ਕੈਲੀਫੋਰਨੀਆ ਵਿੱਚ ਪੰਜਾਬੀ ਪਰਿਵਾਰ ਦੇ ਕਾਤਲ ਦਾ ਭਰਾ ਵੀ ਸ਼ਾਜਿਸ਼ ਵਿੱਚ ਸ਼ਾਮਿਲ, ਪੁਲੀਸ ਵਲੋਂ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਬੀਤੇ ਦਿਨੀਂ ਮਰਸਿਡ, ਕੈਲੀਫੋਰਨੀਆ ਚ ਪੰਜਾਬੀ ਪਰਿਵਾਰ ਦੇ ਕੀਤੇ ਗਏ ਕਤਲ ਦੀ ਲੜੀ ਤੇ ਕੜੀ ਨੂੰ ਅੱਗੇ ਜੋੜਦਿਆਂ ਪੁਲੀਸ ਉਚ ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਘੋਸ਼ਣਾ ਕੀਤੀ ਕਿ ਇੱਕ 8 ਮਹੀਨੇ ਦੀ ਬੱਚੀ ਸਮੇਤ ਇੱਕ ਮਰਸਿਡ ਪਰਿਵਾਰ ਦੇ ਚਾਰ ਮੈਂਬਰਾਂ ਨੂੰ ਅਗਵਾ ਕਰਨ ਅਤੇ ਕਤਲ ਕਰਨ ਦੇ ਸ਼ੱਕ ਵਿੱਚ ਹਸੂਸ ਮੈਨੁਅਲ ਸਲਗਾਡੋ ਦੇ ਭਰਾ ਨੂੰ ਉਸਦੀ ਮੱਦਦ ਕਰਨ ਦੇ ਸ਼ੱਕ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਪੰਜਾਬੀ ਭਾਈਚਾਰਾ ਤੇ ਲਾਅ ਇੰਫੋਰਸਮੈਨਟ ਏਜੰਸੀਜ ਵੀ ਪਹਿਲਾਂ ਤੋਂ ਹੀ ਇਹ ਕਿਆਫੇ ਲਗਾ ਰਹੀਆਂ ਸਨ ਕਿ ਇਹ ਵਾਰਦਾਤ ਇਕੱਲਾ ਆਦਮੀ ਨੇਪੜੇ ਨ੍ਹੀ ਚਾੜ ਸਕਦਾ। ਇਸੇ ਦੌਰਾਨ ਹੁਣ ਮਰਸਡ ਕਾਉਂਟੀ ਸ਼ੈਰਿਫ ਦੇ ਦਫਤਰ ਦੇ ਇਕ ਬਿਆਨ ਅਨੁਸਾਰ, ਅਲਬਰਟੋ ਸਲਗਾਡੋ ਨੂੰ ਅਪਰਾਧਿਕ ਸਾਜ਼ਿਸ਼, ਸਹਾਇਕ ਅਤੇ ਸਬੂਤ ਨਸ਼ਟ ਕਰਨ ਦੇ ਸ਼ੱਕ 'ਤੇ ਗ੍ਰਿਫਤਾਰ ਕੀਤਾ ਗਿਆ ਸੀ। ਉਸ ਦੇ ਭਰਾ ਹਸੂਸ ਮੈਨੁਅਲ ਸਲਗਾਡੋ (48) ਨੂੰ ਮੰਗਲਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ 'ਤੇ ਹੱਤਿਆ ਅਤੇ ਅਗਵਾ ਦਾ ਮਾਮਲਾ ਦਰਜ ਕੀਤਾ ਗਿਆ ਹੈ। ਜਸਦੀਪ ਸਿੰਘ (36), ਉਸਦੀ ਪਤਨੀ, ਜਸਲੀਨ ਕੌਰ (27), ਜੋੜੇ ਦੀ 8 ਮਹੀਨੇ ਦੀ ਨਬਾਲਗ ਧੀ, ਆਰੋਹੀ ਢੇਰੀ ਉਸਦੇ ਭਰਾ ਅਮਨਦੀਪ ਸਿੰਘ (39) ਨੂੰ ਸੋਮਵਾਰ ਨੂੰ ਸਾਊਥ ਹਾਈਵੇਅ 59 'ਤੇ ਮਰਸਿਡ 'ਤੇ ਪਰਿਵਾਰਕ ਕਾਰੋਬਾਰ, ਯੂਨੀਸਨ ਟਰੱਕਿੰਗ ਤੋਂ ਬੰਦੂਕ ਦੀ ਨੋਕ 'ਤੇ ਲਿਆ ਗਿਆ। ਜਸਦੀਪ ਅਤੇ ਅਮਨਦੀਪ ਦੇ ਭਰਾ ਸੁਖਦੀਪ ਸਿੰਘ ਨੇ ਪੁਸ਼ਟੀ ਕੀਤੀ ਸੀ ਕਿ ਹਸੂਸ ਸਾਲਗਾਡੋ ਪਰਿਵਾਰ ਦੀ ਕੰਪਨੀ ਲਈ ਕੰਮ ਕਰਦਾ ਸੀ ਜਿਸਨੇ ਕਰੀਬ ਇੱਕ ਮਹੀਨਾ ਉਨਾਂ ਲਈ ਕੰਮ ਕੀਤਾ। ਬੁੱਧਵਾਰ ਨੂੰ ਕਾਉਂਟੀ ਦੀ ਦਰੱਖਤਾਂ ਵਾਲੀ ਥਾਂ ਵਿੱਚ ਲਾਸ਼ਾਂ ਨੂੰ ਲੱਭਣ ਵਾਲੇ ਅਧਿਕਾਰੀਆਂ ਦੁਆਰਾ ਵੀਡੀਓ ਫੁਟੇਜ ਜਾਰੀ ਕੀਤੀ ਗਈ ਸੀ ਜਿਸ ਵਿੱਚ ਦਿਖਾਇਆ ਗਿਆ ਸੀ ਕਿ ਕਿਵੇਂ ਅਲਬਰਟੋ ਸਲਗਾਡੋ ਨੇ ਇਕੋ ਪਰਿਵਾਰ ਦੇ ਚਾਰ ਜੀਆਂ ਨੂੰ ਅਗਵਾ ਕੀਤਾ ਗਿਆ ਸੀ।



ਮਰਸਡ ਕਾਉਂਟੀ ਸ਼ੈਰਿਫ ਵੇਰਨ ਵਾਰਨਕੇ ਨੇ ਪਹਿਲੀ ਪ੍ਰੈਸ ਕਾਨਫਰੰਸ ਚ ਕਿਹਾ ਸੀ ਕਿ ਸ਼ੱਕੀ ਲਈ "ਨਰਕ ਇੱਕ ਖਾਸ ਜਗ੍ਹਾ ਹੈ"। ਅੱਜ ਵੱਖ ਤੇ ਕੱਲ੍ਹ ਵੱਖ ਵੱ ਸ਼ਹਿਰਾਂ ਵਿੱਚ ਇਸ ਕਤਲ ਕੀਤੇ ਗਏ ਪੰਜਾਬੀ ਪਰਿਵਾਰ ਪ੍ਰਤੀ ਕੈਂਡਲ ਲਈਲ ਵਿਜ਼ਲ ਕੀਤਾ ਜਾ ਰਿਹਾ ਹੈ। ਕਈ ਦਿਨਾਂ ਤੋਂ ਸਿਰਫ ਪੰਜਾਬੀ ਭਾਈਚਾਰਾ ਹੀ ਸਦਮੇ ਚ ਨਹੀਂ ਹੈ, ਇਸ ਤੋਂ ਇਲਾਵਾ ਬਾਕੀ ਅਮਰੀਕਨ ਸਾਰੇ ਭਾਈਚਾਰੇ ਵੀ ਇਸ ਘਟਨਾ ਪ੍ਰਤੀ ਸੰਵੇਦਨਾ ਜਾਹਰ ਕਰ ਰਹੇ ਹਨ ਤੇ ਸ਼ੋਸਲ ਨੈਟਵਰਕ ਤੇ ਦੁੱਖ ਪ੍ਰਗਟ ਕਰ ਰਹੇ ਹਨ।

# ਰਾਸ਼ਟਰਪਤੀ ਬਾਈਡਨ ਦੀ ਵਿਦਿਆਰਥੀਆਂ ਦਾ ਕਰਜਾ ਮੁਆਫ ਕਰਨ ਵਿਰੁੱਧ ਦਾਇਰ ਪਟੀਸ਼ਨ ਰੱਦ

**ਸੈਕਰਾਮੈਂਟੋ 8 ਅਕਤੂਬਰ (ਹੁਸਨ ਲੜੋਆ ਬੰਗਾ) –** ਇਕ ਫੈਡਰਲ ਡਿਸਟ੍ਰਿਕਟ ਜੱਜ ਨੇ ਇਕ ਕੰਜਰਵੇਟਿਵ ਗਰੁੱਪ ਵੱਲੋਂ ਰਾਸ਼ਟਰਪਤੀ ਜੋ ਬਾਈਡਨ ਦੀ ਵਿਦਿਆਰਥੀਆਂ ਦਾ ਕਰਜਾ ਮੁਆਫ ਕਰਨ ਦੀ ਯੋਜਨਾ ਵਿਰੁੱਧ ਦਾਇਰ ਪਟੀਸ਼ਨ ਰੱਦ ਕਰ ਦਿੱਤੀ।

'ਦ ਵਿਸਕੋਨਸਿਨ ਇੰਸਟੀਚਿਊਟ ਫਾਰ ਲਾਅ ਐਂਡ ਲਿਬਰਟੀ' ਨੇ ਪਟੀਸ਼ਨ ਦਾਇਰ ਕਰਕੇ ਰਾਸ਼ਟਰਪਤੀ ਬਾਈਡਨ ਤੇ ਯੂ ਐਸ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦੇ ਕਰਜਾ ਮੁਆਫ ਕਰਨ ਦੇ ਫੈਸਲੇ ਨੂੰ ਚੁਣੌਤੀ ਦਿੰਦਿਆਂ ਦਲੀਲ ਦਿੱਤੀ ਸੀ ਕਿ ਵਿਦਿਆਰਥੀਆਂ ਦੇ 20000 ਡਾਲਰ ਤੱਕ ਦਾ ਕਰਜਾ ਮੁਆਫ ਕਰਨ ਦੀ ਯੋਜਨਾ ਰਾਹੀਂ ਲੱਖਾਂ -ਕਰੋੜਾਂ ਹੋਰ ਕਰ-ਜਦਾਰਾਂ ਨਾਲ ਧੋਖਾ ਕੀਤਾ ਗਿਆ ਹੈ। ਇਸ ਪਟੀਸ਼ਨ ਨੇ ਕੌਮੀ ਪੱਧਰ ਉਪਰ ਲੋਕਾਂ ਦਾ ਧਿਆਨ ਖਿੱਚਿਆ ਸੀ ਜਿਸ ਪਟੀਸ਼ਨ ਵਿਚ ਕਰਜਾ ਮੁਆਫੀ ਯੋਜਨਾ ਰਾਹੀਂ ਨਸਲੀ ਮੁੱਦੇ ਨੂੰ ਵਰਤਣ ਦੀ ਗੱਲ ਵੀ ਕਹੀ ਗਈ ਸੀ।

ਵਾਈਟ ਹਾਊਸ ਨੇ ਕਿਹਾ ਸੀ ਕਿ ਕਰਜਾ ਮੁਆਫੀ ਯੋਜਨਾ ਨਸਲੀ ਧਨ-ਦੌਲਤ ਪਾੜਾ ਘਟਾਵੇਗੀ ਤੇ ਨਸਲੀ ਸਮਾਨਤਾ ਪੈਦਾ ਹੋਵੇਗੀ। ਪਟੀਸ਼ਨਕਾਰਾਂ ਨੇ ਇਸ ਵਿਰੁੱਧ ਦਲੀਲ ਦਿੱਤੀ ਕਿ ਇਸ ਯੋਜਨਾ ਰਾਹੀਂ ਹਰ ਇਕ ਲਈ ਬਰਾਬਰ ਸੰਵਿਧਾਨਕ ਸੁਰੱਖਿਆ ਗਾਰੰਟੀ ਦੀ ਉਲੰਘਣਾ ਕੀਤੀ ਗਈ ਹੈ। ਪਟੀਸ਼ਨਕਰਤਾਵਾਂ ਨੇ ਜੱਜ ਦੇ ਫੈਸਲੇ ਨੂੰ ਚੁਣੌਤੀ ਦੇਣ ਦਾ ਫੈਸਲਾ ਕੀਤਾ ਹੈ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਅਮਰੀਕਾ ਦੇ ਟੈਨੇਸੀ ਰਾਜ ਵਿਚ 2 ਕੁੱਤਿਆਂ ਦੇ ਹਮਲੇ ਵਿੱਚ 2 ਬੱਚਿਆਂ ਦੀ ਮੌਤ, ਮਾਂ ਗੰਭੀਰ ਜ਼ਖਮੀ

**ਸੈਕਰਾਮੈਂਟੋ 8 ਅਕਤੂਬਰ (ਹੁਸਨ ਲੜੋਆ ਬੰਗਾ) –** ਅਮਰੀਕਾ ਦੇ ਪੱਛਮੀ ਟੈਨੇਸੀ ਰਾਜ ਵਿਚ ਦੋ ਪਿੱਟ ਬੁਲਜ ਕੁੱਤਿਆਂ ਦੇ ਹਮਲੇ ਵਿਚ ਦੋ ਬੱਚਿਆਂ ਦੀ ਮੌਤ ਹੋ ਗਈ ਜਦ ਕਿ ਉਨਾਂ ਦੀ ਮਾਂ ਗੰਭੀਰ ਜ਼ਖਮੀ ਹੋ ਗਈ। ਸ਼ੈਲਬਾਈ ਕਾਊਂਟੀ ਦੇ ਸ਼ੈਰਿਫ ਦਫਤਰ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਹ ਹਮਲਾ ਪਰਿਵਾਰ ਦੇ ਮੈਮਫਿਸ ਖੇਤਰ ਵਿਚ ਘਰ ਦੇ ਬਾਹਰ ਹੋਇਆ। ਕੁੱਤਿਆਂ ਨੇ ਜਦੋਂ 5 ਮਹੀਨਿਆਂ ਦੇ ਲੜਕੇ ਹੋਲੇਸ ਡੀਨ ਤੇ 2 ਸਾਲਾਂ ਦੀ ਕੁੜੀ ਲਿਲੀ ਜੇਨ ਉਪਰ ਹਮਲਾ ਕੀਤਾ ਤਾਂ ਉਨਾਂ ਦੀ 30 ਸਾਲਾ ਮਾਂ ਕ੍ਰਿਸਟੀ ਬੇਨਾਰਡ ਨੇ ਉਨਾਂ ਨੂੰ ਬਚਾਉਣ ਦਾ ਪੂਰਾ ਯਤਨ ਕੀਤਾ। ਉਹ ਬੱਚਿਆਂ ਉਪਰ ਲੰਮੀ ਪੈ ਗਈ ਪਰੰਤੂ ਉਸ ਦੀ ਇਹ ਕੋਸ਼ਿਸ਼ ਨਾਕਾਮ ਰਹੀ ਤੇ ਖੁਦ ਆਪ ਵੀ ਬੁਰੀ ਤਰਾਂ ਜ਼ਖਮ ਹੋ ਗਈ। ਦੋਨਾਂ ਬੱਚਿਆਂ ਨੂੰ ਮੌਕੇ ਉਪਰ ਹੀ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਮਾਂ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਸ਼ੈਰਿਫ ਦਫਤਰ ਵਿਚ ਲੋਕ ਸੰਪਰਕ ਅਫਸਰ ਵਜੋਂ ਤਾਇਨਾਤ ਜੌਹਨ ਮੌਰਿਸ ਨੇ ਕਿਹਾ ਹੈ ਕਿ ਮਾਮਲੇ ਦੀ ਤੇਜੀ ਨਾਲ ਜਾਂਚ ਕੀਤੀ ਜਾ ਰਹੀ ਹੈ ਤੇ ਅਜੇ ਤੱਕ ਮਾਮਲਾ ਦਰਜ ਨਹੀਂ ਕੀਤਾ ਗਿਆ ਹੈ।



# ਨਿਊਯਾਰਕ ਦੇ ਮੇਅਰ ਨੇ ਪ੍ਰਵਾਸੀਆਂ ਦੇ ਸੰਕਟ ਨਾਲ ਨਜਿੱਠਣ ਲਈ ਹੰਗਾਮੀ ਸਥਿੱਤੀ ਦਾ ਕੀਤਾ ਐਲਾਨ


**ਸੈਕਰਾਮੈਂਟੋ 8 ਅਕਤੂਬਰ (ਹੁਸਨ ਲੜੋਆ ਬੰਗਾ) –** ਨਿਊਯਾਰਕ ਦੇ ਮੇਅਰ ਏਰਿਕ ਐਡਮਜ ਨੇ ਸ਼ਹਿਰ ਵਿਚ ਭਾਰੀ ਤਾਦਾਦ ਵਿਚ ਪਹੁੰਚੇ ਪ੍ਰਵਾਸੀਆਂ ਵੱਲੋਂ ਪੈਦਾ ਕੀਤੇ ਹਾਲਾਤ ਨਾਲ ਨਜਿੱਠਣ ਲਈ ਹੰਗਾਮੀ ਸਥਿੱਤੀ ਦਾ ਐਲਾਨ ਕੀਤਾ ਹੈ। ਉਨਾਂ ਕਿਹਾ ਹੈ ਕਿ ਇਸ ਵਿੱਤੀ ਸਾਲ ਦੌਰਾਨ ਪ੍ਰਵਾਸੀਆਂ ਉਪਰ ਇਕ ਅਰਬ ਡਾਲਰ ਦਾ ਖਰਚ ਆਵੇਗਾ।

ਉਨਾਂ ਕਿਹਾ ਹੈ ਕਿ ਨਿਊਯਾਰਕ ਵਿਚ ਛੋਟੇ ਬੱਚਿਆਂ ਸਮੇਤ ਭਾਰੀ ਗਿਣਤੀ ਵਿਚ ਪ੍ਰਵਾਸੀ ਪਹੁੰਚ ਰਹੇ ਹਨ ਜਿਨਾਂ ਨੂੰ ਤੁਰੰਤ ਰਹਿਣ ਲਈ ਜਗਾ ਦੀ ਲੋੜ ਹੈ। ਮੇਅਰ ਨੇ ਹਾਲਾਤ ਨਾਲ ਨਜਿੱਠਣ ਲਈ ਹੰਗਾਮੀ ਸਥਿੱਤੀ ਦਾ ਐਲਾਨ ਕਰਦਿਆਂ ਸੰਘੀ ਸਰਕਾਰ ਤੇ ਰਾਜ ਸਰਕਾਰ ਨੂੰ ਸਹਾਇਤਾ ਦੀ ਅਪੀਲ ਕੀਤੀ ਹੈ। ਮੇਅਰ ਨੇ ਕਿਹਾ ਹੈ ਕਿ ਹੰਗਾਮੀ ਸਥਿੱਤੀ 30 ਦਿਨਾਂ ਲਈ ਲਾਗੂ ਰਹੇਗੀ ਤੇ ਇਸ ਮਿਆਦ ਨੂੰ ਲੋੜ ਅਨੁਸਾਰ ਵਧਾਇਆ ਵੀ ਜਾ ਸਕਦਾ ਹੈ।

ਮੇਅਰ ਅਨੁਸਾਰ ਇਸ ਸਮੇ 61000 ਪ੍ਰਵਾਸੀ ਪਨਾਹ ਘਰਾਂ ਵਿਚ ਰਹਿ ਰਹੇ ਹਨ ਜਦ ਕਿ ਹਜਾਰਾਂ ਹੋਰਨਾਂ ਨੂੰ ਅਜੇ ਰਹਿਣ ਲਈ ਜਗਾ ਨਹੀਂ ਦਿੱਤੀ ਜਾ ਸਕੀ। ਉਨਾਂ ਕਿਹਾ ਕਿ ਇਸ ਸਾਲ ਅਪ੍ਰੈਲ ਤੋਂ ਬਾਅਦ ਦੱਖਣੀ ਸਰਹੱਦ ਤੋਂ 17000 ਤੋਂ ਵਧ ਸ਼ਰਨ ਲੈਣ ਦੇ ਚਾਹਵਾਨ ਪ੍ਰਵਾਸੀ ਬੱਸਾਂ ਰਾਹੀਂ ਨਿਊਯਾਰਕ ਪਹੁੰਚੇ ਹਨ।

# ਕੈਲੀਫੋਰਨੀਆ ਵਿਚ ਦੋ ਮਹੀਨੇ ਪਹਿਲਾਂ ਲਾਪਤਾ ਹੋਈ ਔਰਤ ਦੀ ਲਾਸ਼ ਮਿਲੀ

**ਸੈਕਰਾਮੈਂਟੋ 12 ਅਕਤੂਬਰ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਦੀ 2 ਮਹੀਨੇ ਤੋਂ ਵਧ ਸਮਾਂ ਪਹਿਲਾਂ ਲਾਪਤਾ ਹੋਈ ਜੋਲਿਸਾ ਫੂਨਟਸ (22) ਸਾਲਾ ਔਰਤ ਦੀ ਲਾਸ਼ ਸੀਰਾ ਨੇਵਾਡਾ ਦੀਆਂ ਪਹਾੜੀਆਂ ਵਿਚ ਉਸ ਦੀ ਹਾਦਸਾਗ੍ਰਸਤ ਹੋਈ ਕਾਰ ਵਿਚੋਂ ਬਰਾਮਦ ਹੋਈ ਹੈ। ਜੋਲਿਸਾ ਨੂੰ ਆਖਰੀ ਵਾਰ 6 ਅਗਸਤ ਨੂੰ ਵੇਖਿਆ ਗਿਆ ਸੀ ਜਿਥੇ ਉਹ ਇਕ ਸਮਾਗਮ ਵਿਚ ਮੌਜੂਦ ਸੀ। ਉਹ ਆਪਣਾ ਕੁਝ ਸਮਾਨ ਲੈਣ ਲਈ ਰਾਤ ਵੇਲੇ ਘਰ ਗਈ ਸੀ। ਪਰਿਵਾਰ ਨੇ 7 ਅਗਸਤ ਦੀ ਰਾਤ ਨੂੰ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਦਰਜ ਕਰਵਾਈ ਸੀ। ਕੁਝ ਦਿਨ ਉਸ ਦੀ ਭਾਲ ਕਰਨ ਉਪੰਰਤ ਪੁਲਿਸ ਨੇ ਕਿਹਾ ਸੀ ਕਿ ਉਹ ਇਸ ਮਾਮਲੇ ਨੂੰ ਅਪਰਾਧਕ ਮਾਮਲੇ ਵਜੋਂ ਨਜਿੱਠ ਰਹੀ ਹੈ। ਇਸ ਮਾਮਲੇ ਦੀ ਜਾਂਚ ਸੈਲਮਾ ਪੁਲਿਸ ਮੁੱਖੀ ਰੂਡੀ ਅਲਕਾਰਾਜ਼ ਦੀ ਅਗਵਾਈ ਵਿਚ ਚੱਲ ਰਹੀ ਸੀ।



# ਡਾ ਗੁਰੂਮੇਲ ਸਿੱਧੂ ਦਾ ਤੁਰ ਜਾਣਾ ਪੰਜਾਬੀ ਸਾਹਿਤ ਜਗਤ ਲਈ ਕਦੀ ਪੂਰਾ ਨਾ ਹੋਣ ਵਾਲਾ ਘਾਟਾ

ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਰਹਿੰਦੇ ਨਾਮਵਰ ਪੰਜਾਬੀ ਲੇਖਕ, ਕਵੀ, ਚਿੰਤਕ, ਵਿਗਿਆਨੀ ਅਤੇ ਪ੍ਰੋਫੈਸਰ ਡਾ: ਗੁਰੂਮੇਲ ਸਿੱਧੂ ਦੇ ਅਕਾਲ ਚਲਾਣੇ ਦੀ ਖਬਰ ਨਾਲ ਪੰਜਾਬੀ ਸਾਹਿਤਕ ਜਗਤ ਗਹਿਰੇ ਸੋਗ ਵਿੱਚ ਡੁੱਬ ਗਿਆ ਹੈ। ਡਾ: ਸਿੱਧੂ ਪਿਛਲੇ 3 ਹਫਤਿਆਂ ਤੋ ਬਿਮਾਰ ਸਨ ਅਤੇ ਫਰਿਜ਼ਨੋ ਹਸਪਤਾਲ ਦੇ ਆਈ ਸੀ ਯੂ ਵਿੱਚ ਜ਼ੇਰੇ ਇਲਾਜ਼ ਸਨ। ਕਲ੍ਹ ਉਹਨਾਂ ਦੀ ਤਬੀਬਤ ਹੋਰ ਗੰਭੀਰ ਹੋ ਗਈ। ਡਾਕਟਰ ਉਹਨਾਂ ਨੂੰ ਇਸ ਜਾਨ ਲੇਵਾ ਸਥਿਤੀ ਚੋਂ ਬਾਹਰ ਨਾ ਕੱਢ ਸਕੇ ਤਾਂ ਬੁੱਧਵਾਰ ਰਾਤ ਉਹ

**ਰਿਪੋਰਟ: ਲਾਜ ਨੀਲਮ ਸੈਣੀ**

ਇਸ ਸੰਸਾਰ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਕੇ ਤੁਰ ਗਏ। ਵਿਸ਼ਵ ਪੰਜਾਬੀ ਸਾਹਿਤ ਅਕਾਡਮੀ, ਕੈਲੀਫੋਰਨੀਆਂ ਦੇ ਪ੍ਰਧਾਨ ਸੁਖਵਿੰਦਰ ਕੰਬੋਜ ਅਤੇ ਜਰਨਲ ਸਕੱਤਰ ਕੁਲਵਿੰਦਰ ਨੇ ਦੱਸਿਆ ਕਿ ਡਾ: ਸਿੱਧੂ ਪੰਜਾਬੀ ਸਾਹਿਤਕ ਅਤੇ ਚਿੰਤਨ ਜਗਤ ਦੀ ਬਹੁਤ ਦਾਨਸ਼ਵਰ ਅਤੇ ਬੇਬਾਕ ਹਸਤੀ ਸਨ ਜਿਹਨਾਂ ਨੇ ਪੰਜਾਬੀ ਕਵਿਤਾ ਅਤੇ ਆਲੋਚਨਾ ਦੇ ਖੇਤਰ ਵਿੱਚ ਵੱਡਾ ਯੋਗਦਾਨ ਪਾਇਆ। ਪੰਜਾਬੀ ਕਵਿਤਾ ਅਤੇ ਚਿੰਤਨ ਵਿੱਚ ਉਹਨਾਂ ਦਾ ਨਾਮ ਬਹੁਤ ਉਚੇਰਾ ਹੈ। ਵਿਸ਼ਵ ਪੰਜਾਬੀ ਸਾਹਿਤ ਅਕਾਡਮੀ ਦੇ ਉਹ ਮੁੱਢਲੇ ਮੈਂਬਰ ਹੀ ਨਹੀਂ ਬਲਕਿ ਤਾ-ਉਮਰ ਸਰਪ੍ਰਸਤ ਸਨ ਜਿਸਦੇ ਮਸ਼ਵਰੇ ਅਤੇ ਅਗਵਾਹੀ ਹੇਠ ਅਕਾਡਮੀ ਦੀਆਂ ਸਾਹਿਤਕ ਗਤੀਵਿਧੀਆਂ ਨੂੰ ਇੰਜ਼ਾਮ ਮਿਲਦਾ ਸੀ। ਕੈਲੀਫੋਰਨੀਆਂ ਦੇ ਸਾਹਿਤਕ ਹਲਕੇ ਉਹਨਾਂ ਦੀ ਗੈਰਹਾਜ਼ਰੀ ਨੂੰ ਹਮੇਸ਼ਾਂ ਮਹਿਸੂਸ ਕਰਦੇ ਰਹਿਣਗੇ। ਅਕਾਡਮੀ ਦੇ ਸਮੂਹ ਮੈਂਬਰ ਇਸ ਵਕਤ ਉਦਾਸ ਹਨ ਅਤੇ ਡਾ: ਸਿੱਧੂ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਹਨ। ਫੋਨ ਅਤੇ ਟੈਕਸਟ ਰਾਹੀਂ ਸੁਰਿੰਦਰ ਸੀਰਤ, ਅਮਰਜੀਤ ਕੌਰ ਪੰਨੂੰ, ਲਾਜ ਨੀਲਮ ਸੈਣੀ, ਸੁਰਜੀਤ ਸਖੀ, ਚਰਨਜੀਤ ਸਿੰਘ ਪੰਨੂੰ, ਡਾ: ਗੁਰਪ੍ਰੀਤ ਧੁੱਗਾ, ਜਗਜੀਤ ਨੌਸ਼ਹਿਰਵੀ, ਡਾ:ਸੁਖਪਾਲ ਸੰਘੇੜਾ, ਤਾਰਾ ਸਿੰਘ ਸਾਗਰ, ਸੁਖਦੇਵ ਸਾਹਿਲ, ਵਿਜੇ ਸਿੰਘ, ਬੀਬੀ ਸੁਰਜੀਤ ਕੌਰ, ਗਗਨਦੀਪ ਸੋਨੂੰ ਮਾਹਲ, ਹਰਜਿੰਦਰ ਕੰਗ, ਦਲਜੀਤ ਰਿਆੜ, ਕਰਮ ਸਿੰਘ ਮਾਨ, ਸੰਤੋਖ ਸਿੰਘ ਮਿਨਹਾਸ, ਅਵਤਾਰ ਗੋਂਦਾਰਾ, ਸੁੱਖੀ ਧਾਲੀਵਾਲ, ਹਰਜਿੰਦਰ ਢੇਸੀ, ਸੁਰਿੰਦਰ ਸਿੰਘ ਧਨੋਆ ਅਤੇ ਹੋਰ ਮੈਂਬਰਾਂ ਨੇ ਡਾ: ਸਿੱਧੂ ਦੇ ਤੁਰ ਜਾਣ ਤੇ ਦੁੱਖ ਦਾ ਇਜ਼ਹਾਰ ਕੀਤਾ ਅਤੇ ਸਿੱਧੂ ਪਰਵਾਰ ਨਾਲ ਹਮਦਰਦੀ ਜਿਤਾਈ। ਡਾ: ਸਿੱਧੂ ਦਾ ਜਨਮ 29 ਮਈ, 1943 ਵਿੱਚ ਜਲੰਧਰ ਜਿਲ੍ਹੇ ਦੇ ਪਿੰਡ ਪਾਸਲੇ ਵਿੱਚ ਸਰਦਾਰ ਨਿਰੰਜਣ ਸਿੰਘ ਲੰਬੜਦਾਰ ਅਤੇ ਸਰਦਾਰਨੀ ਕਰਤਾਰ ਕੌਰ ਦੇ ਘਰ ਹੋਇਆ। ਉਹਨਾਂ ਨੇੜ੍ਹਲੇ ਪਿੰਡ ਬੰਢਾਲਾ ਦੇ ਸਰਕਾਰੀ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕਰਕੇ ਪੀਏਯੂ ਲੁਧਿਆਣਾ ਤੋਂ ਉਚੇਰੀ ਪੜ੍ਹਾਈ ਸ਼ੁਰੂ ਕੀਤੀ। ਉਹ ਸਕੂਲ ਅਤੇ ਕਾਲਜ ਵਕਤ ਫੁੱਟਬਾਲ ਦੇ ਬਹੁਤ ਚੰਗੇ ਖਿਡਾਰੀ ਸਨ। ਉਹ ਆਪਣੇ ਪਿੱਛੇ ਦੋ ਬੇਟੇ, ਇੱਕ ਬੇਟੀ ਅਤੇ ਪਤਨੀ ਛੱਡ ਗਏ ਹਨ। ਡਾ: ਗੁਰੂਮੇਲ ਸਿੱਧੂ ਨੇ ਕਵਿਤਾ, ਸਾਹਿਤਕ ਆਲੋਚਨਾ ਅਤੇ ਸਾਇੰਸ ਵਿਸ਼ਿਆਂ ਤੇ ਦਰਜ਼ਨ ਤੋਂ ਵੱਧ ਕਿਤਾਬਾਂ ਲਿਖੀਆਂ ਸਨ। ਉਹ ਕਵਿਤਾ ਦੇ ਖੇਤਰ ਵਿੱਚ ਉਹ ਸੰਵੇਦਨਸ਼ੀਲ, ਪ੍ਰਗਤੀਵਾਦੀ ਤੇ ਆਧੁਨਿਕ ਸੋਚ ਦੇ ਮੁਦਾਅ ਕਵੀ ਵਜੋਂ ਜਾਣੇ ਪਹਿਚਾਣੇ ਜਾਂਦੇ ਹਨ। ਡਾ: ਸਿੱਧੂ ਨੇ 1960'ਵਿਆਂ ਦੌਰਾਨ ਹਾਈ ਸਕੂਲ ਅਤੇ ਪੰਜਾਬ ਐਗਰੀ ਕਲਚਰ ਯੂਨਿਵਰਿਸਟੀ ਲੁਧਿਆਣਾ ਵਿੱਚ ਪੜ੍ਹਦੇ ਸਮੇਂ ਹੀ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ। ਭਾਰਤ ਛੱਡਣ ਤੱਕ ਉਹਨਾਂ ਦੀ ਕਵਿਤਾ ਦੀ ਪਹਿਲੀ ਕਿਤਾਬ "ਦੁਬਿਧਾ" ਆ ਚੁੱਕੀ ਸੀ ਤੇ ਉਹ ਇਕ ਸੰਜੀਦਾ ਕਵੀ ਵਜੋਂ ਆਪਣੀ ਪਹਿਚਾਣ ਬਣਾ ਚੁੱਕੇ ਸਨ। ਪੰਜਾਬ ਰਹਿੰਦਿਆਂ ਉਹ ਪੰਜਾਬੀ ਸਾਹਿਤ ਵਿੱਚ ਚਲੀ ਪ੍ਰਯੋਗਵਾਦੀ ਲਹਿਰ ਦੇ ਪ੍ਰਮੁੱਖ ਕਵੀਆਂ ਵਿਚੋਂ ਸਨ।



ਡਿਗਰੀ ਤੋਂ ਬਾਅਦ ਉਹ ਭਾਰਤ ਸਰਕਾਰ ਦੇ ਕਿਸੇ ਖੇਤੀ ਵਿਭਾਗ ਵਿੱਚ ਕੁਝ ਚਿਰ ਨੌਕਰੀ ਕਰਦੇ ਰਹੇ ਪਰ ਸਾਇੰਸ ਵਿੱਚ ਗੰਭੀਰ ਰੁਚੀ ਰੱਖਣ ਕਰਕੇ ਹਾਲੇ ਹੋਰ ਉਚੇਰੀ ਵਿਦਿਆ ਪ੍ਰਾਪਤ ਕਰਨ ਦੀ ਖਿੱਚ ਉਹਨਾਂ ਨੂੰ ਵੈਨਕੂਵਰ ਯੂਨਵਰਿਸਟੀ, ਕਨੇਡਾ ਲੈ ਆਈ। ਏਥੇ ਉਹਨਾਂ ਨੇ ਇੱਕ ਵਾਰ ਫਿਰ ਆਪਣਾ ਵਿਦਿਆਰਥੀ ਜੀਵਣ ਸ਼ੁਰੂ ਕੀਤਾ ਅਤੇ 1972-73 'ਚ ਜਨੈਟਿਕ ਵਿਗਿਆਨ ਵਿੱਚ ਪੀ।ਐਚ।ਡੀ। ਦੀ ਡਿਗਰੀ ਹਾਸਲ ਕੀਤੀ। ਕੁਝ ਚਿਰ ਕਨੇਡਾ ਦੀ ਇਕ ਕੰਪਨੀ ਵਿੱਚ ਵਿਗਿਆਨਕ ਮਾਹਰ ਵਜੋਂ ਕੰਮ ਕੀਤਾ ਪਰ ਮੂਲ ਰੂਪ ਵਿੱਚ ਉਹ ਅਧਿਆਪਕ ਤੇ ਵਿ-ਗਆਨੀ ਦਾ ਜੀਵਣ ਜੀਣ ਦੀ ਤਾਂਘ ਰੱਖਦੇ ਸੀ, ਸੋ ਕੁਝ ਸਾਲ ਬਾਅਦ ਉਹ ਅਮਰੀਕਾ ਦੀ ਨੈਬਰਾਸਕਾ ਯੂਨੀਵਰਿਸਟੀ ਵਿੱਚ ਜਨੈਟਿਕ ਵਿਗਿਆਨ ਦੇ ਪ੍ਰੋਫੈਸਰ ਵਜੋਂ ਕੰਮ ਕਰਨ ਲੱਗੇ। 1980ਵਿਆਂ 'ਚ ਉਹ ਖੇਤੀ ਵਿਗਿਆਨ ਲਈ ਮਸ਼ਹੂਰ ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਸਥਿਤ ਕੈਲੀਫੋਰਨੀਆ ਸਟੇਟ ਯੂਨੀਵਰਿਸਟੀ ਵਿੱਚ ਪ੍ਰੋਫੈਸਰ ਦੇ ਤੌਰ ਤੇ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਅਤੇ ਆਪਣੇ ਪਰਵਾਰ ਸਮੇਤ ਫਰਿਜ਼ਨੋ ਰਹਿਣ ਲੱਗ ਪਏ। ਪਿਛਲੇ 3 ਦਹਾਕਿਆਂ ਤੋਂ ਫਰਿਜ਼ਨੋ ਉਹਨਾਂ ਦੇ ਵਿਦਿਆਕ, ਸਾਹਿਤਕ ਅਤੇ ਸਮਾਜਿਕ ਘੇਰੇ ਦਾ ਕੇਂਦਰ ਸੀ ਜਿਥੇ ਇਹਨਾਂ ਤਿੰਨਾਂ ਖੇਤਰਾਂ ਵਿੱਚ ਉਹਨਾਂ ਬੜਾ ਮਾਣ ਸਨਮਾਨ ਹਾਸਲ ਕੀਤਾ।

ਕਵਿਤਾ ਦੀ ਕਿਤਾਬਾਂ - ਬੇਚੈਨ ਸਦੀ, ਅਪੈਰੀਆਂ ਵਾਟਾਂ, ਸਿਫਰ ਸਫਰ, ਕੁਹਰਾਮ, ਸ਼ਬਦਾਂ ਦਾ ਸ਼ਗਨ ਦੇ ਨਾਲ ਆਲੋਚਨਾ ਦੇ ਖੇਤਰ ਵਿੱਚ 'ਖੁੱਲ੍ਹੀ ਕਵਿਤਾ ਦੇ ਮਾਪਦੰਡ' ਅਤੇ 'ਆਧੁਨਿਕ ਪੰਜਾਬੀ ਕਵਿਤਾ' ਵੀ ਲਿਖੀਆਂ। ਆਪ ਗੁਰਬਾਣੀ ਦੇ ਟੈਕਸਚੁਰਲ ਵਿਸ਼ਿਆਂ ਅਤੇ ਭਾਰਤੀ ਪਰਵਾਸੀਆਂ ਦੇ ਇਤਿਹਾਸ ਵਿੱਚ ਵੀ ਖਾਸ ਰੁਚੀ ਰੱਖਦੇ ਸਨ। ਗੁਰਬਾਣੀ ਟੈਕਸਟ ਅਧਿਐਨ ਬਾਰੇ ਉਹਨਾਂ ਨੇ 'ਆਦਿ ਗ੍ਰੰਥ ਤੋਂ ਦਸਮ ਗ੍ਰੰਥ ਤੱਕ' ਕਿਤਾਬ ਅਤੇ ਕਈ ਲੇਖ ਵੀ ਲਿਖੇ। ਗਦਰੀ ਲਹਿਰ ਦੇ ਪ੍ਰਭਾਵ ਹੇਠ ਪਰਵਾਸੀਆਂ ਵਲੋਂ ਪੂਰਨ ਅਮਰੀਕੀ ਸ਼ਹਿਰੀ ਬਨਣ ਲਈ ਇੱਕ ਸੰਘਰਸ਼ਮਈ ਲਹਿਰ ਚੱਲੀ ਸੀ, ਜਿਸ ਬਾਰੇ ਡਾ: ਗੁਰੂਮੇਲ ਸਿੱਧੂ ਨੇ "ਗਦਰ ਲਹਿਰ ਦਾ ਦੂਜਾ ਪੱਖ - ਸ਼ਹਿਰੀਅਤ ਅਤੇ ਜਾਇਦਾਦ ਲਈ ਸੰਘਰਸ਼" ਅਤੇ 'ਹਿੰਦੋਸਤਤਨ ਦਾ ਆਜ਼ਾਦੀ ਸੰਗਰਾਮ- ਗਦਰੀ ਲਹਿਰਾਂ ਦੀ ਹਿੱਸੇਦਾਰੀ' ਵਿੱਚ ਇਸ ਸੰਘਰਸ਼ ਪਿਛਲੇ ਕਾਰਨਾਂ ਅਤੇ ਇਤਿਹਾਸ ਨੂੰ ਬਾਖੂਬੀ ਕਲਮਬੰਦ ਕੀਤਾ ਹੈ। ਜਦੋਂ ਪੰਜਾਬੀ ਯੂਨੀਵਰਿਸਟੀ ਨੇ ਡਾ: ਸਿੱਧੂ ਨੂੰ ਆਪਣੀ ਸਾਹਿਤਕ ਜੀਵਨੀ ਲਿਖਣ ਲਈ ਕਿਹਾ ਤਾਂ ਉਹਨਾਂ ਨੇ ਇਹ ਕਿਤਾਬ ਜਿੰਨੀ ਬੇਬਾਕੀ ਨਾਲ ਲਿਖੀ, ਵੇਖਕੇ ਯੂਨੀਵਰਸਿਟੀ ਛਾਪਣੋਂ ਨਾਂਹ ਕਰ ਗਈ। ਫਿਰ ਉਹਨਾਂ ਇਹ ਕਿਤਾਬ "ਸਿਮ੍ਰਤੀ ਦੇ ਹਾਸ਼ੀਏ - ਸਵੈ ਅਤੇ ਸਾਹਿਤਕ ਜੀਵਨੀ" ਆਪ ਛਪਵਾਈ। ਇਸ ਕਿਤਾਬ ਵਿਚਲੀ ਸਾਫਗੋਈ ਉਹਨਾਂ ਦੀ ਸਖ਼ਸ਼ੀਅਤ ਦੇ ਕਈ ਹੋਰ ਪੱਖ ਉਜਾਗਰ ਕਰਦੀ ਹੈ। ਸਾਹਿਤਕ ਯੋਗਦਾਨ ਲਈ ਉਹ ਦੇਸ਼ ਵਿਦੇਸ਼ ਵਿੱਚ ਵਿਭਿੰਨ ਸਨਮਾਨ ਹਾਸਲ ਕਰ ਚੁੱਕੇ ਸਨ। ਪੰਜਾਬ ਭਾਸ਼ਾ ਵਿਭਾਗ ਵਲੋਂ ਸ਼੍ਰੋਮਣੀ ਕਵੀ ਦਾ ਸਨਮਾਨ ਉਹਨਾਂ ਨੂੰ ਬਹੁਤ ਚਿਰ ਪਹਿਲਾਂ ਮਿਲ ਚੁੱਕਾ ਹੈ। ਪਾਕਿਸਤਾਨ, ਕਨੇਡਾ ਅਤੇ ਅਮਰੀਕਾ ਦੀ ਵੱਖ ਵੱਖ ਪੰਜਾਬੀ ਸੰਸਥਾਵਾਂ ਉਹਨਾਂ ਨੂੰ ਸਨਮਾਨਤ ਕਰ ਚੁੱਕੀਆਂ ਹਨ। ਆਪਣੇ ਵਿਗਿਆਨ ਖੇਤਰ ਵਿੱਚ ਪਾਏ ਯੋਗਦਾਨ ਕਾਰਣ Who is who in Ameirca, World Anthology of Intellectuals ਆਦਿ ਵਿੱਚ ਵੀ ਉਹਨਾਂ ਨੂੰ ਮਾਨਤਾ ਪ੍ਰਾਪਤ ਹੈ। **ਰਿਪੋਰਟ: ਲਾਜ ਨੀਲਮ ਸੈਣੀ**

# ਇਮੀਗ੍ਰੇਸ਼ਨ ਨਿਊਜ਼ੀਲੈਂਡ ਕਈ ਸਾਲਾਂ ਦੀ ਬੰਦ ਪਈ ਮਾਪਿਆਂ ਦੀ ਰੈਜੀਡੈਂਟ ਵੀਜ਼ਾ ਸ਼੍ਰੇਣੀ 14 ਨਵੰਬਰ ਤੋਂ ਖੋਲ੍ਹੇਗੀ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਇਮੀਗ੍ਰੇਸ਼ਨ ਨਿਊਜ਼ੀਲੈਂਡ ਦੇ ਮੰਤਰੀ ਸ੍ਰੀ ਮਾਈਕਲ ਵੁੱਡ ਨੇ ਅੱਜ ਇਕ ਵਿਸ਼ੇਸ਼ ਚਰਚਾ ਦੇ ਵਿਚ ਨਿਊਜ਼ੀਲੈਂਡ ਦੇ ਕਈ ਸਾਲਾਂ ਤੋਂ ਬੰਦ ਚੱਲ ਰਹੀ ਮਾਪਿਆਂ ਦੇ ਪੱਕੇ ਬੁਲਾਉਣ ਵਾਲੀ ਇਮੀਗ੍ਰੇਸ਼ਨ ਨੀਤੀ ਨੂੰ ਹੁਣ 14 ਨਵੰਬਰ 2022 ਤੋਂ ਖੋਲ੍ਹਿਆ ਜਾ ਰਿਹਾ ਹੈ। ਇਸ ਸਬੰਧੀ ਈ। ਓ। ਆਈ। (ਐਕਸਪ੍ਰੈਸ਼ਨ ਆਫ ਇੰਟਰਸਟ) 14 ਨਵੰਬਰ ਨੂੰ ਖੁੱਲ੍ਹ ਜਾਣੇ ਹਨ। ਪ੍ਰਤੀ ਸਾਲ ਹੁਣ 2500 ਮਾਪਿਆਂ ਨੂੰ ਰੈਜੀਡੈਂਸੀ ਦਿੱਤੀ ਜਾਵੇਗੀ। ਆਮਦਨ ਨੂੰ ਲੈ ਕੇ ਸਪਾਂਸਰਸ਼ਿਪ ਦੀਆਂ ਸ਼ਰਤਾਂ ਦੇ ਵਿਚ ਬਦਲਾਅ ਕੀਤਾ ਗਿਆ ਹੈ। ਹੁਣ ਸਪਾਂਸਰਸ਼ਿਪ ਦੇ ਵਿਚ ਇਕ ਅਡਲਟ ਬੱਚੇ ਦੀ ਥਾਂ ਦੋ ਬੱਚੇ ਉਸਦੀ ਪਾਰਟਨਰ ਦੇ ਨਾਲ ਆ ਸਕਣਗੇ। ਸਪਾਂਸਰਸ਼ਿੱਪ ਦੇ ਲਈ ਪਹਿਲਾਂ ਕਿਸੇ ਨੂੰ ਬੁਲਾਉਣ ਦੇ ਲਈ ਉਸਦੀ ਆਮਦਨ ਔਸਤਨ ਨਿਊਜ਼ੀਲੈਂਡ ਆਮਦਨ ਤੋਂ ਦੁੱਗਣੀ ਹੋਣੀ ਚਾਹੀਦੀ ਸੀ, ਪਰ ਹੁਣ ਇਹ ਡੇਢ ਗੁਣਾ ਕਰ ਦਿੱਤੀ ਗਈ ਹੈ। ਇਹ ਸ਼ਰਤ ਪਹਿਲਾਂ ਈ। ਓ। ਆਈ। ਦੇ ਚੁੱਕੇ ਲੋਕਾਂ ਉਤੇ ਵੀ ਲਾਗੂ ਹੋ ਜਾਵੇਗੀ।

ਨਵਾਂ ਈ। ਓ। ਆਈ। (ਐਕਸਪ੍ਰੈਸ਼ਨ ਆਫ ਇੰਟਰਸਟ) : ਪ੍ਰਾਪਤ ਈ। ਓ। ਆਈ, ਨੂੰ ਇਕ ਬਕਸੇ ਵਿਚ ਪਾ ਕੇ ਬੇਤਰਤੀਬ ਤਰੀਕੇ ਨਾਲ ਚੁਣਿਆ ਜਾਵੇਗਾ। ਪਹਿਲਾ ਗਰੁੱਪ ਅਗਸਤ 2023 ਦੇ ਵਿਚ ਲਿਆ ਜਾਵੇਗਾ ਅਤੇ ਫਿਰ ਹਰ ਤਿੰਨ ਮਹੀਨੇ ਬਾਅਦ। ਈ। ਓ। ਆਈ। (ਐਕਸਪ੍ਰੈਸ਼ਨ ਆਫ ਇੰਟਰਸਟ) ਭਰਨ ਵਿਚ ਕਾਹਲੀ ਦੀ ਲੋੜ ਨਹੀਂ : ਈ। ਓ। ਆਈ, ਦਾਖਲ ਕਰਨ ਦੇ ਲਈ ਕਾਹਲੀ ਦੀ ਲੋੜ ਨਹੀਂ ਹੈ। ਇਹ ਜਿਸ ਡੱਬੇ ਵਿਚ ਜਾਵੇਗਾ ਉਥੇ 2 ਸਾਲ ਵਾਸਤੇ ਰਹੇਗਾ। ਸੋ ਜੇਕਰ ਤੁਸੀਂ ਅਗਲੇ ਸਾਲ ਅਗਸਤ ਤੱਕ ਦਾਖਲ ਕਰਦੇ ਹੋ ਤਾਂ ਤੁਹਾਡਾ 2 ਸਾਲ ਵਾਲਾ ਸਮਾਂ ਉਥੋਂ ਸ਼ੁਰੂ ਹੋਵੇਗਾ।

ਮਈ 2023 ਤੋਂ ਦਾਖਲ ਹੋਣਗੇ ਈ। ਓ। ਆਈ। (ਐਕਸਪ੍ਰੈਸ਼ਨ ਆਫ ਇੰਟਰਸਟ) : ਈ। ਓ।ਆਈ। ਮਈ 2023 ਤੋਂ ਦਾਖਲ ਕੀਤੇ ਜਾ ਸਕਣਗੇ ਜੋ ਕਿ ਆਨ ਲਾਈਨ ਹੋਣਗੇ। 500 ਵੀਜੇ ਬੈਲਟ ਬਾਕਸ ਰਾਹੀਂ ਪ੍ਰਾਪਤ ਨਵੇਂ ਈ। ਓ। ਆਈ। ਵਿਚੋਂ ਲਏ ਜਾਣਗੇ। ਪਹਿਲਾਂ ਤੋਂ ਪ੍ਰਾਪਤ ਈ। ਓ। ਆਈ। ਨੂੰ ਤਰੀਕਾਂ ਅਨੁਸਾਰ ਪਰਖਿਆ ਜਾਵੇਗਾ। 14 ਨਵੰਬਰ ਤੋਂ ਇਨ੍ਹਾਂ ਦੀ ਚੋਣ ਹੋਵੇਗੀ ਅਤੇ ਹਰ ਤਿੰਨ ਮਹੀਨੇ ਬਾਅਦ ਚੁਣਿਆ ਜਾਵੇਗਾ। ਇਹ ਸਾਰੇ ਈ। ਓ। ਆਈ। 3-4 ਸਾਲਾਂ ਵਿਚ ਨਿਬੇੜੇ ਜਾਣਗੇ। ਲੋਕਾਂ ਨੂੰ ਇਸ ਸਬੰਧੀ ਸੂਚਿਤ ਕਰ ਦਿੱਤਾ ਜਾਵੇਗਾ ਕਿ ਉਹ ਅੱਪਡੇਟ ਕਰ ਦੇਣ ਜਾਂ ਅਰਜ਼ੀ ਵਾਪਿਸ ਲੈਣੀ ਹੈ ਤਾਂ ਵੀ ਲੈ ਸਕਦੇ ਹਨ। ਮਾਪਿਆਂ ਦੇ ਇਥੇ ਰਹਿੰਦੇ ਪੱਕੇ ਅਤੇ ਨਾਗਰਿਕ ਬੱਚੇ ਇਕੱਲੇ-ਇਕੱਲੇ ਜਾਂ ਇਕੱਠੇ ਸਪਾਂਸਰ ਕਰ ਸਕਦੇ ਹਨ, ਜਾਂ ਫਿਰ ਉਨ੍ਹਾਂ ਦੇ ਜੀਵਨ ਸਾਥੀ ਜਾਂ ਭੈਣ ਭਰਾ ਵੀ ਸਪਾਂਸਰ ਕਰ ਸਕਦੇ ਹਨ। ਕੌਣ ਸਪਾਂਸਰ ਕਰ ਸਕਦਾ: ਸਪਾਂਸਰ ਕਰਨ ਵਾਲਾ ਤੁਹਾਡਾ ਧੀਅ ਪੁੱਤ ਜੇਕਰ ਇਥੇ ਤਿੰਨ ਸਾਲ ਤੋਂ ਪੱਕਾ ਹੈ ਤਾਂ ਵੀ ਉਹ ਸਪਾਂਸਰ ਕਰ ਸਕਦਾ ਹੈ। ਜੇਕਰ ਤੁਹਾਡੇ ਪੁੱਤਰ ਨੂੰਹ ਵੱਲੋਂ ਸਪਾਂਸਰ ਕਰਨਾ ਹੈ ਤਾਂ ਉਨ੍ਹਾਂ ਨੂੰ ਇਥੇ 12 ਮਹੀਨੇ ਇਕੱਠੇ ਰਹਿੰਦਿਆ ਨੂੰ ਹੋਣੇ ਚਾਹੀਦੇ ਹਨ।


# ਰਾਸ਼ਟਰ ਵਿਕਾਸ ਸਬੰਧੀ ਪ੍ਰਧਾਨ ਮੰਤਰੀ ਜੈਸਿੰਡਾ ਆਰਡਰਨ ਨੇ ਨਿਊਜ਼ੀਲੈਂਡ 'ਚ ਵਸਦੇ ਭਾਰਤੀਆਂ ਦੇ ਯੋਗਦਾਨ ਦੀ ਕੀਤੀ ਸ਼ਲਾਘਾ

**ਆਕਲੈਂਡ–** ਐਨ.ਆਈ.ਡੀ ਫਾਊਂਡੇਸ਼ਨ ਵੱਲੋਂ ਨਿਊਜ਼ੀਲੈਂਡ ਦੇ ਸ਼ਹਿਰ ਆਕਲੈਂਡ ਵਿਖੇ ਕਰਵਾਇਆ 'ਵਿਸ਼ਵ ਸਦਭਾਵਨਾ' ਸਮਾਗਮ ਦੌਰਾਨ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡ ਆਰਡਰਨ ਅਤੇ ਐਨ.ਆਈ.ਡੀ ਫਾਊਡੇਸ਼ਨ ਦੇ ਚੀਫ਼ ਪੈਟਰਨ ਸਤਨਾਮ ਸਿੰਘ ਸੰਧੂ ਵਿਚਾਲੇ ਅਹਿਮ ਮੁਲਾਕਾਤ ਹੋਈ। 'ਯੰਗਏਸਟ ਗਲੋਬਲ ਵੂਮੈਨ ਲੀਡਰ' ਵਜੋਂ ਜਾਣੀ ਜਾਂਦੀ ਜੈਸਿੰਡਾ ਆਰਡਰਨ ਵਿਸ਼ਵ ਸਦਭਾਵਨਾ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਪਹੁੰਚੇ ਸਨ। ਇਸ ਭਾਵਪੂਰਤ ਸਮਾਗਮ ਦੌਰਾਨ ਭਾਰਤ ਦੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ, ਨਿਊਜ਼ੀਲੈਂਡ ਦੇ ਵਿਦੇਸ਼ ਮੰਤਰੀ ਨਾਨਾਯਾ ਮਹੂਤਾ, ਕਮਿਊਨਿਟੀ ਅਤੇ ਸਵੈ-ਇੱਛੁਕ ਖੇਤਰ ਮੰਤਰੀ, ਸਮਾਜਿਕ ਵਿਕਾਸ ਅਤੇ ਰੁਜ਼ਗਾਰ ਲਈ ਐਸੋਸੀਏਟ ਮੰਤਰੀ ਪ੍ਰਿਯੰਕਾ ਰਾਧਾਕ੍ਰਿਸ਼ਨਨ ਸਮੇਤ ਸੰਸਦ ਮੈਂਬਰਾਂ ਅਤੇ ਭਾਰਤੀ ਡਾਇਸਪੋਰਾ ਤੋਂ 750 ਦੇ ਕਰੀਬ ਪ੍ਰਮੁੱਖ ਸਖ਼ਸ਼ੀਅਤਾਂ ਨੇ ਸ਼ਿਰਕਤ ਕੀਤੀ।



ਵਿਸ਼ੇਸ਼ ਮੁਲਾਕਾਤ ਦੌਰਾਨ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡ ਆਰਡਰਨ ਅਤੇ ਐਨ.ਆਈ.ਡੀ ਫਾਊਡੇਸ਼ਨ ਦੇ ਚੀਫ਼ ਪੈਟਰਨ ਸਤਨਾਮ ਸਿੰਘ ਸੰਧੂ ਵਿਚਾਲੇ ਵਿਸ਼ਵੀ ਭਾਈਚਾਰਾ ਕਾਇਮ ਕਰਨ ਦੇ ਨਾਲ-ਨਾਲ ਖੋਜ ਅਤੇ ਅਕਾਦਮਿਕ ਭਾਈਵਾਲੀਆਂ ਦੇ ਸਹਿਯੋਗ ਨਾਲ ਸਿੱਖਿਆ ਦੇ ਵਿਸ਼ਵੀਕਰਨ ਨੂੰ ਲੈ ਕੇ ਅਹਿਮ ਵਿਚਾਰ ਵਟਾਂਦਰੇ ਹੋਏ। ਇਸ ਦੌਰਾਨ ਐਨ.ਆਈ.ਡੀ ਫਾਊਂਡੇਸ਼ਨ ਦੇ ਚੀਫ਼ ਪੈਟਰਨ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਵੱਲੋਂ ਪ੍ਰਧਾਨ ਮੰਤਰੀ ਜੈਸਿੰਡਾ ਆਰਡਰਨ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਆਧਾਰਿਤ ਪੁਸਤਕ 'ਹਾਰਟਫੈਲਟ: ਦਿ ਲੈਗੇਸੀ ਆਫ਼ ਫੇਥ' ਉਚੇਚੇ ਤੌਰ 'ਤੇ ਭੇਂਟ ਕੀਤੀ ਗਈ। ਜੈਸਿੰਡਾ ਆਰਡਰਨ ਨੇ ਐਨ.ਆਈ.ਡੀ ਫਾਊਂਡੇਸ਼ਨ ਦਾ ਧੰਨਵਾਦ ਕਰਦਿਆਂ ਇਸ ਉਪਰਾਲੇ ਨੂੰ ਵਿਸ਼ਵ ਸਦਭਾਵਨਾ, ਵਿਸ਼ਵ ਏਕਤਾ ਅਤੇ ਸ਼ਾਂਤੀ ਦਾ ਪ੍ਰਤੀਕ ਕਰਾਰ ਦਿੱਤਾ। ਪ੍ਰਧਾਨ ਮੰਤਰੀ ਜੈਸਿੰਡਾ ਆਰਡਰਨ ਨੇ ਨਿਊਜ਼ੀਲੈਂਡ ਦੇ ਵਿਕਾਸ 'ਚ ਪ੍ਰਵਾਸੀ ਭਾਰਤੀਆਂ ਦੇ ਯੋਗਦਾਨ ਦੀ ਸ਼ਾਲਾਘਾ ਕਰਦਿਆਂ ਕਿਹਾ ਕਿ ਨਿਊਜ਼ੀਲੈਂਡ ਵਿੱਚ ਹਿੰਦੀ 5ਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ।

ਜ਼ਿਕਰਯੋਗ ਹੈ ਕਿ ਐਨ.ਆਈ.ਡੀ ਫਾਊਂਡੇਸ਼ਨ ਵੱਲੋਂ ਜਾਰੀ ਕੀਤੀ ਪੁਸਤਕ 'ਹਾਰਟਫੈਲਟ: ਦਿ ਲੈਗੇਸੀ ਆਫ਼ ਫੇਥ' ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸਿੱਖ ਗੁਰੂਆਂ, ਉਨ੍ਹਾਂ ਦੀਆਂ ਸਿੱਖਿਆਵਾਂ ਵਿੱਚ ਵਿਸ਼ਵਾਸ ਅਤੇ ਸਿੱਖ ਕੌਮ ਦੀ ਚੜ੍ਹਦੀ ਕਲਾ ਅਤੇ ਸਵੈਮਾਣ ਬਰਕਰਾਰ ਰੱਖਣ ਲਈ ਕੀਤੀਆਂ ਮਹੱਤਵਪੂਰਨ ਪਹਿਲਕਦਮੀਆਂ ਨੂੰ ਦਰਸਾਉਂਦੀ ਹੈ। ਭਾਰਤੀ ਡਾਇਸਪੋਰਾ ਨੇ ਪ੍ਰਧਾਨ ਮੰਤਰੀ ਮੋਦੀ ਵੱਲੋਂ ਭਾਰਤ ਨੂੰ ਆਉਂਦੇ 25 ਸਾਲਾਂ 'ਚ ਵਿਕਸਿਤ ਰਾਸ਼ਟਰ ਬਣਾਉਣ ਦੇ ਸੰਕਲਪ ਨੂੰ ਮਹੱਤਵਪੂਰਨ ਕਦਮ ਕਰਾਰ ਦਿੰਦਿਆਂ ਉਨ੍ਹਾਂ ਵੱਲੋਂ ਸਿੱਖਾਂ, ਪ੍ਰਵਾਸੀ ਭਾਰਤੀਆਂ ਸਮੇਤ ਰਾਸ਼ਟਰ ਵਿਕਾਸ ਲਈ ਕੀਤੀਆਂ ਪਹਿਲਕਦਮੀਆਂ ਦੀ ਸ਼ਾਲਾਘਾ ਕੀਤੀ। ਵਿਸ਼ਵ ਸਦਭਾਵਨਾ ਸਮਾਗਮ ਵਿਸ਼ਵ ਭਰ 'ਚ ਵਸਦੇ ਪ੍ਰਵਾਸੀ ਭਾਰਤੀਆਂ ਦੇ ਹਿੱਤਾਂ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਕੀਤੀ ਬੇਮਿਸਾਲ ਯਤਨਾਂ ਅਤੇ ਉਨ੍ਹਾਂ ਦੇ ਚੰਗੇ ਸ਼ਾਸ਼ਨ ਮਾਡਲ ਦੇ ਨਾਲ-ਨਾਲ ਵਿਸ਼ਵਵਿਆਪੀ ਸਦਭਾਵਨਾ ਨੂੰ ਸਮਰਪਿਤ ਰਿਹਾ।




ਇਸ ਮੌਕੇ ਸੰਬੋਧਨ ਕਰਦਿਆਂ ਐਨ.ਆਈ.ਡੀ ਦੇ ਚੀਫ਼ ਪੈਟਰਨ ਸਤਨਾਮ ਸਿੰਘ ਸੰਧੂ ਨੇ ਦੱਸਿਆ ਕਿ ਵੱਖ-ਵੱਖ ਭਾਈਚਾਰਿਆਂ ਵਿਚਕਾਰ ਸਦਭਾਵਨਾ ਅਤੇ ਭਾਈਚਾਰਕ ਸੰਭਾਵਨਾ ਨੂੰ ਉਤਸ਼ਾਹਿਤ ਕਰਨ ਦੇ ਦ੍ਰਿਸ਼ਟੀਕੋਣ ਨਾਲ ਐਨ.ਆਈ.ਡੀ ਫਾਊਂਡੇਸ਼ਨ ਵੱਲੋਂ 'ਸਦਭਾਵਨਾ' ਸਮਾਗਮ ਦੀ ਸ਼ੁਰੂਆਤ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੇ ਨਿਵਾਸ ਸਥਾਨ ਤੋਂ ਕੀਤੀ ਗਈ ਸੀ। ਇਸ ਸਮਗਾਮ 'ਚ ਫਾਊਂਡੇਸ਼ਨ ਨੇ ਵਿਸ਼ਵ ਪੱਧਰ 'ਤੇ ਸਿੱਖ ਭਾਈਚਾਰੇ ਤੱਕ ਪਹੁੰਚ ਕਰਦਿਆਂ ਛੇ ਮਹਾਂਦੀਪਾਂ ਤੋਂ 138 ਉੱਘੇ ਅਤੇ ਉਚਨਿਪੁੰਨਤਾ ਵਾਲੀਆਂ ਸਿੱਖ ਸਖ਼ਸ਼ੀਅਤਾਂ ਨੂੰ ਇੱਕ ਮੰਚ 'ਤੇ ਇਕੱਤਰ ਕਰਦਿਆਂ ਭਾਈਚਾਰੇ ਦੀ ਚੜ੍ਹਦੀ ਕਲਾ ਲਈ ਵਿਚਾਰ ਵਟਾਂਦਰੇ ਕੀਤੇ।ਉਨ੍ਹਾਂ ਦੱਸਿਆ ਕਿ ਇਸੇ ਲੜੀ ਅਧੀਨ 'ਵਿਸ਼ਵ ਸਦਭਾਵਨਾ' ਦੇ ਪਹਿਲੇ ਸੰਸਕਰਣ ਦੀ ਸ਼ੁਰੂਆਤ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਤੋਂ ਕੀਤੀ ਗਈ ਜਦਕਿ ਦੂਜਾ ਸਮਾਗਮ ਆਸਟ੍ਰੇਲੀਆ ਦੇ ਮੈਲਬੌਰਨ ਸ਼ਹਿਰ 'ਚ ਆਯੋਜਿਤ ਕਰਵਾਇਆ ਗਿਆ ਸੀ। ਉਨ੍ਹਾਂ ਦੱਸਿਆ ਕਿ ਨਿਊਜ਼ੀਲੈਂਡ ਤੋਂ ਉਪਰੰਤ ਫਾਊਂਡੇਸ਼ਨ ਵੱਲੋਂ ਦੁਬਈ, ਇੰਗਲੈਂਡ ਸਮੇਤ ਵੱਖੋ-ਵੱਖਰੇ ਮੁਲਕਾਂ 'ਚ 'ਵਿਸ਼ਵ ਸਦਭਾਵਨਾ' ਸਮਾਗਮ ਉਲੀਕ ਕੇ ਵਿਸ਼ਵ ਏਕਤਾ ਅਤੇ ਆਪਸੀ ਸਾਂਝ ਦਾ ਸੁਨੇਹਾ ਪ੍ਰਚੰਡ ਕੀਤਾ ਜਾਵੇਗਾ।

ਸ. ਸੰਧੂ ਨੇ ਕਿਹਾ ਕਿ ਵਿਸ਼ਵ ਸਦਭਾਵਨਾ ਦੀ ਭਾਵਨਾ ਵਿਸ਼ਵ ਪੱਧਰ 'ਤੇ ਮਾਨਯੋਗ ਪ੍ਰਧਾਨ ਮੰਤਰੀ ਦੇ ਲੋਕਾਂ ਅਤੇ ਮਨੁੱਖਤਾ ਲਈ ਪਿਆਰ ਅਤੇ ਸਤਿਕਾਰ ਤੋਂ ਪੈਦਾ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਪੁਸਤਕ ਸਿੱਖ ਜੀਵਨ ਦੇ ਪੰਜ ਸੱਭ ਤੋਂ ਮਹੱਤਵਪੂਰਨ ਸਿਧਾਂਤਾਂ ਸੱਚ, ਸੰਤੋਖ, ਦਇਆ, ਨਿਮਰਤਾ ਅਤੇ ਪਿਆਰ 'ਤੇ ਆਧਾਰਿਤ ਹੈ, ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਦੇ ਪ੍ਰਸ਼ਾਸ਼ਕੀ ਮਾਡਲ ਵਿਚ ਵਿਆਪਕ ਤੌਰ 'ਤੇ ਮਹਿਸੂਸ ਕੀਤਾ ਜਾ ਸਕਦਾ ਹੈ। ਸਿੱਖ ਜੀਵਨ ਦੇ ਪੰਜ ਜ਼ਰੂਰੀ ਗੁਣਾਂ ਨੂੰ ਆਪਣਾ ਕੇਂਦਰ ਬਿੰਦੂ ਮੰਨਦੇ ਹੋਏ, ਇਹ ਪੁਸਤਕ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਵੱਲੋਂ ਸਿੱਖਾਂ ਅਤੇ ਪੰਜਾਬ ਦੇ ਹਿੱਤਾਂ ਲਈ ਕੀਤੀਆਂ ਗਈਆਂ ਵੱਖ-ਵੱਖ ਪਹਿਲਕਦਮੀਆਂ ਨੂੰ ਦਰਸਾਉਂਦੀ ਹੈ। ਕਿਤਾਬ ਵਿੱਚ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੇ ਇੱਕ ਸਿਆਸਤਦਾਨ ਵਜੋਂ ਆਪਣੇ ਸ਼ੁਰੂਆਤੀ ਦਿਨਾਂ ਵਿੱਚ ਸਿੱਖਾਂ ਅਤੇ ਪੰਜਾਬ ਨਾਲ ਨੇੜਲੇ ਸਬੰਧਾਂ ਦਾ ਵੇਰਵਾ ਦਿੱਤਾ ਗਿਆ ਹੈ, ਕਿਉਂਕਿ ਉਹ ਰਾਜਨੀਤੀ ਤੋਂ ਉੱਪਰ ਉੱਠ ਕੇ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਦਾ ਸਤਿਕਾਰ ਕਰਦੇ ਸਨ।

ਪਠਾਨਕੋਟ ਖਬਰਨਾਮਾ / - ਰਾਜਿੰਦਰ ਸਿੰਘ ਪਠਾਨਕੋਟ

# ਜਿਲ੍ਹਾ ਪਠਾਨਕੋਟ ਵਿੱਚ ਪਟਾਕਿਆਂ ਦੀ ਵਿਕਰੀ ਅਤੇ ਸਟੋਰ ਕਰਨ ਸਬੰਧੀ ਡਿਪਟੀ ਕਮਿਸਨਰ ਨੇ ਮੀਟਿੰਗ ਕਰਕੇ ਦਿੱਤੀਆਂ ਹਦਾਇਤਾਂ

**ਪਠਾਨਕੋਟ –** ਜਿਲ੍ਹਾ ਪਠਾਨਕੋਟ ਵਿੱਚ ਪਟਾਕਿਆਂ ਦੀ ਵਿਕਰੀ ਅਤੇ ਸਟੋਰ ਕਰਨ ਸਬੰਧੀ ਸ। ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ-ਕਮ-ਜਿਲ੍ਹਾ ਮੈਜਿਸਟ੍ਰੇਟ ਪਠਾਨਕੋਟ ਦੀ ਪ੍ਰਧਾਨਗੀ ਵਿੱਚ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਸਥਿਤ ਡਿਪਟੀ ਕਮਿਸਨਰ ਦਫਤਰ ਵਿਖੇ ਇੱਕ ਵਿਸੇਸ ਮੀਟਿੰਗ ਆਯੋਜਿਤ ਕੀਤੀ ਗਈ। ਜਿਸ ਵਿੱਚ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਕਾਲਾ ਰਾਮ ਕਾਂਸਲ ਐਸ।ਡੀ।ਐਮ। ਪਠਾਨਕੋਟ, ਸੁਮੀਰ ਸਿੰਘ ਡੀਐਸਪੀ ਦਿਹਾਤੀ, ਲਛਮਣ ਸਿੰਘ ਤਹਿਸੀਲਦਾਰ ਪਠਾਨਕੋਟ, ਰਵਿੰਦਰ ਕੁਮਾਰ ਜਨਰਲ ਮੈਨੇਜਰ ਉਦਯੋਗ ਤੇ ਕਾਮਰਸ ਵਿਭਾਗ ਪਠਾਨਕੋਟ, ਵਰਿੰਦਰਜੀਤ ਉਪ ਮੰਡਲ ਅਫਸਰ ਪੰਜਾਬ ਪ੍ਰਦੂਸਣ ਕੰਟਰੋਲ ਬੋਰਡ ਬਟਾਲਾ ਅਤੇ ਹੋਰ ਸਬੰਧਤ ਵਿਭਾਗੀ ਅਧਿਕਾਰੀ ਹਾਜਰ ਸਨ।

ਮੀਟਿੰਗ ਦੋਰਾਨ ਸ ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਕਿਹਾ ਕਿ ਦੀਵਾਲੀ ਨੂੰ ਧਿਆਨ ਵਿੱਚ ਰੱਖਦਿਆਂ ਜਿਲ੍ਹਾ ਪਠਾਨਕੋਟ ਵਿੱਚ ਪਟਾਕਿਆਂ ਦੀ ਵਿਕਰੀ ਲਈ ਆਰਜੀ ਲਾਇਸੰਸ ਜਾਰੀ ਕੀਤੇ ਜਾਣੇ ਹਨ, ਜਿਸ ਅਧੀਨ ਪ੍ਰਾਪਤ



ਹੋਈਆਂ ਅਰਜੀਆਂ ਦੇ ਡਰਾਅ 14 ਅਕਤੂਬਰ ਨੂੰ ਸਵੇਰੇ 11 ਵਜੇ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਿਤ ਡਿਪਟੀ ਕਮਿਸਨਰ ਦਫਤਰ ਵਿਖੇ ਕੱਢੇ ਜਾਣੇ ਹਨ। ਡਰਾਅ ਤੋਂ ਬਾਅਦ ਜਿਨ੍ਹਾਂ ਲੋਕਾਂ ਦੇ ਪਟ-ਾਕਿਆਂ ਦੇ ਵੇਚਣ ਲਈ ਡਰਾਅ ਨਿਕਲਦੇ ਹਨ ਉਨ੍ਹਾਂ ਵੱਲੋਂ ਜਾਰੀ ਹਦ-ਾਇਤਾਂ ਦੀ ਇੰਨ ਬਿੰਨ ਪਾਲਣਾ ਦੇ ਲਈ ਸਵੈ ਘੋਸਣਾ ਪੱਤਰ ਦੇਵੇਗਾ ਅਤੇ ਅਪਣਾ ਲਾਇਸੰਸ ਕਿਸੇ ਹੋਰ ਵਿਅਕਤੀ ਨੂੰ ਨਹੀਂ ਦੇਵੇਗਾ ਅਗਰ ਅਜਿਹਾ ਕਰਦਾ ਕੋਈ ਪਾਇਆ ਗਿਆ ਤਾਂ ਮੋਕੇ ਤੇ ਲਾਇਸੰਸ ਰੱਦ ਕਰ ਦਿੱਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਪਟਾਕਿਆਂ ਦੀ ਵਿਕਰੀ ਲਈ ਸਥਾਨ ਨਿ-ਰਧਾਰਤ ਕੀਤੇ ਜਾਣਗੇ ਅਤੇ ਇਸ ਵਾਰ ਰਾਮ ਲੀਲਾ ਗਰਾਉਂਡ ਦੇ ਸਥਾਨ ਤੇ ਐਸਡੀ ਸਕੂਲ ਪਠਾਨਕੋਟ ਦੀ ਗਰਾਉਂਡ ਨੂੰ ਪਟਾਕਿਆਂ ਦੀ ਵਿਕਰੀ ਲਈ ਵਰਤਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜਿੱਥੇ ਪਟਾਕਿਆਂ ਦੀ ਵਿਕਰੀ ਕੀਤੀ ਜਾਵੇਗੀ ਉੱਥੇ ਫਲੈਕਸ ਲਗਾ ਕੇ ਆਮ ਜਨਤਾਂ ਨੂੰ ਪਟਾਕਿਆਂ ਦੇ ਦੁਸਪ੍ਰਭਾਵ ਬਾਰੇ ਜਾਗਰੂਕ ਜਰੂਰ ਕਰਵਾਇਆ ਜਾਵੇ।

ਉਨ੍ਹਾਂ ਦੱਸਿਆ ਕਿ ਪਟਾਕਿਆਂ ਦੇ ਡਰਾਅ ਕੱਢਣ ਸਮੇਂ ਵੀਡਿਓਗ੍ਰਾਫੀ ਕਰਵਾਈ ਜਾਵੇਗੀ। ਉਨ੍ਹਾਂ ਜਿਲ੍ਹਾ ਫਾਇਰ ਅਧਿਕਾਰੀ ਨੂੰ ਹਦਾਇਤ ਕਰਦਿਆਂ ਕਿਹਾ ਕਿ ਜਿਸ ਸਥਾਨ ਤੇ ਪਟਾਕਿਆਂ ਦੀ ਵਿਕਰੀ ਕੀਤੀ ਜਾਣੀ ਹੈ ਉੱਥੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੁਹਈਆ ਕਰਵਾਈਆਂ ਜਾਣ ਅਤੇ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਪਟਾਕੇ ਵਿਕਰੇਤਾ ਵੱਲੋਂ ਹਰੇਕ ਦੁਕਾਨ ਤੇ 5-5 ਕਿਲੋ ਵਾਲੇ ਦੋ ਅੱਗ ਬੁਝਾਓ ਯੰਤਰ, ਪਾਣੀ ਦੀਆਂ ਬਾਲਟੀਆਂ ਅਤੇ ਰੇਤਾਂ ਦੀਆਂ ਬਾਲਟੀਆਂ ਉਪਲੱਬਦ ਹੋਣ। ਉਨ੍ਹਾਂ ਹਦਾਇਤ ਕਰਦਿਆਂ ਕਿਹਾ ਕਿ ਜਿਸ ਸਥਾਨ ਤੇ ਪਟਾਕਿਆਂ ਦੀ ਵਿਕਰੀ ਹੋਵੇਗੀ ਉਹ ਖੇਤਰ ਪੂਰੀ ਤਰ੍ਹਾਂ ਨਾਲ ਨੋ ਸਮੋਕਿੰਗ ਏਰੀਆਂ ਹੋਵੇਗਾ ਅਤੇ ਅਗਰ ਕੋਈ ਸਮੋਕਿੰਗ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਦਾ ਚਲਾਨ ਕੱਟਿਆ ਜਾਵੇਗਾ।

# ਪਠਾਨਕੋਟ ਪੁਲਿਸ ਵੱਲੋਂ ਨਜਾਇਜ਼ ਸ਼ਰਾਬ ਨੂੰ ਨੱਥ ਪਾਉਣ ਲਈ ਵੱਖ-ਵੱਖ ਥਾਵਾਂ ਤੇ ਕੀਤੀ ਛਾਪੇਮਾਰੀ

**ਪਠਾਨਕੋਟ–** ਮੁੱਖ ਮੰਤਰੀ ਪੰਜਾਬ ਸ। ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਨਸ਼ਿਆਂ ਖ਼ਿਲਾਫ਼ ਚਲਾਈ ਇੱਕ ਵਿਸ਼ੇਸ਼ ਮੁਹਿੰਮ ਤਹਿਤ ਪਠਾਨਕੋਟ ਪੁਲਿਸ ਨੇ ਅੱਜ ਤੜਕੇ ਜ਼ਿਲ੍ਹੇ ਭਰ ਵਿੱਚ ਵੱਖ-ਵੱਖ ਥਾਵਾਂ ਤੇ ਛਾਪੇਮਾਰੀ ਕਰਕੇ ਇੱਕ ਨਾਜਾਇਜ਼ ਸ਼ਰਾਬ ਦੇ ਰੈਕੇਟ ਦਾ ਪਰਦਾਫਾਸ਼ ਕੀਤਾ ਅਤੇ ਭਾਰੀ ਮਾਤਰਾ ਵਿੱਚ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਹੈ।

ਸੀਨੀਅਰ ਕਪਤਾਨ ਪੁਲਿਸ ਸ਼੍ਰੀ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਜ਼ਿਲ੍ਹੇ ਭਰ ਵਿੱਚ ਨਜਾਇਜ਼ ਸ਼ਰਾਬ ਦੀ ਹੋਣ ਵਾਲੀ ਤਸਕਰੀ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਉਣ ਲਈ ਗਜ਼ਟਿਡ ਰੈਂਕ ਦੇ ਅਧਿਕਾਰੀਆਂ ਅਧੀਨ ਵਿਸ਼ੇਸ਼ ਪੁਲਿਸ ਪਾਰਟੀਆਂ ਦਾ ਗਠਨ ਕੀਤਾ ਗਿਆ ਹੈ।

ਐਸ ਐਸ ਪੀ ਖੱਖ ਨੇ ਦੱਸਿਆ ਕਿ ਇਸ ਤਲਾਸ਼ੀ ਮੁਹਿੰਮ ਦੌਰਾਨ ਪੁਲਿਸ ਪਾਰਟੀਆਂ ਨੇ 36 ਡੱਬੇ ਰਾਇਲ ਸਟੈਗ, 19 ਡੱਬੇ ਐਮ ਸੀ ਡਾਊਲ, 54 ਡੱਬੇ ਬਲੈਕ ਹਾਰਸ ਸਮੇਤ ਕੁੱਲ 109 ਪੇਟੀਆਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਹੈ ਅਤੇ ਪੁਲਿਸ ਨੇ 01 ਟਾਟਾ ਏਰੀਆ ਅਤੇ 01 ਐਕਟਿਵਾ ਸਕੂਟਰ ਵੀ ਜ਼ਬਤ ਕੀਤਾ ਹੈ। ਕੁੱਲ 03 ਵਿਅਕਤੀਆਂ ਨੂੰ ਹੋਰ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਗਿਆ ਹੈ ਅਤੇ ਮੁੱਖ ਸਰਗਨਾ ਵਿਨੋਦ ਉਰਫ਼ ਲੌਂਡੀ ਦੇ ਘਰ ਨੂੰ ਸੀਲ ਕਰ ਦਿੱਤਾ ਗਿਆ ਹੈ, ਜਿਸ ਵਿੱਚੋਂ ਪੁਲਿਸ ਵੱਲੋਂ 29 ਡੱਬੇ ਬਰਾਮਦ ਕੀਤੇ ਗਏ ਹਨ।

ਮੁੱਢਲੀ ਤਫ਼ਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਮੁੱਖ ਤਸਕਰ ਵਿਨੋਦ ਉਰਫ਼ ਲੌਂਡੀ ਖ਼ਿਲਾਫ਼ ਆਬਕਾਰੀ ਐਕਟ, ਐਨਡੀਪੀਐਸ ਐਕਟ ਅਤੇ 307 ਆਈਪੀਸੀ ਨਾਲ ਸਬੰਧਤ 09 ਅਪਰਾਧਿਕ



ਮਾਮਲੇ ਦਰਜ ਹਨ।

ਮੁੱਖ ਤਸਕਰ ਅਤੇ ਉਸਦੇ ਸਾਥੀਆਂ ਖਿਲਾਫ ਥਾਣਾ ਡਵੀਜ਼ਨ ਨੰਬਰ 2 ਪਠਾਨਕੋਟ ਵਿਖੇ ਮਾਮਲਾ ਦਰਜ ਕਰਕੇ ਆਈ।ਪੀ।ਸੀ। ਅਤੇ ਆਬਕਾਰੀ ਐਕਟ ਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਪੁਲਿਸ ਪਾਰਟੀਆਂ ਵੱਲੋਂ ਬਾਕੀ ਦੋਸ਼ੀਆਂ ਨੂੰ ਫੜਨ ਅਤੇ ਪੂਰੀ ਸਪਲਾਈ ਚੇਨ ਦਾ ਪਰਦਾਫਾਸ਼ ਕਰਨ ਲਈ ਜ਼ਿਲ੍ਹੇ ਭਰ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ। ਐਸ ਐਸ ਪੀ ਨੇ ਅੱਗੇ ਦੱਸਿਆ ਕਿ ਪਠਾਨਕੋਟ ਪੁਲਿਸ ਨੇ ਸੂਬੇ ਭਰ ਵਿੱਚ ਨਜਾਇਜ਼ ਸ਼ਰਾਬ ਦੇ ਕਾਰੋਬਾਰ ਵਿਰੁੱਧ ਚੌਕਸੀ ਤੇਜ਼ ਕਰ ਦਿੱਤੀ ਹੈ ਅਤੇ ਅੰਤਰਰਾਜੀ ਸਰਹੱਦਾਂ ਅਤੇ ਤਸਕਰੀ ਵਾਲੇ ਖੇਤਰਾਂ ਵਿੱਚ ਵਿਸ਼ੇਸ਼ ਗਸ਼ਤ ਅਤੇ ਨਾਕਾਬੰਦੀ ਕੀਤੀ ਜਾ ਰਹੀ ਹੈ। ਗੈਰ-ਕਾਨੂੰਨੀ ਸ਼ਰਾਬ ਦੀ ਤਸਕਰੀ ਅਤੇ ਵਿਕਰੀ ਦੇ ਸਬੰਧ ਵਿੱਚ ਕਿਸੇ ਵੀ ਗੈਰ ਕਾਨੂੰਨੀ ਗਤੀਵਿਧੀਆਂ ਨੂੰ ਗੰਭੀਰਤਾ ਨਾਲ ਨਜਿੱਠਿਆ ਜਾਵੇਗਾ।

# 12 ਨਵੰਬਰ ਨੂੰ ਲਗਾਈ ਜਾਵੇਗੀ ਨੈਸ਼ਨਲ ਲੋਕ ਅਦਾਲਤ : ਸੈਸ਼ਨ ਜੱਜ

**ਪਠਾਨਕੋਟ–** ਕੋਰਟ ਕੰਪਲੈਕਸ ਮਲਿਕਪੁਰ ਵਿਖੇ 12 ਨਵੰਬਰ ਨੂੰ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਦੇ ਚੇਅਰਮੈਨ ਜ਼ਿਲ੍ਹਾ ਤੇ ਸੈਸ਼ਨ ਜੱਜ ਮੁਹੰਮਦ ਗੁਲਜ਼ਾਰ ਨੇ ਦੱਸਿਆ ਕਿ ਇਸ ਲੋਕ ਅਦਾਲਤ ਵਿੱਚ 9 ਬੈਂਚ ਲਗਾਏ ਜਾਣਗੇ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਵਿੱਚ ਬੈਂਕ ਰਿਕਵਰੀ, ਵਿਆਹੁਤਾ ਝਗੜਿਆਂ, ਚੈੱਕ ਬਾਊਂਸ ਦੇ ਕੇਸ, ਦੁਰਘਟਨਾ ਦੇ ਮੁਆਵਜ਼ੇ ਅਤੇ ਛੋਟੇ ਅਪਰਾਧਿਕ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਵਿੱਚ



ਕਿਸੇ ਵੀ ਧਿਰ ਦੀ ਹਾਰ ਨਹੀਂ ਹੁੰਦੀ ਸਗੋਂ ਦੋਵੇਂ ਧਿਰਾਂ ਹੀ ਕੇਸ ਜਿੱਤਦੀਆਂ ਹਨ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਵਿੱਚ ਕੇਸ ਦਾਇਰ ਕਰਕੇ ਅਸੀਂ ਆਸਾਨੀ ਨਾਲ ਸਸਤਾ ਨਿਆਂ ਪ੍ਰਾਪਤ ਕਰ ਸਕਦੇ ਹਾਂ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਵੱਲੋਂ ਲਏ ਫੈਸਲੇ ਵਿਰੁੱਧ ਕਿਤੇ ਵੀ ਅਪੀਲ ਨਹੀਂ ਕੀਤੀ ਜਾ ਸਕਦੀ ਅਤੇ ਕੋਰਟ ਫੀਸ ਵੀ ਵਾਪਸ ਕੀਤੀ ਜਾਂਦੀ ਹੈ। ਇਸ ਲਈ ਉਨ੍ਹਾਂ ਲੋਕਾਂ ਨੂੰ ਆਪਸੀ ਝਗੜੇ ਖਤਮ ਕਰਨ ਅਤੇ ਭਾਈਚਾਰਕ ਸਾਂਝ ਦੀ ਭਾਵਨਾ ਪੈਦਾ ਕਰਨ ਲਈ ਨੈਸ਼ਨਲ ਲੋਕ ਅਦਾਲਤ ਵਿੱਚ ਵੱਧ ਤੋਂ ਵੱਧ ਕੇਸ ਲਗਾਉਣ ਦੀ ਅਪੀਲ ਕੀਤੀ ਹੈ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਬ-ਜੇਲ੍ਹ ਪਠਾਨਕੋਟ ਵਿੱਚ ਲਗਾਇਆ ਮੈਡੀਕਲ ਚੈਕਅੱਪ ਕੈਂਪ



**ਪਠਾਨਕੋਟ 11 ਅਕਤੂਬਰ–** ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਵੱਲੋ ਚੇਅਰਮੈਨ ਜ਼ਿਲ੍ਹਾ ਤੇ ਸੈਸ਼ਨ ਜੱਜ ਮੁਹੰਮਦ ਗੁਲਜ਼ਾਰ ਦੀ ਪ੍ਰਧਾਨਗੀ ਹੇਠ ਸਬ ਜੇਲ੍ਹ ਪਠਾਨਕੋਟ ਵਿੱਚ ਕੈਦੀਆਂ ਦੀ ਸਿਹਤ ਸਬੰਧੀ ਮੈਡੀਕਲ ਚੈਕਅੱਪ ਕੈਂਪ ਲਗਾਇਆ ਗਿਆ, ਜਿਸ ਵਿੱਚ ਡਾ: ਸ਼ਵੇਤਾ, ਡਾ: ਕਮਲ, ਡਾ। ਰਮਨ ਅੱਤਰੀ, ਡਾ: ਨੇਹਾ ਗੁਪਤਾ, ਡਾ: ਗੁਰਪ੍ਰੀਤ ਨੇ 165 ਕੈਦੀਆਂ ਅਤੇ ਬੰਦੀਆਂ ਦਾ ਚੈਕਅੱਪ ਕੀਤਾ ਅਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ। ਇਸ ਮੌਕੇ ਸਬ-ਜੇਲ੍ਹ ਪਠਾਨਕੋਟ ਵਿੱਚ ਬੰਦ ਕੈਦੀਆਂ ਅਤੇ ਬੰਦੀਆਂ ਨੂੰ ਡਾਕਟਰਾਂ ਵੱਲੋਂ ਸਿਹਤ ਪ੍ਰਤੀ ਸੁਚੇਤ ਰਹਿਣ ਦੇ ਸੁਝਾਅ ਵੀ ਦਿੱਤੇ ਗਏ ਅਤੇ ਉਨ੍ਹਾਂ ਨੂੰ ਮੈਡੀਟੇਸ਼ਨ ਅਤੇ ਯੋਗਾ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਫੈਮਿਲੀ ਕੋਰਟ ਦੇ ਜੱਜ ਪ੍ਰਿਤਪਾਲ ਸਿੰਘ, ਸੀ।ਜੇ।ਐਮ ਮਾਨਵ, ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰੰਜੀਵ ਪਾਲ ਸਿੰਘ ਚੀਮਾ, ਡਿਪਟੀ ਸੁਪਰਡੈਂਟ ਜੀਵਨ ਠਾਕੁਰ, ਪੈਨਲ ਦੇ ਵਕੀਲ ਸੌਰਭ ਅਹੋਰੀ, ਵਿਨੋਦ ਮਹਾਜਨ, ਅਦਿੱਤਿਆ ਸੂਦਨ ਅਤੇ ਬਲਵਿੰਦਰ ਸੈਣੀ ਹਾਜ਼ਰ ਸਨ।

# ਮੱਛੀ ਪਾਲਣ ਵਿਭਾਗ ਵੱਲੋਂ ਫਸਲੀ ਵਿਭਿੰਨਤਾ ਲਿਆਉਣ ਲਈ ਕਿਸਾਨਾਂ ਨੂੰ ਹਰ ਮਹੀਨੇ ਪੰਜ ਰੋਜਾ ਦਿੱਤੀ ਜਾਂਦੀ ਹੈ ਮੁਫਤ ਟ੍ਰੇਨਿੰਗ: ਜੀ ਐਸ ਰੰਧਾਵਾ

**ਪਠਾਨਕੋਟ–** ਮੱਛੀ ਪਾਲਣ ਵਿਭਾਗ, ਪਠਾਨਕੋਟ ਵੱਲੋਂ ਪੰਚਾਇਤੀ ਛੱਪੜ, ਬੇਕਾਰ ਅਤੇ ਬੰਜਰ ਜਮੀਨਾਂ ਨੂੰ ਮੱਛੀ



ਪਾਲਣ ਅਧੀਨ ਲਿਆਉਣ ਲਈ ਵਿਸੇਸ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਦੇ ਨਾਲ ਰੋਜਗਾਰ ਦੇ ਸਾਧਨਾਂ ਵਿੱਚ ਵੀ ਵਾਧਾ ਹੋ ਰਿਹਾ ਹੈ। ਇਹ ਪ੍ਰਗਟਾਵਾ ਸ। ਗੁਰਵਿੰਦਰ ਸਿੰਘ ਰੰਧਾਵਾ ਡਿਪਟੀ ਡਾਇਰੈਕਟਰ ਮੱਛੀ ਪਾਲਣ ਪਠਾਨਕੋਟ ਨੇ ਕੀਤਾ। ਉਨ੍ਹਾਂ ਦੱਸਿਆ ਕਿ ਮੱਛੀ ਪਾਲਣ ਵਿਭਾਗ ਵੱਲੋਂ ਫਸਲੀ ਵਿਭਿੰਨਤਾ ਲਿਆਉਣ ਲਈ ਕਿਸਾਨਾਂ ਨੂੰ ਪੰਜ ਰੋਜਾ ਮੁਫਤ ਟ੍ਰੇਨਿੰਗ ਹਰ ਮਹੀਨੇ ਦਿੱਤੀ ਜਾਂਦੀ ਹੈ ਅਤੇ ਇਸ ਦੇ ਨਾਲ ਮੁਫਤ ਤਕਨੀਕੀ ਸਲਾਹ ਜਿਵੇਂ ਕਿ ਜਮੀਨਾਂ ਦੀ ਚੋਣ, ਮੱਛੀ ਤਲਾਬ ਦੀ ਤਿਆਰੀ, ਬਿਜਲੀ ਕੁਨੈਕਸਨ ਦੀ ਸਿਫਾਰਸ, ਮੰਡੀਕਰਨ, ਮੱਛੀ ਕਾਸਤ ਕਾਰ ਦਾ ਮੁਫਤ ਬੀਮਾਂ ਅਤੇ ਮਿੱਟੀ ਪਾਣੀ ਦੀ ਪਰਖ ਲਈ ਸਹੂਲਤ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮੱਛੀ ਪਾਲਣ ਦੇ ਖੇਤਰ ਵਿੱਚ ਵਾਧਾ ਕਰਨ ਲਈ ਪ੍ਰਧਾਨ ਮੰਤਰੀ ਮੱਤਸਿਆ ਸੰਪਦਾ ਯੋਜਨਾ ਅਧੀਨ ਕਿਸਾਨਾਂ ਨੂੰ ਨਵੇਂ ਰਕਬੇ ਦੀ ਪੁਟਾਈ ਅਤੇ ਪਹਿਲੇ ਸਾਲ ਦੀ ਖਾਦ ਖੁਰਾਕ ਲਈ ਸਬਸਿਡੀ ਜਨਰਲ 40% ਤੇ ਅਨੁਸੂਚਿਤ ਜਾਤੀ/ਔਰਤਾਂ 60% ਸਬਸਿਡੀ ਦਿੱਤੀ ਜਾ ਰਹੀ ਹੈ। ਮੱਛੀ ਕਾਸਤ ਕਾਰਾਂ ਲਈ ਸਾਈਕਲ ਵਿਦ ਆਈਸ ਬਾਕਸ, ਮੋਟਰ ਸਾਈਕਲ ਵਿਦ ਆਈਸ ਬਾਕਸ, ਥਰੀਵਹੀਲਰ ਵਿਦ ਰੈਫਰੀ ਜਰੇਟਰ ਦੀ ਸਬਸਿਡੀ ਦਿੱਤੀ ਜਾ ਰਹੀ ਹੈ।

ਇਸ ਦੇ ਨਾਲ ਹੀ ਘੱਟ ਜਮੀਨਾਂ ਤੇ ਵੱਧ ਲਾਭ ਲੈਣ ਲਈ ਪੀ।ਐਮ।ਐਮ।ਐਸ। ਬਾਈ ਸਕੀਮ ਅਧੀਨ ਬਾਇਓਫਲਾਕ /ਆਰ।ਏ।ਐਸ। ਯੂਨਿਟ ਲਗਾਉਣ ਤੇ ਸਬਸਿਡੀ ਦਿੱਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਕਮਰਾ ਨੰਬਰ 345-ਅ, ਤੀਜੀ ਮੰਜਿਲ, ਪ੍ਰਸਾਸਕੀ ਕਮਪਲੇਕਸ ਵਿਖੇ ਮੱਛੀ ਪਾਲਣ ਵਿਭਾਗ ਦੇ ਦਫਤਰ ਦੇ ਸਹਾਇਕ ਡਾਇਰੈਕਟਰ ਮੱਛੀ ਪਾਲਣ ਪਠਾਨਕੋਟ, ਸੀਨੀਅਰ ਮੱਛੀ ਪਾਲਣ ਅਫਸਰ ਪਠਾਨਕੋਟ ਅਤੇ ਮੱਛੀ ਪਾਲਣ ਅਫਸਰ ਪਠਾਨਕੋਟ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਜ਼ਿਲ੍ਹਾ ਪ੍ਰਸ਼ਾਸਨ ਨੇ ਕੀਤੀ ਆੜ੍ਹਤੀਆਂ ਅਤੇ ਖਰੀਦ ਏਜੰਸੀਆਂ ਨਾਲ ਕੀਤੀ ਵਿਸ਼ੇਸ਼ ਮੀਟਿੰਗ

**ਪਠਾਨਕੋਟ –** ਜ਼ਿਲ੍ਹਾ ਪਠਾਨਕੋਟ ਦੀਆਂ ਮੰਡੀਆਂ ਵਿੱਚ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਸਮੱਸਿਆ ਨਾ ਆਵੇ ਇਸ ਲਈ ਆੜਤੀਆ ਅਤੇ ਖਰੀਦ ਏਜੰ-ਸੀਆਂ ਵੱਲੋਂ ਸਾਰੇ ਪੁਖਤਾ ਪ੍ਰਬੰਧ ਕੀਤੇ ਜਾਣ। ਇਹ ਪ੍ਰਗਟਾਵਾ ਸ।ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਕਪੁਰ ਪਠਾਣਕੋਟ ਵਿਖੇ ਆੜਤੀਆ



ਅਤੇ ਖਰੀਦ ਏਜੰਸੀ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਮੀਟਿੰਗ ਕਰਨ ਦੌਰਾਨ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸ੍ਰੀਮਤੀ ਰਜਨੀਸ਼ ਕੌਰ ਜ਼ਿਲਾ ਖੁਰਾਕ ਤੇ ਸਪਲਾਈ ਕੰਟਰੋਲਰ ਪਠਾਨਕੋਟ ਅਤੇ ਹੋਰ ਵਿਭਾਗੀ ਅਧਿਕਾਰੀ ਹਾਜ਼ਰ ਸਨ। ਮੀਟਿੰਗ ਦੌਰਾਨ ਉਨ੍ਹਾਂ ਖਰੀਦ ਏਜੰ-ਸੀਆਂ ਦੇ ਨੁਮਾਇੰਦਿਆਂ ਅਤੇ ਆੜਤੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਜ਼ਿਲ੍ਹਾ ਪਠਾਨਕੋਟ ਦੀਆਂ ਸਾਰੀਆਂ ਦਾਣਾ ਮੰਡੀਆਂ ਵਿੱਚ ਪੂਖਤਾ ਪ੍ਰਬੰਧ ਕੀਤੇ ਜਾਣ। ਉਨ੍ਹਾਂ ਕਿਹਾ ਕਿ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਮੰਡੀਆਂ ਅੰਦਰ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਏ।

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਹਜ਼ੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੀ ਬਰਸੀ ਮਨਾਈ ਗਈ

**ਪਿਟਸਬਰਗ–** ਹਜ਼ੂਰ ਸ੍ਰੀ ਬ੍ਰਹਮਗਿਆਨੀ ਨਾਭ ਕੰਵਲ ਰਾਜਾ ਸਾਹਿਬ ਜੀ ਦੀ 82ਵੀਂ ਬਰਸੀ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 9 ਅਕਤੂਬਰ 2022 (ਦਿਨ ਐਤਵਾਰ) ਨੂੰ ਮਨਾਈ ਗਈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 7 ਅਕਤੂਬਰ ਨੂੰ ਆਰੰਭ ਹੋਏ ਅਤੇ 9 ਅਕਤੂਬਰ ਨੂੰ ਭੋਗ ਪਾਏ ਗਏ।


ਇਸ ਮੌਕੇ ਗੁਰੂ ਘਰ ਦਾ ਹਜ਼ੂਰੀ ਜਥਾ ਭਾਈ ਸਾਹਿਬ ਭਾਈ ਓਮਪਾਲ ਸਿੰਘ, ਭਾਈ ਗੁਰਨਾਮ ਸਿੰਘ ਅਤੇ ਸੈਨਹੋਜ਼ੇ ਗੁਰੂ ਘਰ ਤੋਂ ਭਾਈ ਸਾਹਿਬ ਭਾਈ ਭੁਪਿੰਦਰ ਸਿੰਘ ਦੇ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕੀਤਾ। ਇਹਨਾਂ ਤੋਂ ਇਲਾਵਾ ਚਰਨ ਸਿੰਘ ਅੰਜਾਣ, ਕੁਮਾਰ ਖਟਕੜ, ਮੰਨਤ ਕੌਰ ਅਤੇ ਬੀਬੀ ਕਮਲਜੀਤ ਕੌਰ ਭਾਟੀਆ ਆਦਿ ਨੇ ਰਸਭਿੰਨਾ ਸ਼ਬਦ ਗਾਇਨ ਦੀ ਸਾਂਝ ਪਾਈ। ਬੁਲਾਰਿਆਂ ਵਿਚ ਸ੍ਰੀ ਦਸ਼ਵਿੰਦਰਪਾਲ ਵਿਨੀ, ਧਰਮਪਾਲ ਚੌਕੜੀਆ (ਜਨਰਲ ਸਕੱਤਰ), ਅਭੀਸ਼ੇਕ ਪਾਲ ਨਾਰਾਬਟ (ਸਹਾਇਕ ਜਨਰਲ ਸਕੱਤਰ) ਆਦਿ ਨੇ ਰਾਜਾ ਸਾਹਿਬ ਨਾਭ ਕੰਵਲ ਸਬੰਧਤ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਭਾਈ ਦਵਿੰਦਰ ਸਿੰਘ (ਪ੍ਰਧਾਨ, ਗੁਰਦੁਆਰਾ ਸਾਹਿਬ, ਫਰੀਮਾਂਟ) ਦਾ ਸਿਰੋਪਾਓ ਨਾਲ ਸਨਮਾਨ ਕੀਤਾ। ਧਰਮਪਾਲ ਚੌਕੜੀਆ ਨੇ ਸਟੇਜ ਦੀ ਸੇਵਾ ਬਾਖੂਬੀ ਨਿਭਾਈ ਅਤੇ ਆਈ ਸਾਰੀ ਸੰਗਤ ਦਾ ਧੰਨਵਾਦ ਕੀਤਾ। ਜਿਹਨਾਂ ਪਰਿਵਾਰਾਂ ਨੇ ਦੇਗ, ਲੰਗਰ ਦੀ ਸੇਵਾ ਕੀਤੀ, ਉਹਨਾਂ ਦਾ ਵੀ ਧੰਨਵਾਦ ਕੀਤਾ।


















# ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਸ੍ਰੀ ਦਰਬਾਰ ਸਾਹਿਬ ਵਿਖੇ ਮਨਾਇਆ, ਸੁੰਦਰ ਜਲੌਅ, ਦੀਪਮਾਲਾ ਤੇ ਆਤਿਸ਼ਬਾਜ਼ੀ ਬਣੇ ਖਿੱਚ ਦਾ ਕੇਂਦਰ

**ਅੰਮ੍ਰਿਤਸਰ –** ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਅਥਾਹ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ। ਦਰਬਾਰ ਸਾਹਿਬ ਦੀ ਪਰਿਕਰਮਾ ਸਮੇਤ ਸਵੇਰ ਤੋਂ ਲੈ ਕੇ ਦੇਰ ਰਾਤ ਤੱਕ ਹਰ ਪਾਸੇ ਸੰਗਤ ਦਾ ਸੈਲਾਬ ਨਜ਼ਰ ਆ ਰਿਹਾ ਸੀ । ਤੇ ਪਰਿਕਰਮਾ ਵਿਚ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਸਨ ।ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁ: ਬਾਬਾ ਅਟੱਲ ਰਾਇ ਜੀ ਵਿਖੇ ਸੁੰਦਰ ਜਲੌਅ ਸਜਾਏ ਗਏ, ਜਿਸ ਵਿਚ ਪ੍ਰਦਰਸ਼ਿਤ ਕੀਤੀਆਂ ਗੁਰੂ ਘਰ ਦੇ ਤੋਸ਼ਾਖਾਨੇ ਦੀਆਂ ਇਤਿਹਾਸਕ ਤੇ ਬੇਸ਼ਕੀਮਤੀ ਵਸਤੂਆਂ ਅਤੇ ਮੁੰਬਈ ਦੀ ਸੰਗਤ ਵਲੋਂ ਕੀਤੀ ਫੁੱਲਾਂ ਦੀ ਸਜਾਵਟ ਖਿੱਚ ਦਾ ਕੇਂਦਰ ਰਹੇ ।ਸ਼੍ਰੋਮਣੀ ਕਮੇਟੀ ਤੇ ਕਈ ਧਾਰਮਿਕ ਸਭਾ ਸੁਸਾਇਟੀਆਂ ਤੇ ਸੰਤਾਂ ਮਹਾਂਪੁਰਖ਼ਾਂ ਵਲੋਂ ਸੰਗਤ ਲਈ ਵੱਖ-ਵੱਖ ਪਦਾਰਥਾਂ ਦੇ ਅਤੁੱਟ ਲੰਗਰ ਵਰਤਾਏ ਗਏ । ਸ਼ਾਮ ਨੂੰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸ਼ਾਨਦਾਰ ਦੀਪਮਾਲਾ ਅਤੇ ਆਤਿਸ਼ਬਾਜ਼ੀ ਚਲਾਈ ਗਈ। ਇਸ ਤੋਂ ਪਹਿਲਾਂ ਪ੍ਰਕਾਸ਼ ਪੁਰਬ ਸੰਬੰਧੀ ਸਵੇਰੇ ਗੁ: ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਪੰਥ ਪ੍ਰਸਿੱਧ ਹਜ਼ੂਰੀ ਰਾਗੀ, ਢਾਡੀ ਤੇ ਕਵੀਸ਼ਰੀ ਜਥਿਆਂ ਨੇ ਸ਼ਬਦ ਕੀਰਤਨ ਤੇ ਗੁਰੂ ਜੱਸ ਨਾਲ ਨਿਹਾਲ ਕੀਤਾ



। ਇਸ ਮੌਕੇ ਪੰਥ ਪ੍ਰਸਿੱਧ ਵਿਦਵਾਨ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਨੇ ਗੁਰੂ ਸਾਹਿਬ ਦੇ ਜੀਵਨ, ਗੁਰਬਾਣੀ ਤੇ ਸਿੱਖਿਆਵਾਂ ਸੰਬੰਧੀ ਸੰਗਤ ਨੂੰ ਕਥਾ ਸਰਵਣ ਕਰਵਾਈ।

ਸ਼ਾਮ ਨੂੰ ਜਿੱਥੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਆਧੁਨਿਕ ਬਿਜਲਈ ਦੀਪਮਾਲਾ ਕੀਤੀ ਗਈ, ਉੱਥੇ ਦੇਸੀ ਘਿਓ ਦੇ ਦੀਵੇ, ਮੋਮਬੱਤੀਆਂ ਆਦਿ ਨਾਲ ਸਰੋਵਰ ਕਿਨਾਰੇ ਰਵਾਇਤੀ ਦੀਪਮਾਲਾ ਵੀ ਕੀਤੀ ਗਈ ਅਤੇ ਆਤਿਸ਼ਬਾਜ਼ੀ ਕੀਤੀ, ਜੋ ਅਲੌਕਿਕ ਨਜ਼ਾਰਾ ਪੇਸ਼ ਕਰ ਰਹੀ ਸੀ ।

ਲੰਗਰ ਗੁਰੂ ਰਾਮਦਾਸ ਜੀ ਵਿਖੇ ਵਿਸ਼ੇਸ਼ ਤਰ੍ਹਾਂ ਦੇ ਪਕਵਾਨ ਤਿਆਰ ਕਰਕੇ ਛਕਾਏ ਗਏ ।ਮੈਨੇਜਰ ਸੁਲੱਖਣ ਸਿੰਘ ਭੰਗਾਲੀ ਤੇ ਮੈਨੇਜਰ (ਲੰਗਰ) ਸੁਖਰਾਜ ਸਿੰਘ ਨੇ ਦੱਸਿਆ ਕਿ 300 ਕੁਇੰਟਲ ਦੇ ਕਰੀਬ ਲੱਡੂ ਤਿਆਰ ਕਰਵਾਏ ਗਏ ਹਨ, ਜੋ ਬੀਤੀ 9 ਅਕਤੂਬਰ ਤੋਂ ਲੈ ਕੇ 12 ਅਕਤੂਬਰ ਤੱਕ ਸੰਗਤ ਨੂੰ ਛਕਾਏ ਜਾ ਰਹੇ ਹਨ ।।ਉਨ੍ਹਾਂ ਦੱਸਿਆ ਕਿ ਅੱਜ ਲੰਗਰ ਵਿਚ ਕਰੀਬ 30 ਕੁਇੰਟਲ ਚਾਵਲ, 25 ਕੁਇੰਟਲ ਦਾਲ, 150 ਕੁਇੰਟਲ ਆਟਾ, ਖੰਡ 40 ਕੁਇੰਟਲ, ਦੁੱਧ 10 ਕੁਇੰਟਲ, ਖੀਰ 25 ਕੁਇੰਟਲ, ਪਨੀਰ 10 ਕੁਇੰਟਲ, ਮਟਰਦਾਣਾ 7 ਕੁਇੰਟਲ, ਦੇਸੀ ਘਿਉ 20 ਕੁਇੰਟਲ, ਗੈਸ ਸਿਲੰਡਰ 200, ਸੇਬ, ਕੀਵੀ, ਪਪੀਤਾ ਦੇ ਸੀਤਾਫਲ ਦੇ ਕਰੀਬ 500 ਕੁਇੰਟਲ ਪੈਕਟਾਂ ਤੋਂ ਇਲਾਵਾ ਲੱਡੂ, ਜਲੇਬੀਆਂ, ਪੂੜੀ ਛੋਲੇ ਤੇ ਹੋਰ ਵੱਖ-ਵੱਖ ਤਰ੍ਹਾਂ ਦੇ ਪਕਵਾਨ 24 ਘੰਟੇ ਤਿਆਰ ਕਰਕੇ ਵਰਤਾਏ ਗਏ ਹਨ ।

**ਪ੍ਰਧਾਨ ਮੰਤਰੀ ਮੋਦੀ ਵਲੋਂ ਪ੍ਰਕਾਸ਼ ਪੁਰਬ ਦੀ ਵਧਾਈ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਵਧਾਈ ਦਿੰਦਿਆਂ ਗੁਰੂ ਜੀ ਵਲੋਂ ਸੇਵਾ ਤੇ ਦਇਆ 'ਤੇ ਜ਼ੋਰ ਦੇ ਕੇ ਸਿੱਖ ਇਤਿਹਾਸ ਤੇ ਸੱਭਿਆਚਾਰ 'ਵਿਚ ਅਮਿੱਟ ਯੋਗਦਾਨ ਪਾਉਣ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ ।

ਪ੍ਰਧਾਨ ਮੰਤਰੀ ਮੋਦੀ ਨੇ ਕੀਤੇ ਟਵੀਟ ਵਿਚ ਲਿਖਿਆ ਕਿ ਸਿੱਖ ਧਰਮ ਦੇ 10 ਗੁਰੂਆਂ 'ਚੋਂ ਚੌਥੇ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਦੇ ਸ਼ੁਭ ਮੌਕੇ 'ਤੇ ਉਨ੍ਹਾਂ ਨੂੰ ਨਮਸਕਾਰ ਕਰਦਾ ਹਾਂ, ਜਿਨ੍ਹਾਂ ਸੇਵਾ ਤੇ ਦਇਆ 'ਤੇ ਜ਼ੋਰ ਦੇ ਕੇ ਸਿੱਖ ਇਤਿਹਾਸ ਤੇ ਸੱਭਿਆਚਾਰ 'ਵਿਚ ਅਮਿੱਟ ਯੋਗਦਾਨ ਪਾਇਆ ਹੈ ।ਉਨ੍ਹਾਂ ਅੱਗੇ ਲਿਖਿਆ ਕਿ ਗੁਰੂ ਰਾਮਦਾਸ ਜੀ ਦੀ ਬਾਣੀ 'ਵਿਚੋਂ ਸ਼ਰਧਾ ਤੇ ਭਗਤੀ ਦੀ ਸ਼ੁੱਧ ਭਾਵਨਾ ਝਲਕਦੀ ਹੈ।

# ਬਹੁਜਨ ਸਮਾਜ ਲਈ ਬਾਬੂ ਕਾਂਸ਼ੀ ਰਾਮ ਜੀ ਨੇ ਬਹੁਤ ਸੰਘਰਸ਼ ਕੀਤਾ- ਔਜਲਾ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)–** ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਬਹੁਜਨ ਸਮਾਜ ਨੂੰ ਸੱਤਾ ਦਾ ਹਿੱਸਾ ਬਣਾਉਣ ਲਈ ਦਿਨ ਰਾਤ ਇੱਕ ਕੀਤਾ ਇਸ ਸੰਕਲਪ ਨੂੰ ਪੂਰਾ ਕਰਨ ਲਈ ਬਾਬੂ ਕਾਂਸ਼ੀ ਰਾਮ ਜੀ ਨੇ ਪਿੰਡ ਪਿੰਡ ਘੁੰਮ ਕੇ ਲੋਕਾਂ ਨੂੰ ਆਪਣੇ ਹੱਕਾਂ ਅਤੇ ਮਹਾਨ ਰਹਿਬਰਾਂ ਦੇ ਮਿਸ਼ਨ ਪ੍ਰਤੀ ਬਹੁਤ ਜਾਗਰੁਕ ਕੀਤਾ ਤੇ ਬਹੁਜਨ ਸਮਾਜ ਲਈ ਅਖੀਰ ਤੱਕ ਬਹੁਤ ਸ਼ੰਘਰਸ਼ ਕੀਤਾ ਇਨਾ ਵਿਚਾਰਾਂ ਦਾ ਪ੍ਰਗਟਾਵਾ ਬਸਪਾ ਦੇ ਸੂਬਾ ਸਕੱਤਰ ਸ੍ਰੀ ਲਾਲ ਚੰਦ ਔਜਲਾ ਨੇ ਵਿਧਾਨ ਸਭਾ ਹਲਕਾ ਫਿਲੌਰ ਦੇ ਪਿੰਡਾਂ ਤੋਂ ਅੱਜ ਬਸਪਾ ਵਲੋਂ ਭਗਵਾਨ ਮਹਾਂਰਿਸ਼ੀ ਸ੍ਰੀ ਵਾਲਮੀਕ ਜੀ ਦੇ ਜਨਮ ਦਿਨ ਅਤੇ ਬਹੁਜਨ ਸਮਾਜ ਪਾਰਟੀ ਅਤੇ ਡੀਐਸਫੋਰ ਦੇ ਸੰਸਥਾਪਕ ਸਾਹਿਬ ਸ੍ਰੀ ਬਾਬੂ ਕਾਂਸ਼ੀ ਰਾਮ ਜੀ ਦੇ ਪ੍ਰੀਨਿਰਵਾਣ ਦਿਵਸ ਨੂੰ ਵਿਸੇਸ਼ ਮੰਨਦੇ ਹੋਏ ਵਿਧਾਨ ਸਭਾ ਹਲਕਾ ਫਿਲੌਰ ਦੇ ਅਨੇਕਾਂ ਪਿੰਡਾਂ ਤੋ ਹਜਾਰਾਂ ਦੀ ਤਦਾਦ ਚ ਬਸਪਾ ਸਾਥੀਆਂ ਦਾ ਜਥਾ ਖੰਨਾ ਵਿਖੇ ਹੋ ਰਹੀ ਵਿਸ਼ਾਲ ਰੈਲ਼ੀ ਲਈ ਜਾਣ ਸਮੇ ਕੀਤਾ ਔਜਲਾ ਨੇ ਆਖਿਆ ਕਿ ਬਾਬੂ ਜੀ ਨੇ



ਕਿਹਾ ਸੀ ਕਿ ਰਾਜਨੀਤੀ ਇੱਕ ਅਜਿਹੀ ਚਾਬੀ ਹੈ ਜਿਸ ਨਾਲ ਹਰ ਮੁਸ਼ਕਿਲ ਦਾ ਤਾਲਾ ਬੜੀ ਅਸਾਨੀ ਨਾਲ ਖੋਲਿਆ ਜਾ ਸਕਦਾ ਹੈ।

ਉਹਨਾਂ ਕਿਹਾ ਕਿ ਬਾਬੂ ਕਾਂਸ਼ੀ ਰਾਮ ਜੀ ਨੇ ਕਿਹਾ ਕਿ ਮੇਰਾ ਕੋਈ ਇਰਾਦਾ ਨਹੀਂ ਸੀ ਰਾਜਨੀਤੀ ਵੱਲ ਆਉਣ ਦਾ ਪਰ ਜਦੋਂ ਮੈਂ ਭਾਰਤ ਰਤਨ ਡਾ ਬੀਆਰ ਅੰਬੇਡਕਰ ਸਾਹਿਬ ਜੀ ਦੀ ਲਿਖੀ ਹੋਈ ਕਿਤਾਬ, ਜਾਤ ਪਾਤ ਦਾ ਬੀਜ ਨਾਸ਼, ਪੜੀ ਤਾਂ ਆਪਣੇ ਸਮਾਜ ਨੂੰ ਕਾਮਯਾਬ ਕਰਨ ਲਈ ਆਪਣਾ ਪਿੰਡ ਛੱਡ ਕੇ ਅਤੇ ਸਰਕਾਰ ਵਲੋਂ ਮਿਲੀ ਕਲਾਸ ਵਨ ਦੀ ਨੋਕਰੀ ਨੂੰ ਲੱਤ ਮਾਰ ਕੇ ਉਸ ਸਮੇਂ ਅੱਤ ਦੀ ਗਰੀਬੀ ਹੋਣ ਦੇ ਬਾਵਜੂਦ ਵੀ ਆਪਣੇ ਲੋਕਾ ਨੂੰ  ਜਾਗਰੁਕ ਕਰਨ ਲਈ ਕੋਲੋਂ ਖਰਚ ਕਰ ਕੇ ਸਾਈਕਲ ਤੇ ਘੁੰਮ ਕੇ ਜਾਗਰੁਕ ਕਰਨਾ ਸ਼ੁਰੂ ਕਰ ਦਿਤਾ ਤੇ ਉਨਾਂ ਆਪਣੇ ਸਮਾਜ ਦੇ ਲੋਕਾਂ ਦੇ ਹੱਕਾਂ ਦੀ ਗੱਲ ਕਰਦਿਆਂ ਬਹੁਤ ਲੰਬਾ ਪੈਂਡਾ ਤਹਿ ਕੀਤਾ ਤੇ ਜੋ ਉਨਾਂ ਦਾ ਸੰਕਲਪ ਸੀ ਉਹ ਅਧੂਰਾ ਰਹਿ ਗਿਆ ਸੀ ਅਸੀਂ ਉਸ ਨੂੰ ਪੂਰਾ ਕਰਨ ਲਈ ਇੱਕਮੁੱਠ ਹੋਕੇ ਪਾੜੋ ਤੇ ਰਾਜ ਕਰੋ ਵਰਗੀਆਂ ਮਾੜੀਆਂ ਸੋਚਾਂ ਦੇ ਲੋਕਾਂ ਤੋਂ ਸਾਨੂ ਦੂਰ ਰਹਿਣਾ ਚਾਹੀਦਾ ਹੈ  ਤੇ ਸਾਨੂ ਹਮੇਸ਼ਾਂ ਇੱਕ ਝੰਡੇ ਥੱਲੇ ਇਕੱਠੇ ਹੋਣ ਦੀ ਲੋੜ ਹੈ ਤਾਂ ਹੀ ਜੋ ਸਾਡੇ ਮਹਾਨ ਰਹਿਬਰਾਂ ਨੇ ਸੁਨਿਹਰੀ ਸੁਪਨੇ ਸਜਾਏ ਸਨ ਤਾਂ ਹੀ ਸਕਾਰ ਹੋਣਗੇ ਤੇ ਅਸੀ ਸੱਤਾ ਤੇ ਕਾਬਜ ਹੋਵਾਂਗੇ।

ਇਸ ਮੋਕੇ ਹਲਕਾ ਫਿਲੌਰ ਦੇ ਵੱਖ ਵੱਖ ਪਿੰਡਾਂ ਤੋ ਅਹੁਦੇਦਾਰ ਤੇ ਹਜਾਰਾਂ ਸਾਥੀ ਬਸਪਾ ਦੀ ਰੈਲ਼ੀ ਲਈ ਜੈ ਭੀਮ ਦੀ ਨਾਅਰੇ ਲਾਕੇ ਰਵਾਨਾ ਹੋਏ।



# ਸਤਿਗੁਰੂ ਵਾਲਮੀਕ ਜੀ ਦਾ ਪਰਗਟ ਦਿਵਸ 23 ਅਕਤੂਬਰ ਨੂੰ ਮਨਾਇਆ ਜਾਵੇਗਾ



ਵਲੇਹੋ ਅਤੇ ਬੇ ਏਰੀਆ ਦੀ ਸੰਗਤ ਵਲੋ ਸਤਿਗੁਰੁ ਵਾਲਮੀਕ ਜੀ ਦਾ ਪਰਗਟ ਦਿਵਸ 23 ਅਕਤੂਬਰ 2022 ਦਿਨ ਐਤਵਾਰ ਨੂੰ ਵਲੈਹੋ 1461 N Camino Alto Vallejo CA 94589 ਵਿਖੇ ਮਨਾਇਆ ਜਾ ਰਿਹਾ ਹੈ • ਆਪ ਸਭ ਨੇ ਪਰਿਵਾਰ ਸਮੇਤ ਪਹੁੰਚਣ ਦੀ ਕਿਰਪਾਲਤਾ ਕਰਨੀ ਤੁਹਾਡਾ ਧੰਨਵਾਦ ਜੀ।

**ਧੰਨਵਾਦ ਸਹਿਤ**

**(ਹੋਰ ਜਾਣਕਾਰੀ ਲਈ ਸੰਪਰਕ ਕਰੋ)**

707-704-3869 (Kewal Singh Sidhu)
707-704-5216 (Sodhi Nahar )
916-873-0311 (Gurpal Singh)
916-613-3311 (Bhupinder Bhinda )
408-394-6729 (Baljiwan Das)


**NSB Insurance**

**NIRMAL SINGH BADHAN**

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928



RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

**Dil Nijjar** REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd # 100 Sacramento, CA 95834



# ਭਾਰਤ ਦੀਆਂ ਨਾਮਵਰ ਹਾਕੀ ਟੀਮਾਂ ਨੂੰ ਹਰਾ ਕੇ ਸ਼੍ਰੋਮਣੀ ਕਮੇਟੀ ਦੀ ਟੀਮ ਬਣੀ ਚੈਂਪੀਅਨ

**ਅੰਮ੍ਰਿਤਸਰ–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਤ ਕਰਦਿਆਂ ਚਲਾਈਆਂ ਜਾ ਰਹੀਆਂ ਵੱਖ–ਵੱਖ ਖੇਡਾਂ ਦੀਆਂ ਅਕੈਡਮੀਆਂ ਨੂੰ ਉਸ ਸਮੇਂ ਇਕ ਵੱਡਾ ਹੁਲਾਰਾ ਮਿਲਿਆ ਜਦ ਸ਼੍ਰੋਮਣੀ ਕਮੇਟੀ ਦੇ ਖੇਡ ਸਕੱਤਰ ਸ ਤੇਜਿੰਦਰ ਸਿੰਘ ਪੱਡਾ ਤੇ ਹਾਕੀ ਅਡਵਾਈਜ਼ਰ ਸ ਗੁਰਮੀਤ ਸਿੰਘ, ਕੋਚ ਸ ਪ੍ਰੇਮ ਸਿੰਘ ਤੇ ਸ ਸੁਰਜੀਤ ਸਿੰਘ ਵੱਲੋਂ ਤਿਆਰ ਕੀਤੀ ਗਈ ਹਾਕੀ ਟੀਮ ਦੇ ਨੌਜਵਾਨਾਂ ਨੇ ਭਾਰਤ ਦੀਆਂ ਵੱਖ–ਵੱਖ ਨਾਮਵਰ ਕੰਪਨੀਆਂ ਦੀਆਂ ਹਾਕੀ ਟੀਮਾਂ ਨੂੰ ਸਮੂਹ ਚੈਂਪੀਅਨਸ਼ਿਪ ਦੇ ਮੈਚਾਂ ਵਿੱਚ ਵੱਡੇ ਫ਼ਰਕ ਨਾਲ ਹਰਾ ਕੇ 6 ਵੀ ਐਸਐਨਬੀਪੀ ਚੈਂਪੀਅਨਸ਼ਿਪ ਪੂਣਾ ਦਾ ਫਾਈਨਲ ਮੁਕਾਬਲਾ ਜਿੱਤ ਕੇ ਸ਼੍ਰੋਮਣੀ ਕਮੇਟੀ ਨੇ ਚੈਂਪੀਅਨਸ਼ਿਪ ਆਪਣੇ ਨਾਮ ਕੀਤੀ ਹੈ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਖੇਡ ਸਕੱਤਰ ਡਾ ਤਜਿੰਦਰ ਸਿੰਘ ਪੱਡਾ ਹਾਕੀ ਟੀਮ ਦੇ ਅਡਵਾਈਜ਼ਰ ਸ ਗੁਰਮੀਤ ਸਿੰਘ ਨੇ ਸਾਂਝੇ ਤੌਰ ਉਤੇ ਦੱਸਿਆ ਕਿ ਭਾਰਤ ਦੇ ਪ੍ਰਸਿੱਧ ਸ਼ਹਿਰ ਪੂਣਾ ਵਿਖੇ ਐਸਐਨਬੀਪੀ ਹਾਕੀ ਆਲ ਇੰਡੀਆ ਚੈਂਪੀਅਨਸ਼ਿਪ ਵਿੱਚ ਸਮੁੱਚੇ ਭਾਰਤ ਤੋਂ 32 ਨਾਮਵਰ ਹਾਕੀ ਟੀਮਾਂ ਨੇ ਸ਼ਿਰਕਤ ਕੀਤੀ, ਜਿਸ ਦੌਰਾਨ




ਚੈਂਪੀਅਨਸ਼ਿਪ ਵਿੱਚ ਸ਼੍ਰੋਮਣੀ ਕਮੇਟੀ ਦੀ ਟੀਮ ਨੇ ਪਹਿਲੇ ਮੈਚ ਵਿੱਚ ਮਣੀਪੁਰ ਨੂ 12, 0 ਨਾਵਲ ਟਾਟਾ ਨੂੰ 2, 0 ਕੁਆਰਟਰ ਫਾਈਨਲ ਵਿੱਚ ਸੇਲ ਨੂ 5, 0 ਨਾਲ ਤੇ ਸੈਮੀਫਾਈਨਲ ਮੁਕਾਬਲੇ ਵਿੱਚ ਅਨਵਰ ਹਾਕੀ ਅਕੈਡਮੀ ਯੂਪੀ ਨੂੰ 4, 0 ਤੇ ਫਾਈਨਲ ਮੁਕਾਬਲਾ ਚੈਂਪੀਅਨਸ਼ਿਪ ਦਾ ਭਾਰਤ ਦੀ ਪ੍ਰਸਿੱਧ ਹਾਕੀ ਅਕੈਡਮੀ ਟੀਮ ਧਿਆਨ ਚੰਦ ਨੂੰ 4। 3 ਨਾਲ ਹਰਾ ਕੇ ਚੈਂਪੀਅਨਸ਼ਿਪ ਦਾ ਫਾਈਨਲ ਖ਼ਿਤਾਬ ਸ਼੍ਰੋਮਣੀ ਕਮੇਟੀ ਦੇ ਨਾਮ ਲਗਵਾਇਆ ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਬਾਬਾ ਬਕਾਲਾ ਸਾਹਿਬ ਤੇ ਫਰੀਦਕੋਟ ਵਿਖੇ ਹਾਕੀ ਅਕੈਡਮੀਆਂ ਚਲਾਈਆਂ ਜਾ ਰਹੀਆਂ ਹਨ ਜਿਸ ਵਿੱਚ ਪੰਜਾਬ ਦੇ ਪ੍ਰਸਿੱਧ ਕੋਚ ਤੇ ਅਡਵਾਈਜ਼ਰ ਇਨ੍ਹਾਂ ਨੌਜਵਾਨਾਂ ਨੂੰ ਹਾਕੀ ਖੇਡ ਪ੍ਰਤੀ ਤਿਆਰ ਕਰਦੇ ਹੋਏ ਦਿਨ ਰਾਤ ਮਿਹਨਤ ਕਰਵਾ ਰਹੇ ਹਨ।

ਜਿਸ ਦੇ ਨਤੀਜੇ ਉਨ੍ਹਾਂ ਚੈਂਪੀਅਨਸ਼ਿਪ ਜਿੱਤਣ ਤੇ ਆਏ ਹਨ ਤੇ ਸ਼੍ਰੋਮਣੀ ਕਮੇਟੀ ਦਾ ਨਾਮ ਪੂਰੇ ਭਾਰਤ ਵਿੱਚ ਨਹੀਂ ਪੂਰੀ ਦੁਨੀਆਂ ਦੇ ਖੇਡ ਜਗਤ ਵਿਚ ਸ਼ਾਮਲ ਹੋ ਗਿਆ ਹੈ, ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਮੇਟੀ ਦੀ ਹਾਕੀ ਟੀਮ ਦੇ ਕਪਤਾਨ ਕਮਲਜੀਤ ਸਿੰਘ ਤੇ ਜਗਜੀਤ ਸਿੰਘ ਤੇ ਟੀਮ ਦੇ ਹੋਰ ਹਾਕੀ ਖਿਡਾਰੀਆਂ ਨੇ ਬਹੁਤ ਵਧੀਆ ਪ੍ਰਦਰਸ਼ਨ ਕਰਦਿਆਂ ਸਾਰੇ ਮੈਚਾਂ ਵਿਚ ਜਿੱਤ ਪ੍ਰਾਪਤ ਕੀਤੀ ਤੇ ਆਪਣੀ ਟੀਮ ਦਾ ਨਾਮ ਰੌਸ਼ਨ ਕੀਤਾ।

# ਗੁਰਮੀਤ ਸਿੰਘ ਨੂੰ ਬੇਅੰਤ ਸਿੰਘ ਕਤਲ ਕੇਸ ਵਿਚ ਮਿਲੀ ਪੈਰੋਲ



**ਪਟਿਆਲਾ–** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਮਾਮਲੇ ਵਿੱਚ 1995 ਤੋਂ ਉਮਰ ਕੈਦੀ ਵਜੋਂ ਬੁੜੈਲ ਜੇਲ੍ਹ ਚੰਡੀਗੜ੍ਹ ਵਿੱਚ ਬੰਦ ਪਟਿਆਲਾ ਵਾਸੀ ਇੰਜਨੀਅਰ ਗੁਰਮੀਤ ਸਿੰਘ ਪੈਰੋਲ 'ਤੇ ਆਪਣੇ ਪਟਿਆਲਾ ਸਥਿਤ ਘਰ ਪੁੱਜੇ ਹਨ। ਪੈਰੋਲ ਦੀ ਇਹ ਪ੍ਰਕਿਰਿਆ ਕੁਝ ਸਾਲ ਪਹਿਲਾਂ ਭਾਈ ਬਖਸ਼ੀਸ਼ ਸਿੰਘ ਵੱਲੋਂ ਰੱਖੇ ਗਏ ਮਰਨ ਵਰਤ ਤੋਂ ਸ਼ੁਰੂ ਹੋਈ ਸੀ, ਜਿਸ ਤੋਂ ਬਾਅਦ ਗੁਰਮੀਤ ਸਿੰਘ ਸਮੇਤ ਇਸੇ ਮਾਮਲੇ ਵਿਚ ਦੋ ਹੋਰ ਕੈਦੀ ਲਖਵਿੰਦਰ ਸਿੰਘ ਪਟਿਆਲਾ ਅਤੇ ਸ਼ਮਸ਼ੇਰ ਸਿੰਘ ਉਕਸੀ ਰਾਜਪੁਰਾ ਪੈਰੋਲ 'ਤੇ ਆ ਰਹੇ ਹਨ।

# ਆਮ ਆਦਮੀ ਪਾਰਟੀ ਦਾ ਜਥਾ ਹੋਇਆ ਗੁਜਰਾਤ ਨੂੰ ਰਵਾਨਾ

**ਲਸਾੜਾ/ਉੜਾਪੜ (ਬੱਗਾ ਸੇਲਕੀ–ਆਣਾ)–** ਸੂਬੇ ਚ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੂਬੇ ਚ ਕਾਨੂੰਨ ਵਿਵਸਥਾ ਅਤੇ ਹੋਰ ਅਨੇਕਾ ਕਾਰਜਾ ਚ ਸੁਧਾਰ ਲਿਆਉਣ ਲਈ ਤੇ ਸੂਬੇ ਨੂੰ ਵਿਕਾਸ ਪੱਖੋ ਇੱਕ ਨੰਬਰ ਦਾ ਬਣਾਉਣ ਲਈ ਅਨੇਕਾਂ ਸਮਾਜ ਭਲਾਈ ਸਕੀਮਾਂ ਅਤੇ ਹੋਰ ਕਾਰਜ ਆਰੰਭੇ ਹਨ ਤੇ ਸੂਬਾ ਵਾਸੀਆਂ ਵਲੋਂ ਭਰਪੂਰ ਸਰਕਾਰ ਨੂੰ ਸਲਾਹਿਆ ਵੀ ਜਾ ਰਿਹਾ ਹੈ ਤੇ ਹੁਣ ਗੁਜਰਾਤ ਚ ਹੋ ਰਹੀਆਂ ਵਿਧਾਨ ਸਭਾ ਚੋਣਾ ਨੂ ਮੁੱਖ ਰੱਖਦੇ ਹੋਏ ਉਥੇ ਪ੍ਰਚਾਰ ਕਰਨ ਲਈ ਆਮ ਆਦਮੀ ਪਾਰਟੀ ਦੇ ਅਨੇਕਾਂ ਵਿਧਾਇਕਾਂ ਦਾ ਜਥਾ ਰਵਾਨਾ ਹੋਇਆਂ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਹਲਕਾ ਵਿਧਾਨ ਸਭਾ ਬੰਗਾ ਦੇ ਇੰਚਾਰਜ ਕੁਲਜੀਤ ਸਿੰਘ ਸਰਹਾਲ ਨੇ ਦੱਸਿਆ ਕਿ ਇਸ ਜਥੇ ਵਿੱਚ ਹਲਕਾ ਸਨੋਰ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ, ਹਲਕਾ ਅਮਰਗੜ ਤੋਂ ਜਸਵੰਤ ਸਿੰਘ ਗੱਜਣਮਾਜਰਾ, ਹਲਕਾ ਪਟਿਆਲਾ ਤੋਂ ਡਾ.ਬਲਬੀਰ ਸਿੰਘ ,ਸ਼੍ਰੀ ਅਸ਼ੋਕ ਕਟਾਰੀਆ ਬਲਾਚੋਰ ਤੋਂ ਇਲਾਵਾ ਹੋਰ ਵੀ ਅਹੁਦੇਦਾਰ ਅਤੇ ਵਰਕਰ ਸਾਹਿਬਾਨ ਜਾ ਰਹੇ ਹਨ।



ਉਥੇ ਜਾਕੇ ਪੰਜਾਬ ਆਮ ਆਦਮੀ ਸਰਕਾਰ ਵਲੋਂ ਹੁਣ ਤੱਕ ਦੀਆਂ ਪਰਾਪਤੀਆਂ ਜਾਂ ਕਾਰਜ ਕੀਤੇ ਹਨ ਤੇ ਜੋ ਪੰਜਾਬ ਚ ਬਦਲਾਅ ਆਇਆ ਹੈ ਉਨਾਂ ਬਾਰੇ ਗੁਜਰਾਤ ਵਾਸੀਆਂ ਨੂੰ ਜਾਣਕਾਰੀ ਦੇਵਾਂਗੇ ਤਾਂ ਜੋ ਗੁਜਰਾਤ ਦੇ ਲੋਕ ਭਾਰੀ ਬਹੁਮਤ ਨਾਲ ਆਮ ਆਦਮੀ ਪਾਰਟੀ ਨੂੰ ਆਪਣਾ ਇੱਕ ਇੱਕ ਕੀਮਤੀ ਵੋਟ ਦੇਕੇ ਭਾਰੀ ਬਹੁਮਤ ਨਾਲ ਆਪ ਦੀ ਸਰਕਾਰ ਬਣਾ ਸਕਣ ਤੇ ਪੰਜਾਬ ਵਰਗੀਆਂ ਸਹੂਲਤਾ ਪ੍ਰਾਪਤ ਕਰ ਸਕਣ ਉਨਾਂ ਕਿਹਾ ਕਿ ਆਉਣ ਵਾਲੇ ਸਮੇਂ ਚ ਪੰਜਾਬ ਦੇ ਵਿਕਾਸ ਕਾਰਜਾਂ ਬਹੁਤ ਜਲਦ ਸ਼ੁਰੂ ਕੀਤੇ ਜਾਣਗੇ ਇਸ ਮੋਕੇ ਹੋਰ ਅਹੁਦੇਦਾਰ ਤੇ ਵਰਕਰ ਸਾਹਿਬਾਨ ਹਾਜਰ ਸਨ।

# ਜੋਗਿੰਦਰ ਸਿੰਘ ਮਾਨ ਨੇ ਸੁਭਾਸ਼ ਨਗਰ ਚੌਂਕ ਦਾ ਨਾਮ ਭਗਵਾਨ ਵਾਲਮੀਕਿ ਚੌਂਕ ਰੱਖਣ ਦਾ ਕੀਤਾ ਐਲਾਨ

## ਭਗਵਾਨ ਵਾਲਮੀਕਿ ਪ੍ਰਕਾਸ਼ ਪੁਰਬ ਦੀ ਦਿੱਤੀ ਵਧਾਈ




**ਫਗਵਾੜਾ 8 ਅਕਤੂਬਰ (ਬੀਕੇ ਰੱਤੂ)** ਸ਼ਹਿਰ ਦੇ ਮੁਹੱਲਾ ਸੁਭਾਸ਼ ਨਗਰ ਵਿਖੇ ਸੀਨੀਅਰ ਆਪ ਆਗੂ ਅਤੇ ਹਲਕਾ ਵਿਧਾਨਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਵਲੋਂ 'ਮੇਰਾ ਸ਼ਹਿਰ ਮੇਰਾ ਮਾਣ' ਮੁਹਿੰਮ ਨੂੰ ਅੱਗੇ ਤੋਰਦੇ ਹੋਏ ਨਗਰ ਨਿਗਮ ਫਗਵਾੜਾ ਦੇ ਸਹਿਯੋਗ ਨਾਲ ਵਿਕਾਸ ਕਾਰਜਾਂ ਨੂੰ ਲੀਹਾਂ ਤੇ ਪਾਉਂਦੇ ਪ੍ਰੋਗਰਾਮ ਦੀ ਸ਼ੁਰੂਆਤ ਕਾਰਵਾਈ ਅਤੇ ਸ੍ਰਿਸ਼ਟੀਕਰਤਾ ਭਗਵਾਨ ਵਾਲਮੀਕ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਕੇ ਬੰਗਾ ਰੋਡ ਸਥਿਤ ਸੁਭਾਸ਼ ਨਗਰ ਚੌਂਕ ਦਾ ਨਾਮ ਭਗਵਾਨ ਵਾਲਮੀਕ ਜੀ ਦੇ ਨਾਮ ਤੇ ਰੱਖਣ ਦਾ ਐਲਾਨ ਕੀਤਾ। ਜੋਗਿੰਦਰ ਸਿੰਘ ਮਾਨ ਨੇ ਸਮੂਹ ਵਾਲਮੀਕਿ ਭਾਈਚਾਰੇ ਨੂੰ ਭਗਵਾਨ ਵਾਲਮੀਕਿ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਭਗਵਾਨ ਵਾਲਮੀਕਿ ਜੀ ਨੇ ਮਨੁੱਖਤਾ ਨੂੰ ਸੇਧ ਦੇਣ ਲਈ ਕਈ ਗ੍ਰੰਥਾਂ ਦੀ ਰਚਨਾ ਕੀਤੀ। ਉਹਨਾਂ ਦੇ ਹਜਾਰਾਂ ਸਾਲ ਪਹਿਲਾਂ ਲਿਖੇ ਗ੍ਰੰਥ ਅੱਜ ਵੀ ਉੰਨੇ ਹੀ ਸਾਰਥਕ ਹਨ ਜਿੰਨੇ ਉਸ ਸਮੇਂ ਦੌਰਾਨ ਸਨ। ਸ ਮਾਨ ਨੇ ਸਮੂਹ ਨੌਜਵਾਨਾਂ ਨੂੰ ਭਗਵਾਨ ਵਾਲਮੀਕਿ ਜੀ ਦੀ ਬਾਣੀ ਤੋਂ ਸੇਧ ਲੈ ਕੇ ਨੇਕੀ ਦੇ ਰਸਤੇ ਤੇ ਚੱਲਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਇਸ ਮੌਕੇ ਵਾਲਮੀਕਿ ਭਾਈਚਾਰੇ ਨੇ ਜੋਗਿੰਦਰ ਸਿੰਘ ਮਾਨ ਅਤੇ ਨਿਗਮ ਕਮਿਸ਼ਨਰ ਡਾ। ਨਯਨ ਜੱਸਲ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸੀਨੀਅਰ ਆਪ ਆਗੂ ਹਰਮੇਸ਼ ਪਾਠਕ, ਧਰਮਵੀਰ ਸੇਠੀ, ਜੀਤ ਦਾਸ, ਗੁਰਦੀਪ ਸਿੰਘ ਤੁਲੀ, ਸੂਬੇਦਾਰ ਜੀਤ ਦਾਸ, ਪਰਮਜੀਤ ਧਰਮਕੋਟ, ਚਮਨ ਲਾਲ, ਰਾਜਾ ਕੌਲਸਰ, ਸੌਰਵ ਹਾਂਡਾ, ਨਵਜੋਤ ਸਿੰਘ, ਰਾਜਪਾਲ ਐਕਸਈਐਨ, ਪਰਮਜੋਤ ਸਿੰਘ ਐਸਡੀਓ, ਰਾਜੇਸ਼ ਪੱਬੀ ਜੇਈ, ਦਵਿੰਦਰ ਪਾਲ ਸਿੰਘ ਜੇ।ਈ, ਰਾਕੇਸ਼ ਕੁਮਾਰ ਜੇਈ ਆਦਿ ਹਾਜਰ ਸਨ।

# ਕੈਲੀਫੋਰਨੀਆ 'ਚ ਪੰਜਾਬੀ ਪਰਿਵਾਰ ਦੇ 4 ਮੈਂਬਰਾਂ ਦੇ ਕਤਲ ਉਤੇ ਜਸਵੀਰ ਸਿੰਘ ਗੜ੍ਹੀ ਵੱਲੋਂ ਦੁੱਖ ਦਾ ਪ੍ਰਗਟਾਵਾ

## ਵਿਦੇਸ਼ਾਂ 'ਚ ਰਹਿੰਦੇ ਭਾਰਤੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਦਖਲ ਦੇਵੇ ਕੇਂਦਰ ਸਰਕਾਰ : ਜਸਵੀਰ ਸਿੰਘ ਗੜ੍ਹੀ

**ਚੰਡੀਗੜ੍ਹ, 6 ਅਕਤੂਬਰ–** ਕੈਲੀਫੋਰਨੀਆ ਵਿੱਚ ਪੰਜਾਬੀ ਪਰਿਵਾਰ ਨੂੰ ਅਗਵਾ ਕੀਤੇ ਜਾਣ ਤੋਂ ਬਾਅਦ ਕਤਲ ਕੀਤੇ ਪਰਿਵਾਰ ਦੇ 4 ਮੈਂਬਰਾਂ ਦੇ ਕਤਲ ਉਤੇ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਦੁੱਖ ਪ੍ਰਗਟਾਇਆ। ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਰੋਜ਼ੀ ਰੋਟੀ ਲਈ ਪੰਜਾਬ ਛੱਡ ਕੇ ਵਿਦੇਸ਼ ਗਏ ਪੰਜਾਬੀਆਂ ਦੇ ਹੋਏ ਕਤਲ ਦੀ ਖਬਰ ਨੇ ਪੰਜਾਬ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਹਰਸੀ ਨਾਲ ਸਬੰਧਤ ਪਰਿਵਾਰ ਉਤੇ ਅੱਜ ਪਹਾੜਾਂ ਦਾ ਕਹਿਰ ਟੁੱਟਿਆ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਨਿੰਦਣਯੋਗ ਘਟਨਾ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਵਿਦੇਸ਼ ਰਹਿੰਦੇ ਪੰਜਾਬੀਆਂ ਦੀ ਸੁਰੱਖਿਆ ਨੂੰ ਲੈ ਕੇ ਸਵਾਲ ਖੜ੍ਹੇ ਕਰ ਦਿੱਤੇ ਹਨ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਕੇਂਦਰ ਸਰਕਾਰ ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਦੀ ਸੁਰੱਖਿਆ ਨੂੰ ਯਕੀਨੀ ਕਰਨ ਲਈ ਕਦਮ ਚੁੱਕੇ।



# ਮਹਿੰਗਾਈ ਯੁੱਗ ਵਿਚ 24 ਰੁਪਏ ਦਿਹਾੜੀ ਵਾਧਾ ਕਰਨ ਦੀ ਸਰਕਾਰੀ ਬੁਰਕੀ ਮਜ਼ਦੂਰਾਂ ਨਾਲ ਕੋਝਾ ਮਜ਼ਾਕ : ਜਸਵੀਰ ਗੜ੍ਹੀ

**ਚੰਡੀਗੜ੍ਹ, 6 ਅਕਤੂਬਰ–** ਪੰਜਾਬ ਸਰਕਾਰ ਵੱਲੋਂ ਉਸਾਰੀ ਮਜ਼ਦੂਰਾਂ ਦੀਆਂ ਦਿਹਾੜੀਆਂ ਵਿੱਚ ਕੀਤੇ ਨਿਗੁਣੇ ਵਾਧੇ ਨੂੰ ਬਹੁਜਨ ਸਮਾਜ ਪਾਰਟੀ ਨੇ ਮਜ਼ਦੂਰਾਂ ਨਾਲ ਕੋਝਾ ਮਜ਼ਾਕ ਕਰਾਰ ਦਿੱਤਾ। ਮੁੱਖ ਮੰਤਰੀ ਦੱਸਣ ਮਹਿੰਗਾਈ ਦੇ ਦੌਰ ਵਿੱਚ 715 ਰੁਪਏ ਪ੍ਰਤੀ ਮਹੀਨੇ ਵਾਧੇ ਨਾਲ ਮਜ਼ਦੂਰ ਕਿਵੇਂ ਕਰਨ ਗੁਜਾਰਾ ਜੋਕਿ ਮਹਿੰਗਾਈ ਯੁਗ ਵਿਚ 24 ਰੁਪਏ ਰੋਜ਼ਾਨਾ ਦਿਹਾੜੀ ਵਾਧਾ ਕਰਨ ਦੀ ਸਰਕਾਰੀ ਬੁਰਕੀ ਮਜ਼ਦੂਰਾਂ ਨਾਲ ਭੱਦੇ ਮਜਾਕ ਤੋਂ ਵੱਧ ਕੁਝ ਨਹੀਂ ਹੈ। ਜਾਰੀ ਪ੍ਰੈਸ ਬਿਆਨ ਵਿੱਚ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਮਜ਼ਦੂਰਾਂ ਦੀਆਂ ਦਿਹਾੜੀ ਵਿੱਚ 714 ਰੁਪਏ 96 ਪੈਸੇ ਪ੍ਰਤੀ ਮਹੀਨਾ ਕੀਤੇ ਵਾਧੇ 'ਆਪ' ਦਾ ਮਜ਼ਦੂਰ ਵਿਰੋਧੀ ਚਿਹਰਾ ਇਕ ਵਾਰ ਫਿਰ ਸਾਹਮਣੇ ਲਿਆ ਦਿੱਤਾ।

ਸ ਗੜ੍ਹੀ ਨੇ ਕਿਹਾ ਕਿ ਅਤਿ ਦੀ ਮਹਿੰਗਾਈ ਵਿੱਚ ਪਿੜ–ਪਿਸ਼ ਰਹੇ ਮਜ਼ਦੂਰਾਂ ਦੀਆਂ ਦਿਹਾੜੀ ਵਿਚ ਕੀਤਾ ਗਿਆ ਸਿਰਫ 24 ਰੁਪਏ ਰੋਜ਼ਾਨਾ ਦਾ ਵਾਧਾ ਉਨ੍ਹਾਂ ਦੇ ਜੀਵਨ ਵਿੱਚ ਕੋਈ ਬਦਲਾਅ ਨਹੀਂ ਲਿਆ ਸਕੇਗਾ। ਉਨ੍ਹਾਂ ਕਿਹਾ ਕਿ ਅੱਜ ਜਦੋਂ ਦੁੱਧ ਦੀ ਕੀਮਤ 50 ਰੁਪਏ ਪ੍ਰਤੀ ਕਿਲੋ ਤੋਂ ਉਪਰ ਹੋ ਚੁੱਕੀ ਹੈ ਜਦੋਂਕਿ ਦਾਲ 100 ਰੁਪੈ ਤੇ ਸਬਜ਼ੀ 50 ਰੁਪਏ ਕਿਲੋ ਤੋਂ ਘੱਟ ਨਹੀਂ ਮਿਲ ਰਹੀ, ਦਿਨੋਂ ਦਿਨ ਵਧੀਆਂ ਖਾਣ ਵਾਲੇ ਤੇਲ ਤੇ ਰਸੋਈ ਸਿਲੰਡਰ ਦੀਆਂ ਕੀਮਤਾਂ ਨੇ ਆਮ ਲੋਕਾਂ ਦਾ ਜਿਊਣਾ ਮੁਸ਼ਕਿਲ ਕੀਤਾ ਹੈ ਉਥੇ ਮਜ਼ਦੂਰ 9907 ਰੁਪਏ ਵਿਚ ਮਹੀਨਾ ਭਰ ਆਪਣੇ ਪਰਿਵਾਰ ਦਾ ਗੁਜ਼ਾਰਾ ਕਿਵੇਂ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਖੁਦ 9907 ਰੁਪਏ ਵਿੱਚ ਆਪਣੇ ਪਰਿਵਾਰ ਗੁਜਾਰਾ ਕਰਕੇ ਦਿਖਾਉਣ ਤਾਂ ਉਨ੍ਹਾਂ ਨੂੰ ਪਤਾ ਲੱਗੇਗਾ। ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਪੰਜਾਬ ਸਰਕਾਰ ਉਸਾਰੀ, ਖੇਤ ਮਜ਼ਦੂਰਾਂ ਦੇ ਘੱਟੋ ਘੱਟ 21000 ਰੁਪਏ ਮਹੀਨਾ ਤੈਅ ਕਰੇ ਤਾਂ ਜੋ ਮਹਿੰਗਾਈ ਦੇ ਦੌਰ ਵਿੱਚ ਲੋਕ ਆਪਣਾ ਜੀਵਨ ਜੀਅ ਸਕਣ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਮਜ਼ਦੂਰਾਂ ਦੇ ਮਸਲੇ ਉਤੇ ਲੋਕਾਂ ਨੂੰ ਜੱਥੇਬੰਦ ਕਰਕੇ ਇਕ ਤਿੱਖਾ ਸੰਘਰਸ਼ ਵਿੱਢੇਗੀ।

# ਮੁਲਾਇਮ ਸਿੰਘ ਯਾਦਵ :
# 'ਦੋ ਯਾਦਵਾਂ ਦੇ ਵਿਰੋਧ ਕਾਰਨ ਮੁਲਾਇਮ ਪ੍ਰਧਾਨ ਮੰਤਰੀ ਬਣਨ ਤੋਂ ਖੁੰਝ ਗਏ ਸਨ'

**ਜਲੰਧਰ–** ਸਮਾਜਵਾਦੀ ਆਗੂ ਅਤੇ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਦਾ ਦੇਹਾਂਤ ਹੋ ਗਿਆ ਹੈ। ਉਹ 82 ਸਾਲ ਦੇ ਸਨ।

ਸਮਾਜਵਾਦੀ ਪਾਰਟੀ ਦੇ ਮੌਜੂਦਾ ਮੁਖੀ ਤੇ ਮੁਲਾਇਮ ਦੇ ਬੇਟੇ ਅਖਿਲੇਸ਼ ਯਾਦਵ ਮੁਤਾਬਕ ਉਨ੍ਹਾਂ ਨੇ ਸੋਮਵਾਰ ਨੂੰ ਗੁੜਗਾਂਓ ਦੇ ਮੇਦਾਂਤਾ ਹਸਪਤਾਲ ਵਿਚ 8-16 ਵਜੇ ਆਖ਼ਰੀ ਸਾਹ ਲਏ।





ਕਿਹਾ ਜਾਂਦਾ ਹੈ ਕਿ ਮੁਲਾਇਮ ਸਿੰਘ ਯਾਦਵ ਦੀ ਜਵਾਨੀ ਦੇ ਦਿਨਾਂ ਵਿੱਚ ਜੇਕਰ ਉਨ੍ਹਾਂ ਦਾ ਹੱਥ ਆਪਣੇ ਵਿਰੋਧੀ ਦੀ ਕਮਰ ਤੱਕ ਪਹੁੰਚ ਜਾਂਦਾ ਸੀ, ਤਾਂ ਚਾਹੇ ਉਹ ਕਿੰਨਾ ਹੀ ਲੰਬਾ ਜਾਂ ਤਕੜਾ ਹੋਵੇ, ਉਸ ਦੀ ਮਜਾਲ ਨਹੀਂ ਸੀ ਕਿ ਉਹ ਆਪਣੇ-ਆਪ ਨੂੰ ਉਨ੍ਹਾਂ ਦੇ ਜੱਫੇ ਤੋਂ ਛੁੜਾ ਲਵੇ।

ਅੱਜ ਵੀ ਉਨ੍ਹਾਂ ਦੇ ਪਿੰਡ ਦੇ ਲੋਕ ਉਨ੍ਹਾਂ ਦੇ 'ਚਰਖ ਦਾਅ' ਨੂੰ ਨਹੀਂ ਭੁੱਲੇ ਹਨ, ਜਦੋਂ ਉਹ ਬਿਨਾਂ ਆਪਣੇ ਹੱਥਾਂ ਦੀ ਵਰਤੋਂ ਕਰਕੇ ਪਹਿਲਵਾਨ ਨੂੰ ਚਾਰੋ ਖਾਨੇ ਚਿੱਤ ਕਰ ਦਿੰਦੇ ਸਨ।

ਮੁਲਾਇਮ ਸਿੰਘ ਯਾਦਵ ਦੇ ਚਚੇਰੇ ਭਾਈ ਪ੍ਰੋਫੈਸਰ ਰਾਮ ਗੋਪਾਲ ਨੇ ਇੱਕ ਵਾਰ ਬੀਬੀਸੀ ਨੂੰ ਦੱਸਿਆ ਸੀ, "ਅਖਾੜੇ ਵਿੱਚ ਜਦੋਂ ਮੁਲਾਇਮ ਦੀ ਕੁਸ਼ਤੀ ਆਪਣੇ ਅੰਤਿਮ ਪੜਾਅ ਵਿੱਚ ਹੁੰਦੀ ਸੀ ਤਾਂ ਅਸੀਂ ਆਪਣੀਆਂ ਅੱਖਾਂ ਬੰਦ ਕਰ ਲੈਂਦੇ ਸੀ।" "ਸਾਡੀਆਂ ਅੱਖਾਂ ਉਦੋਂ ਹੀ ਖੁੱਲ੍ਹਦੀਆਂ ਸਨ, ਜਦੋਂ ਭੀੜ ਵਿੱਚੋਂ ਆਵਾਜ਼ ਆਉਂਦੀ ਸੀ, "ਹੋ ਗਈ, ਹੋ ਗਈ' ਅਤੇ ਸਾਨੂੰ ਲੱਗ ਜਾਂਦਾ ਸੀ ਕਿ ਸਾਡੇ ਭਾਈ ਨੇ ਸਾਹਮਣੇ ਵਾਲੇ ਪਹਿਲਵਾਨ ਨੂੰ ਪਟਕ ਦਿੱਤਾ ਹੈ।"

ਪੇਸ਼ੇ ਵਜੋ ਉਨ੍ਹਾਂ ਅਧਿਆਪਨ ਕਿੱਤਾ ਅਪਣਾਇਆ, ਇਸ ਬਣਨ ਦੇ ਬਾਅਦ ਮੁਲਾਇਮ ਨੇ ਪਹਿਲਵਾਨੀ ਕਰਨੀ ਪੂਰੀ ਤਰ੍ਹਾਂ ਨਾਲ ਛੱਡ ਦਿੱਤੀ ਸੀ। ਪਰ ਆਪਣੇ ਜੀਵਨ ਦੇ ਆਖਰੀ ਸਮੇਂ ਤੱਕ ਉਹ ਆਪਣੇ ਪਿੰਡ ਸੈਫ਼ਈ ਵਿੱਚ ਦੰਗਲ ਕਰਾਉਂਦੇ ਰਹੇ। ਉੱਤਰ ਪ੍ਰਦੇਸ਼ 'ਤੇ ਨਜ਼ਰ ਰੱਖਣ ਵਾਲੇ ਕਈ ਰਾਜਨੀਤਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਕੁਸ਼ਤੀ ਦੇ ਇਸ ਗੁਰ ਦੀ ਵਜ੍ਹਾ ਨਾਲ ਹੀ ਮੁਲਾਇਮ ਰਾਜਨੀਤੀ ਦੇ ਅਖਾੜੇ ਵਿੱਚ ਵੀ ਓਨੇ ਹੀ ਸਫ਼ਲ ਰਹੇ। ਜਦੋਂਕਿ ਉਨ੍ਹਾਂ ਦਾ ਕੋਈ ਰਾਜਨੀਤਕ ਪਿਛੋਕੜ ਨਹੀਂ ਸੀ।

### ਮੁਲਾਇਮ ਦੀ ਸਿਆਸੀ ਸ਼ੁਰੂਆਤ

ਮੁਲਾਇਮ ਸਿੰਘ ਦੀ ਪ੍ਰਤਿਭਾ ਨੂੰ ਸਭ ਤੋਂ ਪਹਿਲਾਂ ਪਛਾਣਿਆ ਸੀ ਪ੍ਰਜਾ ਸੋਸ਼ਲਿਸਟ ਪਾਰਟੀ ਦੇ ਇੱਕ ਨੇਤਾ ਨਾਥੂ ਸਿੰਘ ਨੇ। ਉਹਨਾਂ ਨੇ 1967 ਦੀ ਚੋਣ ਵਿੱਚ ਜਸਵੰਤਨਗਰ ਵਿਧਾਨ ਸਭਾ ਸੀਟ ਤੋਂ ਉਨ੍ਹਾਂ ਨੂੰ ਟਿਕਟ ਦਿਵਾਈ ਸੀ। ਉਸ ਸਮੇਂ ਮੁਲਾਇਮ ਦੀ ਉਮਰ ਸਿਰਫ਼ 28 ਸਾਲ ਸੀ ਅਤੇ ਉਹ ਪ੍ਰਦੇਸ਼ ਦੇ ਇਤਿਹਾਸ ਵਿੱਚ ਸਭ ਤੋਂ ਘੱਟ ਉਮਰ ਦੇ ਵਿਧਾਇਕ ਬਣੇ ਸਨ। ਉਨ੍ਹਾਂ ਨੇ ਵਿਧਾਇਕ ਬਣਨ ਦੇ ਬਾਅਦ ਆਪਣੀ ਐੱਮਏ ਦੀ ਪੜ੍ਹਾਈ ਪੂਰੀ ਕੀਤੀ ਸੀ।

ਜਦੋਂ 1977 ਵਿੱਚ ਉੱਤਰ ਪ੍ਰਦੇਸ਼ ਵਿੱਚ ਰਾਮਨਰੇਸ਼ ਯਾਦਵ ਦੀ ਅਗਵਾਈ ਵਿੱਚ ਜਨਤਾ ਪਾਰਟੀ ਦੀ ਸਰਕਾਰ ਬਣੀ ਤਾਂ ਮੁਲਾਇਮ ਸਿੰਘ ਨੂੰ ਸਹਿਕਾਰਤਾ ਮੰਤਰੀ ਬਣਾਇਆ ਗਿਆ। ਉਸ ਸਮੇਂ ਉਨ੍ਹਾਂ ਦੀ ਉਮਰ ਸੀ ਸਿਰਫ਼ 38 ਸਾਲ।

### ਮੁੱਖ ਮੰਤਰੀ ਦੀ ਦੌੜ ਵਿੱਚ ਅਜੀਤ ਸਿੰਘ ਨੂੰ ਹਰਾਇਆ

ਚੌਧਰੀ ਚਰਨ ਸਿੰਘ ਮੁਲਾਇਮ ਸਿੰਘ ਨੂੰ ਆਪਣਾ ਰਾਜਨਤੀਕ ਵਾਰਿਸ ਅਤੇ ਆਪਣੇ ਬੇਟੇ ਅਜੀਤ ਸਿੰਘ ਨੂੰ ਆਪਣਾ ਕਾਨੂੰਨੀ ਵਾਰਿਸ ਕਿਹਾ ਕਰਦੇ ਸਨ। ਪਰ ਜਦੋਂ ਆਪਣੇ ਪਿਤਾ ਦੇ ਗੰਭੀਰ ਰੂਪ ਵਿੱਚ ਬਿਮਾਰ ਹੋਣ ਦੇ ਬਾਅਦ ਅਜੀਤ ਸਿੰਘ ਅਮਰੀਕਾ ਤੋਂ ਵਾਪਸ ਭਾਰਤ ਆਏ ਤਾਂ ਉਨ੍ਹਾਂ ਦੇ ਸਮਰਥਕਾਂ ਨੇ ਉਨ੍ਹਾਂ 'ਤੇ ਜ਼ੋਰ ਪਾਇਆ ਕਿ ਉਹ ਪਾਰਟੀ ਦੇ ਪ੍ਰਧਾਨ ਬਣ ਜਾਣ। ਇਸ ਦੇ ਬਾਅਦ ਮੁਲਾਇਮ ਸਿੰਘ ਅਤੇ ਅਜੀਤ ਸਿੰਘ ਵਿੱਚ ਵਿਰੋਧਤਾ ਵਧੀ, ਪਰ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣਨ ਦਾ ਮੌਕਾ ਮੁਲਾਇਮ ਸਿੰਘ ਨੂੰ ਮਿਲਿਆ। 5 ਦਸੰਬਰ, 1989 ਨੂੰ ਉਨ੍ਹਾਂ ਨੂੰ ਲਖਨਊ ਦੇ ਕੇਡੀ ਸਿੰਘ ਬਾਬੂ ਸਟੇਡੀਅਮ ਵਿੱਚ ਮੁੱਖ ਮੰਤਰੀ ਅਹੁਦੇ ਦੀ ਸਹੁੰ ਚੁਕਾਈ ਗਈ ਅਤੇ ਮੁਲਾਇਮ ਨੇ ਭਰੇ ਗਲ਼ੇ ਨਾਲ ਕਿਹਾ ਸੀ, "ਲੋਹੀਆ ਦੇ ਗਰੀਬ ਦੇ ਬੇਟੇ ਨੂੰ ਮੁੱਖ ਮੰਤਰੀ ਬਣਾਉਣ ਦਾ ਪੁਰਾਣਾ ਸੁਪਨਾ ਸਾਕਾਰ ਹੋ ਗਿਆ ਹੈ।"

### 'ਪਰਿੰਦਾ ਵੀ ਪਰ ਨਹੀਂ ਮਾਰ ਸਕੇਗਾ'

ਮੁੱਖ ਮੰਤਰੀ ਬਣਦੇ ਹੀ ਮੁਲਾਇਮ ਸਿੰਘ ਨੇ ਉੱਤਰ ਪ੍ਰਦੇਸ਼ ਵਿੱਚ ਤੇਜ਼ੀ ਨਾਲ ਉੱਭਰ ਰਹੀ ਭਾਰਤੀ ਜਨਤਾ ਪਾਰਟੀ ਦਾ ਮਜ਼ਬੂਤੀ ਨਾਲ ਸਾਹਮਣਾ ਕਰਨ ਦਾ ਫੈਸਲਾ ਕੀਤਾ। ਉਸ ਜ਼ਮਾਨੇ ਵਿੱਚ ਉਨ੍ਹਾਂ ਦੇ ਕਹੇ ਗਏ ਇੱਕ ਵਾਕ "ਬਾਬਰੀ ਮਸਜਿਦ 'ਤੇ ਇੱਕ ਪਰਿੰਦਾ ਵੀ ਪਰ ਨਹੀਂ ਮਾਰ ਸਕੇਗਾ" ਨੇ ਉਨ੍ਹਾਂ ਨੂੰ ਮੁਸਲਮਾਨਾਂ ਦੇ ਬਹੁਤ ਕਰੀਬ ਲਿਆ ਦਿੱਤਾ। ਇਹੀ ਨਹੀਂ, ਜਦੋਂ 2 ਨਵੰਬਰ, 1990 ਨੂੰ ਕਾਰ ਸੇਵਕਾਂ ਨੇ ਬਾਬਰੀ ਮਸਜਿਦ ਵੱਲ ਵਧਣ ਦੀ ਕੋਸ਼ਿਸ਼ ਕੀਤੀ, ਤਾਂ ਉਨ੍ਹਾਂ 'ਤੇ ਪਹਿਲਾਂ ਲਾਠੀਚਾਰਜ ਫਿਰ ਗੋਲੀਆਂ ਚੱਲੀਆਂ, ਜਿਸ ਵਿੱਚ ਇੱਕ ਦਰਜਨ ਤੋਂ ਜ਼ਿਆਦਾ ਕਾਰ ਸੇਵਕ ਮਾਰੇ ਗਏ। ਇਸ ਘਟਨਾ ਦੇ ਬਾਅਦ ਤੋਂ ਹੀ ਭਾਜਪਾ ਦੇ ਸਮਰਥਕ ਮੁਲਾਇਮ ਸਿੰਘ ਯਾਦਵ ਨੂੰ 'ਮੌਲਾਨਾ ਮੁਲਾਇਮ' ਕਹਿ ਕੇ ਬੁਲਾਉਣ ਲੱਗੇ। ਚਾਰ ਅਕਤੂਬਰ, 1992 ਨੂੰ ਉਨ੍ਹਾਂ ਨੇ ਸਮਾਜਵਾਦੀ ਪਾਰਟੀ ਦੀ ਸਥਾਪਨਾ ਕੀਤੀ। ਉਨ੍ਹਾਂ ਨੂੰ ਲੱਗਿਆ ਕਿ ਉਹ ਇਕੱਲੇ ਭਾਰਤੀ ਜਨਤਾ ਪਾਰਟੀ ਦੇ ਵਧਦੇ ਹੋਏ ਗ੍ਰਾਫ਼ ਨੂੰ ਨਹੀਂ ਰੋਕ ਸਕਣਗੇ। ਇਸ ਲਈ ਉਨ੍ਹਾਂ ਨੇ ਕਾਂਸ਼ੀਰਾਮ ਦੀ ਬਹੁਜਨ ਸਮਾਜ ਪਾਰਟੀ ਨਾਲ ਚੋਣ ਗੱਠਜੋੜ ਕੀਤਾ। ਕਾਂਸ਼ੀਰਾਮ ਨਾਲ ਉਨ੍ਹਾਂ ਦੀ ਮੁਲਾਕਾਤ ਦਿੱਲੀ ਦੇ ਅਸ਼ੋਕ ਹੋਟਲ ਵਿੱਚ ਉਦਯੋਗਪਤੀ ਜਯੰਤ ਮਲਹੋਤਰਾ ਨੇ ਕਰਵਾਈ ਸੀ। 1993 ਵਿੱਚ ਹੋਈ ਉੱਤਰ ਪ੍ਰਦੇਸ਼ ਵਿਧਾਨ ਸਭਾ ਚੋਣ ਵਿੱਚ ਉਨ੍ਹਾਂ ਦੀ ਪਾਰਟੀ ਨੂੰ 260 ਵਿੱਚੋਂ 109 ਅਤੇ ਬਹੁਜਨ ਸਮਾਜ ਪਾਰਟੀ ਨੂੰ 163 ਵਿੱਚੋਂ 67 ਸੀਟਾਂ ਮਿਲੀਆਂ ਸਨ। ਭਾਰਤੀ ਜਨਤਾ ਪਾਰਟੀ ਨੂੰ 177 ਸੀਟਾਂ ਨਾਲ ਸਬਰ ਕਰਨਾ ਪਿਆ ਸੀ। ਮੁਲਾਇਮ ਸਿੰਘ ਨੇ ਕਾਂਗਰਸ ਅਤੇ ਬੀਐੱਸਪੀ ਦੇ ਸਮਰਥਨ ਨਾਲ ਰਾਜ ਵਿੱਚ ਦੂਜੀ ਵਾਰ ਮੁੱਖ ਮੰਤਰੀ ਪਦ ਦੀ ਸਹੁੰ ਚੁੱਕੀ ਸੀ।

### ਮੁਲਾਇਮ ਸਿੰਘ ਯਾਦਵ ਦਾ ਰਾਜਨੀਤਕ ਸਫ਼ਰ

1967 ਵਿੱਚ ਪਹਿਲੀ ਬਾਰ ਉੱਤਰ ਪ੍ਰਦੇਸ਼ ਦੇ ਜਸਵੰਤਨਗਰ ਤੋਂ ਵਿਧਾਇਕ ਬਣੇ।

1996 ਤੱਕ ਮੁਲਾਇਮ ਸਿੰਘ ਯਾਦਵ ਜਸਵੰਤ ਨਗਰ ਤੋਂ ਵਿਧਾਇਕ ਰਹੇ।

ਪਹਿਲੀ ਬਾਰ ਉਹ 1989 ਵਿੱਚ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਬਣੇ।

1993 ਵਿੱਚ ਉਹ ਦੂਜੀ ਬਾਰ ਰਾਜ ਦੇ ਮੁੱਖ ਮੰਤਰੀ ਬਣੇ।

1996 ਵਿੱਚ ਪਹਿਲੀ ਬਾਰ ਮੁਲਾਇਮ ਸਿੰਘ ਯਾਦਵ ਨੇ ਮੈਨਪੁਰੀ ਤੋਂ ਲੋਕ ਸਭਾ ਚੋਣ ਲੜੀ।

1996 ਤੋਂ 1998 ਤੱਕ ਉਹ ਯੂਨਾਈਟਿਡ ਫਰੰਟ ਦੀ ਸਰਕਾਰ ਵਿੱਚ ਰੱਖਿਆ ਮੰਤਰੀ ਰਹੇ।

ਉਸ ਦੇ ਬਾਅਦ ਮੁਲਾਇਮ ਸਿੰਘ ਯਾਦਵ ਨੇ ਸੰਭਲ ਅਤੇ ਕੰਨੌਜ ਤੋਂ ਵੀ ਲੋਕ ਸਭਾ ਦੀ ਚੋਣ ਜਿੱਤੀ।

2003 ਵਿੱਚ ਇੱਕ ਬਾਰ ਫਿਰ ਮੁਲਾਇਮ ਸਿੰਘ ਯਾਦਵ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਬਣੇ।

ਮੁਲਾਇਮ ਸਿੰਘ ਯਾਦਵ 2007 ਤੱਕ ਯੂਪੀ ਦੇ ਸੀਐੱਮ ਬਣੇ ਰਹੇ।

ਇਸ ਵਿਚਕਾਰ 2004 ਵਿੱਚ ਉਨ੍ਹਾਂ ਨੇ ਲੋਕ ਸਭਾ ਚੋਣ ਵੀ ਜਿੱਤੀ, ਪਰ ਬਾਅਦ ਵਿੱਚ ਅਸਤੀਫ਼ਾ ਦੇ ਦਿੱਤਾ।

2009 ਵਿੱਚ ਉਨ੍ਹਾਂ ਨੇ ਮੈਨਪੁਰੀ ਤੋਂ ਲੋਕ ਸਭਾ ਚੋਣ ਲੜੀ ਅਤੇ ਜਿੱਤੇ ਵੀ।

2014 ਵਿੱਚ ਮੁਲਾਇਮ ਸਿੰਘ ਯਾਦਵ ਨੇ ਆਜ਼ਮਗੜ੍ਹ ਅਤੇ ਮੈਨਪੁਰੀ ਦੋਵਾਂ ਥਾਵਾਂ ਤੋਂ ਲੋਕ ਸਭਾ ਚੋਣ ਲੜੀ ਅਤੇ ਜਿੱਤੇ ਵੀ।

ਬਾਅਦ ਵਿੱਚ ਉਨ੍ਹਾਂ ਨੇ ਮੈਨਪੁਰੀ ਸੀਟ ਛੱਡ ਦਿੱਤੀ।

2019 ਵਿੱਚ ਉਨ੍ਹਾਂ ਨੇ ਇੱਕ ਬਾਰ ਫਿਰ ਮੈਨਪੁਰੀ ਤੋਂ ਲੋਕ ਸਭਾ ਚੋਣ ਲੜੀ ਅਤੇ ਜਿੱਤੀ।

### ਜਦੋਂ ਕਾਂਸ਼ੀਰਾਮ ਨੇ ਮੁਲਾਇਮ ਨੂੰ ਚਾਰ ਘੰਟੇ ਤੱਕ ਇੰਤਜ਼ਾਰ ਕਰਵਾਇਆ

ਪਰ ਇਹ ਗੱਠਜੋੜ ਬਹੁਤ ਦਿਨਾਂ ਤੱਕ ਨਹੀਂ ਚੱਲਿਆ ਕਿਉਂਕਿ ਬਹੁਜਨ ਸਮਾਜ ਪਾਰਟੀ ਨੇ ਆਪਣੇ ਗੱਠਜੋੜ ਸਹਿਯੋਗੀ ਦੇ ਸਾਹਮਣੇ ਬਹੁਤ ਸਾਰੀਆਂ ਮੰਗਾਂ ਰੱਖ ਦਿੱਤੀਆਂ। ਮਾਇਆਵਤੀ ਆਪ ਮੁਲਾਇਮ ਦੇ ਕੰਮ 'ਤੇ ਬਾਰੀਕ ਨਜ਼ਰ ਰੱਖਦੀ ਅਤੇ ਜਦੋਂ ਵੀ ਉਨ੍ਹਾਂ ਨੂੰ ਮੌਕਾ ਮਿਲਦਾ, ਉਨ੍ਹਾਂ ਨੂੰ ਜਨਤਕ ਰੂਪ ਨਾਲ ਸ਼ਰਮਿੰਦਾ ਕਰਨ ਤੋਂ ਪਿੱਛੇ ਨਹੀਂ ਹਟਦੀ। ਕੁਝ ਦਿਨਾਂ ਬਾਅਦ ਕਾਂਸ਼ੀਰਾਮ ਨੇ ਵੀ ਮੁਲਾਇਮ ਸਿੰਘ ਯਾਦਵ ਦੀ ਅਣਦੇਖੀ ਕਰਨੀ ਸ਼ੁਰੂ ਕਰ ਦਿੱਤੀ। ਉੱਤਰ ਪ੍ਰਦੇਸ਼ ਦੇ ਮੁੱਖ ਸਕੱਤਰ ਰਹੇ ਟੀਐੱਸ ਆਰ ਸੁਬਰਮਣ-ਯਿਮ ਆਪਣੀ ਕਿਤਾਬ 'ਜਰਨੀਜ਼ ਟੂ ਬਾਬੂਡਮ ਐਂਡ ਨੇਤਾਲੈਂਡ' ਵਿੱਚ ਲਿਖਦੇ ਹਨ, "ਇੱਕ ਬਾਰ ਕਾਂਸ਼ੀਰਾਮ ਲਖਨਊ ਆਏ ਅਤੇ ਸਰਕਟ ਹਾਊਸ ਵਿੱਚ ਠਹਿਰੇ। ਉਨ੍ਹਾਂ ਤੋਂ ਪਹਿਲਾਂ ਤੋਂ ਸਮਾਂ ਲੈ ਕੇ ਮੁਲਾਇਮ ਸਿੰਘ ਉਨ੍ਹਾਂ ਨੂੰ ਮਿਲਣ ਪਹੁੰਚੇ।

ਉਸ ਸਮੇਂ ਕਾਂਸ਼ੀਰਾਮ ਆਪਣੇ ਰਾਜਨੀਤਕ ਸਹਿਯੋਗੀਆਂ ਨਾਲ ਸਲਾਹ ਮਸ਼ਵਰਾ ਕਰ ਰਹੇ ਸਨ। ਉਨ੍ਹਾਂ ਦੇ ਸਟਾਫ਼ ਨੇ ਮੁਲਾਇਮ ਨੂੰ ਕਿਹਾ ਕਿ ਉਹ ਨਾਲ ਦੇ ਕਮਰੇ ਵਿੱਚ ਬੈਠ ਕੇ ਕਾਂਸ਼ੀਰਾਮ ਦੇ ਕੰਮ ਤੋਂ ਵਿਹਲੇ ਹੋਣ ਦਾ ਇੰਤਜ਼ਾਰ ਕਰਨ।"

"ਕਾਂਸ਼ੀਰਾਮ ਦੀ ਬੈਠਕ ਦੋ ਘੰਟੇ ਤੱਕ ਚੱਲੀ। ਜਦੋਂ ਕਾਂਸ਼ੀਰਾਮ ਦੇ ਸਹਿਯੋਗੀ ਬਾਹਰ ਨਿਕਲੇ ਤਾਂ ਮੁਲਾਇਮ ਨੇ ਸਮਝਿਆ ਕਿ ਹੁਣ ਉਨ੍ਹਾਂ ਨੂੰ ਅੰਦਰ ਬੁਲਾਇਆ ਜਾਵੇਗਾ।' "ਪਰ ਅਜਿਹਾ ਕੁਝ ਨਹੀਂ ਹੋਇਆ। ਇੱਕ ਘੰਟੇ ਬਾਅਦ ਜਦੋਂ ਮੁਲਾਇਮ ਨੇ ਪੁੱਛਿਆ ਕਿ ਅੰਦਰ ਕੀ ਹੋ ਰਿਹਾ ਹੈ ਤਾਂ ਉਨ੍ਹਾਂ ਨੇ ਦੱਸਿਆ ਕਿ ਕਾਂਸ਼ੀਰਾਮ ਦਾੜ੍ਹੀ ਬਣਾ ਰਹੇ ਹਨ ਅਤੇ ਇਸ ਦੇ ਬਾਅਦ ਉਹ ਇਸ਼ਨਾਨ ਕਰਨਗੇ।" "ਮੁਲਾਇਮ ਬਾਹਰ ਇੰਤਜ਼ਾਰ ਕਰਦੇ ਰਹੇ। ਇਸ ਵਿਚਕਾਰ ਕਾਂਸ਼ੀਰਾਮ ਥੋੜ੍ਹਾ ਸੌਂ ਵੀ ਲਏ। ਚਾਰ ਘੰਟੇ ਬਾਅਦ ਉਹ ਮੁਲਾਇਮ ਸਿੰਘ ਨੂੰ ਮਿਲਣ ਬਾਹਰ ਆਏ।"

# ਮੁਲਾਇਮ ਸਿੰਘ ਯਾਦਵ ਪੰਜ ਤੱਤਾਂ 'ਚ ਵਿਲੀਨ, ਅੰਤਿਮ ਵਿਦਾਈ ਦੇਣ ਲਈ ਉਮੜਿਆ ਜਨ ਸੈਲਾਬ

ਸਮਾਜਵਾਦੀ ਪਾਰਟੀ (ਸਪਾ) ਦੇ ਸੰਸਥਾਪਕ ਅਤੇ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ (82) ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਨ੍ਹਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਸੈਫਈ 'ਚ ਸਰਕਾਰੀ ਸਨਮਾਨ ਨਾਲ ਕੀਤਾ ਗਿਆ। ਮੁਲਾਇਮ ਦੇ ਪੁੱਤਰ ਅਖਿਲੇਸ਼ ਯਾਦਵ ਨੇ ਉਨ੍ਹਾਂ ਨੂੰ ਮੁੱਖ ਅਗਨੀ ਦਿੱਤੀ। ਨੇਤਾਜੀ ਦੇ ਸਰਨੇਮ ਤੋਂ ਲੋਕਪ੍ਰਿਅ ਮੁਲਾਇਮ ਸਿੰਘ ਦੇ ਅੰਤਿਮ ਦਰਸ਼ਨਾਂ ਲਈ ਸੈਫਈ ਵਿਖੇ ਹਜ਼ਾਰਾਂ ਸਮਰਥਕਾਂ ਦਾ ਵੱਡਾ ਇਕੱਠ ਵੇਖਣ ਨੂੰ ਮਿਲਿਆ। ਮੁਲਾਇਮ ਸਿੰਘ ਦੀ ਅੰਤਿਮ ਯਾਤਰਾ 'ਚ ਸ਼ਰਦ ਪਵਾਰ, ਸੁਪ੍ਰਿਆ ਸੁਲੇ ਤੋਂ ਇਲਾਵਾ ਰੱਖਿਆ ਮੰਤਰੀ ਰਾਜਨਾਥ ਸਿੰਘ, ਬਿਹਾਰ ਦੇ ਡਿਪਟੀ ਸੀ। ਐੱਮ। ਤੇਜਸਵੀ ਯਾਦਵ ਅਤੇ ਪੀ। ਐੱਸ। ਪੀ। ਮੁਖੀ ਸ਼ਿਵਪਾਲ ਯਾਦਵ, ਵਰੁਣ ਗਾਂਧੀ ਅਤੇ ਹੋਰ ਨੇਤਾ ਮੌਜੂਦ ਰਹੇ।

ਇੱਥੇ ਜ਼ਿਕਰਯੋਗ ਹੈ ਕਿ ਮੁਲਾਇਮ ਸਿੰਘ ਯਾਦਵ ਲੰਬੇ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਮੁਲਾਇਮ ਸਿੰਘ ਯਾਦਵ ਨੂੰ ਛਾਤੀ 'ਚ ਇਨਫੈਕਸ਼ਨ, ਯੂਰਿਨ ਇਨਫੈਕਸ਼ਨ ਅਤੇ ਸਾਹ ਲੈਣ 'ਚ ਤਕਲੀਫ ਕਾਰਨ ਗੁਰੂਗ੍ਰਾਮ ਦੇ ਮੇਦਾਂਤਾ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਸੀ। ਮੁਲਾਇਮ ਸਿੰਘ ਯਾਦਵ ਨੇ ਗੁਰੂਗ੍ਰਾਮ ਦੇ ਮੇਦਾਂਤਾ ਹਸਪਤਾਲ 'ਚ ਸਵੇਰੇ 8:16 'ਤੇ ਆਖਰੀ ਸਾਹ ਲਿਆ। ਮੌਤ ਦੀ ਪੁਸ਼ਟੀ ਕਰਦੇ ਹੋਏ ਸਪਾ ਪ੍ਰਧਾਨ ਅਖਿਲੇਸ਼ ਯਾਦਵ ਨੇ ਕਿਹਾ, "ਮੇਰੇ ਸਤਿਕਾਰਯੋਗ ਪਿਤਾ ਜੀ ਅਤੇ ਸਾਰਿਆਂ ਦੇ ਨੇਤਾ ਨਹੀਂ ਰਹੇ।"

ਮੁਲਾਇਮ ਸਿੰਘ ਯਾਦਵ ਦੇ ਦਿਹਾਂਤ 'ਤੇ ਰਾਸ਼ਟਰਪਤੀ ਦਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਯੋਗੀ ਆਦਿੱਤਿਆਨਾਥ, ਕਾਂਗਰਸ ਦੀ ਅੰਤਰਿਮ ਪ੍ਰਧਾਨ ਸੋਨੀਆ ਗਾਂਧੀ, ਕਾਂਗਰਸੀ ਸੰਸਦ ਮੈਂਬਰ ਰਾਹੁਲ ਗਾਂਧੀ, ਰੱਖਿਆ ਮੰਤਰੀ ਰਾਜਨਾਥ ਸਿੰਘ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਕਾਂਗਰਸੀ ਆਗੂ ਪ੍ਰਿਅੰਕਾ ਗਾਂਧੀ, ਆਰ ਜੇ ਡੀ। ਮੁਖੀ ਲਾਲੂ ਪ੍ਰਸਾਦ ਯਾਦਵ, ਸਾਬਕਾ ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ, ਪੰਜਾਬ ਵਿਧਾਨ ਸਭਾ ਦੇ ਸਪੀਕਰ





ਕੁਲਤਾਰ ਸਿੰਘ ਸੰਧਵਾਂ ਸਮੇਤ ਕਈ ਸ਼ਖਸੀਅਤਾਂ ਨੇ ਦੁੱਖ ਪ੍ਰਗਟ ਕੀਤਾ ਹੈ। ਮੁਲਾਇਮ ਸਿੰਘ ਯਾਦਵ ਦੀ ਮੌਤ ਦੀ ਖ਼ਬਰ ਤੋਂ ਬਾਅਦ ਉੱਤਰ ਪ੍ਰਦੇਸ਼ ਸਰਕਾਰ ਨੇ ਸੂਬੇ 'ਚ ਤਿੰਨ ਦਿਨਾਂ ਦੇ ਰਾਜਸੀ ਸ਼ੋਕ ਦਾ ਐਲਾਨ ਕੀਤਾ ਜਦਕਿ ਬਿਹਾਰ 'ਚ ਇਕ ਦਿਨ ਦੇ ਸ਼ੋਕ ਦਾ ਐਲਾਨ ਕੀਤਾ।

### ਮੁਲਾਇਮ ਸਿੰਘ ਯਾਦਵ ਦਾ ਸਿਆਸੀ ਸਫ਼ਰ

ਮੁਲਾਇਮ ਸਿੰਘ ਯਾਦਵ ਦਾ ਜਨਮ 22 ਨਵੰਬਰ 1939 ਨੂੰ ਇਟਾਵਾ ਜ਼ਿਲ੍ਹੇ ਦੇ ਸੈਫਈ ਪਿੰਡ ਵਿੱਚ ਮੂਰਤੀ ਦੇਵੀ ਅਤੇ ਸ਼ੂਗਰ ਸਿੰਘ ਯਾਦਵ ਦੇ ਕਿਸਾਨ ਪਰਿਵਾਰ ਵਿੱਚ ਹੋਇਆ ਸੀ। ਉਹ ਰਤਨ ਸਿੰਘ ਯਾਦਵ ਤੋਂ ਛੋਟਾ ਸੀ ਅਤੇ ਆਪਣੇ ਪੰਜ ਭੈਣ-ਭਰਾਵਾਂ ਵਿੱਚੋਂ ਅਭੈਰਾਮ ਸਿੰਘ ਯਾਦਵ, ਸ਼ਿਵਪਾਲ ਸਿੰਘ ਯਾਦਵ, ਰਾਜਪਾਲ ਸਿੰਘ ਅਤੇ ਕਮਲਾ ਦੇਵੀ ਤੋਂ ਵੱਡਾ ਸੀ। ਪ੍ਰੋਫੈਸਰ ਰਾਮਗੋਪਾਲ ਯਾਦਵ ਉਨ੍ਹਾਂ ਦੇ ਚਚੇਰੇ ਭਰਾ ਹਨ। ਪਿਤਾ ਸ਼ੂਗਰ ਸਿੰਘ ਉਸ ਨੂੰ ਪਹਿਲਵਾਨ ਬਣਾਉਣਾ ਚਾਹੁੰਦੇ ਸਨ। ਮੁਲਾਇਮ ਸਿੰਘ ਯਾਦਵ ਨੇ ਮੈਨਪੁਰੀ ਵਿੱਚ ਕਰਵਾਏ ਕੁਸ਼ਤੀ ਮੁਕਾਬਲੇ ਵਿੱਚ ਆਪਣੇ ਸਿਆਸੀ ਗੁਰੂ ਚੌਧਰੀ ਨੱਥੂ ਸਿੰਘ ਤੋਂ ਪ੍ਰਭਾਵਿਤ ਹੋ ਕੇ ਨੱਥੂ ਸਿੰਘ ਦੇ ਰਵਾਇਤੀ ਵਿਧਾਨ ਸਭਾ ਹਲਕੇ ਜਸਵੰਤ ਨਗਰ ਤੋਂ ਆਪਣਾ ਸਿਆਸੀ ਸਫ਼ਰ ਸ਼ੁਰੂ ਕੀਤਾ।


ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ, ਮੁਲਾਇਮ ਸਿੰਘ ਯਾਦਵ ਨੂੰ ਆਗਰਾ ਯੂਨੀਵਰਸਿਟੀ ਤੋਂ ਰਾਜਨੀਤੀ ਵਿਗਿਆਨ ਵਿੱਚ ਪੋਸਟ ਗ੍ਰੈਜੂਏਸ਼ਨ (ਐਮਏ) ਅਤੇ ਬੀਟੀ ਕਰਨ ਤੋਂ ਬਾਅਦ ਇੰਟਰ ਕਾਲਜ ਵਿੱਚ ਬੁਲਾਰਾ ਨਿਯੁਕਤ ਕੀਤਾ ਗਿਆ ਸੀ। ਸਰਗਰਮ ਰਾਜਨੀਤੀ ਵਿਚ ਆਉਣ ਤੋਂ ਬਾਅਦ ਉਨ੍ਹਾਂ ਨੇ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਉਹ 1982-1985 ਤੱਕ

**ਜੇ ਸਿੰਘ 'ਭਡਿਆਰ**

ਵਿਧਾਨ ਪ੍ਰੀਸ਼ਦ ਦੇ ਮੈਂਬਰ ਰਹੇ। ਲੋਹੀਆ ਅੰਦੋਲਨ ਵਿੱਚ ਸਰਗਰਮ ਹਿੱਸਾ ਲੈਣ ਵਾਲੇ ਮੁਲਾਇਮ ਸਿੰਘ ਯਾਦਵ ਨੇ 4 ਅਕਤੂਬਰ 1992 ਨੂੰ ਸਮਾਜਵਾਦੀ ਪਾਰਟੀ ਦੀ ਸਥਾਪਨਾ ਕੀਤੀ। ਉਸ ਨੂੰ ਸਿਆਸੀ ਖੇਤਰ ਦਾ ਨਿਪੁੰਨ ਪਹਿਲਵਾਨ ਕਿਹਾ ਜਾਂਦਾ ਸੀ। ਜਿੰਨਾ ਚਿਰ ਉਹ ਸਰਗਰਮ ਰਾਜਨੀਤੀ ਵਿੱਚ ਰਿਹਾ, ਉਹ ਆਪਣੇ ਵਿਰੋਧੀਆਂ ਨੂੰ ਪਛਾੜਨ ਵਿੱਚ ਮਾਹਰ ਸੀ। ਦੇਸ਼ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਵਜੋਂ ਉਨ੍ਹਾਂ ਨੇ ਤਿੰਨ ਵਾਰ ਕਮਾਨ ਸੰਭਾਲੀ। ਉਹ ਦੇਸ਼ ਦੇ ਰੱਖਿਆ ਮੰਤਰੀ ਵੀ ਰਹੇ। ਉਹ 8 ਵਾਰ ਉੱਤਰ ਪ੍ਰਦੇਸ਼ ਵਿਧਾਨ ਸਭਾ ਦੇ ਮੈਂਬਰ ਰਹੇ। ਸਾਲ 2019 'ਚ ਲੋਕ ਸਭਾ ਚੋਣਾਂ ਦੌਰਾਨ ਮੁਲਾਇਮ ਸਿੰਘ ਯਾਦਵ ਵੱਲੋਂ ਦਾਇਰ ਹਲਫਨਾਮੇ 'ਚ ਆਪਣੀ ਜਾਇਦਾਦ ਦੀ ਜਾਣਕਾਰੀ ਦਿੱਤੀ ਗਈ ਸੀ। ਉਨ੍ਹਾਂ ਦੀ ਜਾਇਦਾਦ ਕਰੀਬ 16।5 ਕਰੋੜ ਰੁਪਏ ਸੀ। ਇਸ ਹਲਫਨਾਮੇ ਦੇ ਮੁਤਾਬਕ ਉਦੋਂ ਮੁਲਾਇਮ ਸਿੰਘ ਯਾਦਵ ਦੀ ਜਾਇਦਾਦ 16,52,44,300 ਰੁਪਏ ਸੀ। ਇਸ ਅਚੱਲ ਜਾਇਦਾਦ ਦੇ ਨਾਲ ਹੀ ਉਹਨਾਂ ਨੇ ਦੱਸਿਆ ਸੀ ਕਿ ਉਨ੍ਹਾਂ ਦੀ ਪਤਨੀ ਸਾਧਨਾ ਯਾਦਵ ਦੀ ਸਾਲਾਨਾ ਆਮਦਨ 32।02 ਲੱਖ ਰੁਪਏ ਹੈ।


(ਬਾਕੀ ਅਗਲੇ ਸਫੇ 'ਤੇ)

# ਸ਼ੋਕ ਸੰਦੇਸ਼




ਬਹੁਜਨ ਸਮਾਜ ਪਾਰਟੀ ਪੰਜਾਬ ਯੂਨਿਟ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ, ਸਮਾਜਵਾਦੀ ਪਾਰਟੀ ਦੇ ਸੰਸਥਾਪਕ ਸ਼੍ਰੀ ਮੁਲਾਇਮ ਸਿੰਘ ਯਾਦਵ ਜੀ ਦੇ ਦੇਹਾਂਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੀ ਹੈ। ਕੁਦਰਤ ਪਰਿਵਾਰ ਤੇ ਪਾਰਟੀ ਸਮਰਥਕਾਂ ਨੂੰ ਦੁੱਖ ਝੱਲਣ ਦੀ ਸ਼ਕਤੀ ਦੇਵੇ। ਸਾਲ 1992 ਵਿਚ ਸਾਹਿਬ ਕਾਂਸ਼ੀ ਰਾਮ ਜੀ ਜਦੋਂ ਭਾਜਪਾ ਤੇ ਭਗਵਾਂ ਬ੍ਰਿਗੇਡ ਨੇ ਬਾਬਰੀ ਮਸਜਿਦ ਢਾਹਕੇ ਦੇਸ਼ ਵਿਚ ਗੁੰਡਾਗਰਦੀ ਦਾ ਨੰਗਾ ਨਾਚ ਸ਼ੁਰੂ ਕੀਤਾ, ਉਦੋ ਸ਼੍ਰੀ ਮੁਲਾਇਮ ਸਿੰਘ ਯਾਦਵ ਜੀ ਨੇ ਬਸਪਾ ਬਾਨੀ ਸਾਹਿਬ ਕਾਂਸ਼ੀ ਰਾਮ ਜੀ ਨਾਲ ਰਾਬਤਾ ਬਣਾਕੇ ਇਸ ਸਮੱਸਿਆ ਦਾ ਹਲ਼ ਕਰਨ ਦੀ ਅਪੀਲ ਕੀਤੀ। ਸਾਹਿਬ ਕਾਂਸ਼ੀ ਰਾਮ ਜੀ ਨੇ ਨੀਤੀ ਦਾ ਐਲਾਨ ਕੀਤਾ ਸੀ, ਜੋ ਕਿ ਸ਼੍ਰੀ ਮੁਲਾਇਮ ਸਿੰਘ ਯਾਦਵ ਜੀ ਤੋਂ ਬਿਨਾ ਮੁਲਾਇਮ ਸੀ "ਮਿਲੇ ਮੁਲਾਇਮ ਕਾਂਸ਼ੀ ਰਾਮ, ਹਵਾ ਹੋ ਗਏ ਜੈ ਸ਼੍ਰੀ ਰਾਮ"। ਇੰਨੀ ਸਖ਼ਤ ਨੀਤੀ ਸੀ ਇਸ ਨਾਹਰੇ ਦੇ ਅੱਗੇ ਦਲਿਤ ਪਿਛੜਾ ਤੇ ਮੁਸਲਮਾਨ ਦਾ ਸਮਾਜਿਕ ਧਰੁਵੀਕਰਨ ਪੈਦਾ ਹੋਇਆ, ਆਰ ਐਸ ਐਸ ਦੀ ਭਗਵਾਂ ਬ੍ਰਿਗੇਡ ਧੂੜ ਚਟਦੀ ਨਜ਼ਰ ਆਈ। ਨਤੀਜ਼ਾ ਕਿ ਬਹੁਜਨ ਸਮਾਜ ਪਾਰਟੀ ਨੇ ਆਪਣਾ ਗਠਜੋੜ ਦਾ ਪਹਿਲਾ ਮੁੱਖ ਮੰਤਰੀ ਪਿਛੜਾ ਵਰਗ ਤੋਂ ਸਮਾਜਵਾਦੀ ਪਾਰਟੀ ਦੇ ਮੁਖੀਆ ਸ਼੍ਰੀ ਮੁਲਾਇਮ ਸਿੰਘ ਯਾਦਵ ਜੀ ਨੂੰ ਬਣਾਇਆ ਅਤੇ ਜੋਕਿ ਅੱਗੇ ਜਾਕੇ ਬਸਪਾ ਨੇ ਇਸ ਦੇ ਅਗਲੇ ਪੜਾਅ ਵਿਚ ਆਪਣਾ ਪਹਿਲਾ ਮੁੱਖ ਮੰਤਰੀ ਭੈਣ ਕੁਮਾਰੀ ਮਾਇਆਵਤੀ ਜੀ ਨੂੰ ਬਣਾਇਆ। ਮਰਹੂਮ ਸ਼੍ਰੀ ਮੁਲਾਇਮ ਸਿੰਘ ਜੀ ਨੂੰ ਸ਼ਤ ਸ਼ਤ ਪ੍ਰਣਾਮ।

**(ਜਸਵੀਰ ਸਿੰਘ ਗੜ੍ਹੀ)**
**ਸੂਬਾ ਪ੍ਰਧਾਨ, ਬਸਪਾ ਪੰਜਾਬ**



**ਮੁਲਾਇਮ ਸਿੰਘ ਯਾਦਵ ਅਤੇ ਸਾਹਿਬ ਕਾਂਸੀ ਰਾਮ ਦੀ ਇਕ ਯਾਦਗਾਰੀ ਤਸਵੀਰ**


# ਸਾਹਿਬ ਕਾਂਸ਼ੀ ਰਾਮ ਜੀ ਨੂੰ ਸ਼ਰਧਾਂਜਲੀ - ਜਸਵੀਰ ਸਿੰਘ ਗੜ੍ਹੀ

ਸਾਲ 1996 ਹੋਸ਼ਿਆਰਪੁਰ ਦੀ ਲੋਕ ਸਭਾ ਚੋਣ ਸੀ, ਮੇਰਾ ਬਲਾਚੌਰ ਹਲਕਾ ਲੋਕ ਸਭਾ ਹੁਸ਼ਿਆਰਪੁਰ ਵਿੱਚ ਸੀ। ਰਾਤ ਨੂੰ ਪਿੰਡ ਗੜ੍ਹੀ ਕਾਨੂੰਗੋ ਦੇ ਚੋਣ ਜਲਸੇ ਵਿਚ ਪਹਿਲੀ ਵਾਰ ਬੈਠਾ, ਮੇਰੀ ਓਸ ਵੇਲੇ 16ਕੁ ਸਾਲ ਦੀ ਉਮਰ ਸੀ। ਆਪਣੀ 20ਕੁ ਸਾਲ ਦੀ ਉਮਰ ਵਿੱਚ 4ਜਨਵਰੀ 2001 ਨੂੰ ਸਰਕਾਰੀ ਨੌਕਰੀ ਜੁਆਇੰਨ ਕੀਤੀ। ਇਹਨਾ ਚਾਰ ਸਾਲਾਂ ਦੇ ਵਕਫੇ ਵਿਚ ਬਾਬਾ ਸਾਹਿਬ ਅੰਬੇਡਕਰ ਜੀ ਦੇ ਅੰਦੋਲਨ ਤੇ ਸਾਹਿਬ ਕਾਂਸ਼ੀ ਰਾਮ ਜੀ ਦੇ ਮਿਸ਼ਨ ਦੀ ਸੀਨੀਅਰ ਸੈਕੰਡਰੀ ਪਾਸ ਕਰ ਚੁੱਕਾ ਸੀ, ਅਤੇ ਬਲਾਚੌਰ ਵਿਧਾਨ ਸਭਾ ਵਿਚ ਬਾਮਸੇਫ਼ ਦਾ ਸਰਗਰਮ ਮੈਂਬਰ, ਮੂਹਰਲੀ ਕਤਾਰ ਵਾਲਾ ਬਣ ਗਿਆ। ਸਾਲ 2001 ਤੋਂ ਫਰਵਰੀ 2002 ਸਾਹਿਬ ਕਾਂਸ਼ੀ ਰਾਮ ਜੀ ਦੇ ਸੰਪਰਕ ਵਿਚ ਆਇਆ। ਇਕ ਮੌਕੇ ਨਵੰਬਰ 2001 ਵਿਚ, ਅਸੀ ਬਲਾਚੌਰ ਦੇ 45ਕੁ ਸਾਥੀਆਂ ਨੂੰ ਸਾਹਿਬ ਕਾਂਸ਼ੀ ਰਾਮ ਜੀ ਦਾ ਲਗਾਤਾਰ 4/5 ਘੰਟੇ ਦਾ ਕੇਡਰ ਜਲੰਧਰ ਵਾਲੀ ਸਾਹਿਬ ਕਾਂਸ਼ੀ ਰਾਮ ਜੀ ਦੀ ਰਿਹਾਇਸ ਤੇ ਮਿਲਿਆ। ਸਾਹਿਬ ਕਾਂਸ਼ੀ ਰਾਮ ਜੀ ਨੇ ਵਿਧਾਨ ਸਭਾ ਚੋਣਾਂ ਵਿੱਚ ਲਗਾਤਾਰ ਪੰਜਾਬ ਨੂੰ 13 ਮਹੀਨੇ ਦਿੱਤੇ ਤੇ ਮੈਨੂੰ 13ਵਾਰ ਤੋਂ ਜਿਆਦਾ ਸਾਹਿਬ ਨਾਲ ਮੁਲਾਕਾਤ ਦਾ ਮੌਕਾ ਜਾਂ ਦਰਸ਼ਨ ਕਰਨ ਦਾ ਮੌਕਾ ਜਾਂ ਕੇਡਰ ਸੁਣਨ ਦਾ ਮੌਕਾ ਮਿਲਿਆ।

ਹਾਲਾਂਕਿ 2002 ਚੋਣਾਂ ਦਾ ਨਤੀਜ਼ਾ ਬਹੁਤ ਬੁਰਾ ਆਇਆ, ਬਸਪਾ ਇਕ ਵੀ ਸੀਟ ਨਾ ਜਿੱਤ ਸਕੀ।

ਉਸਤੋਂ ਬਾਅਦ 2003 ਤੋਂ 2 ਜੂਨ 2019 ਤੱਕ ਹਮੇਸ਼ਾ ਮੈ ਬਾਮਸੇਫ਼ ਦਾ ਸਰਗਰਮ ਮੈਂਬਰ ਰਿਹਾ, ਇਕੋ ਜਥੇਬੰਦੀ ਦਾ ਮੈਂਬਰ, ਸਾਹਿਬ ਕਾਂਸ਼ੀ ਰਾਮ ਜੀ ਬਣਾਈ ਜਥੇਬੰਦੀ ਬਾਮਸੇਫ਼। ਕਦੀ ਪਿੱਛੇ ਮੁੜਕੇ ਨਹੀਂ ਦੇਖਿਆ। ਸਾਹਿਬ ਕਾਂਸ਼ੀ ਰਾਮ ਜੀ ਦੇ ਵਿਚਾਰਾਂ ਨੂੰ ਜਾਣਨ ਵਾਲੇ ਲੋਕਾਂ ਤੇ ਕਿਤਾਬਾਂ ਨੂੰ ਨੇੜਿਓਂ ਪੜ੍ਹਦਾ ਰਿਹਾ। ਖੱਟੇ ਮਿੱਠੇ ਬੇਅੰਤ ਤਜੁਰਬੇ ਹੋਏ, ਸਾਰੀ ਉਮਰ ਵਿਦਿਆਰਥੀ ਰਿਹਾ, ਅੱਜ ਵੀ ਸਿਖਿਆਰਥੀ ਦੇ ਰੂਪ ਹੀ ਵਿਚਰ ਰਿਹਾ ਹਾਂ। ਜਿੰਨੇ ਵੱਡੇ ਵਡੇ ਲੀਡਰ ਸਾਹਿਬਾਨਾਂ ਦਾ ਸ਼ਰਧਾਲੂ ਰਿਹਾ, ਉਹ ਸਭ ਆਪਣੀਆ ਨਿੱਜੀ ਸਵਾਰਥੀ ਖ਼ਾਹਿਸ਼ਾਂ ਨਾਲ ਸਾਹਿਬ ਕਾਂਸ਼ੀ ਰਾਮ ਜੀ ਦਾ ਮਿਸ਼ਨ ਛੱਡਕੇ ਵਿਰੋਧੀ ਪਾਰਟੀਆਂ ਵਿਚ ਝੋਲੀ-ਚੁੱਕ ਬਣਦੇ ਗਏ। ਅਜਿਹੇ ਲੀਡਰ ਸਾਹਿਬ ਕਾਂਸ਼ੀ ਰਾਮ ਜੀ ਦੇ ਮਿਸ਼ਨ ਨਾਲ, ਵੱਡੇ ਲੀਡਰ ਬਣਨ ਦੀ ਚਾਹਤ ਵਿਚ ਤੇ ਕੁਰਸੀਆਂ ਦੇ ਭੁੱਖੇ ਅਖੌਤੀ ਮਿਸ਼ਨਰੀ ਦਗੜ-ਦਲੇ ਬਣਕੇ ਜਾ ਤਾਂ ਬੇਦਾਵਾ ਦੇਕੇ ਦੁਸ਼ਮਣ ਦੇ ਖੇਮੇ ਚ ਵੜ ਗਏ, ਜਾਂ ਅੰਦਰ ਬੈਠਕੇ ਬਹੁਜਨ ਸਮਾਜ ਨੂੰ ਗੁੰਮਰਾਹ ਕਰਨ ਦਾ ਕੰਮ ਕਰਨ ਲੱਗੇ। ਇਕ ਲੀਡਰ ਇੰਨਾ ਵੱਡਾ ਭਿਵਿਸ਼ਣ ਸੀ ਕਿ ਸਾਰੀ ਉਮਰ ਆਪਣੇ ਆਪ ਨੂੰ ਸਾਹਿਬ ਕਾਂਸ਼ੀ ਰਾਮ ਜੀ ਦਾ ਡਾਕੀਆਂ ਦਸਦਾ ਰਿਹਾ, ਲੇਕਿਨ 2022 ਵਿੱਚ ਆਪਣੇ ਚੇਲੇ ਚਪਟਿਆ ਰਾਹੀਂ ਕਾਂਗਰਸ ਦੀ ਡਾਕ ਵੰਡ ਰਿਹਾ ਸੀ, ਤੇ ਉਸ ਵੱਡੇ ਲੀਡਰ ਦੇ ਇਕ ਚੇਲੇ ਦੀ ਫਿਲੌਰ ਤੋਂ ਵੀਡਿਓ ਵੀ ਵਾਇਰਲ ਹੋਈ ਹੈ।

ਅਜਿਹੇ ਘਰ ਦੇ ਭੇਤੀਆਂ ਤੋਂ ਨਿਰਾਸ਼, ਸਾਹਿਬ ਕਾਂਸ਼ੀ ਰਾਮ ਜੀ ਸਾਰੀ ਉਮਰ ਕਹਿੰਦੇ ਰਹੇ, *"ਕਾਸ਼ ਮੇਰਾ ਬਹੁਜਨ ਸਮਾਜ ਬੰਦਾ ਬਣ ਜਾਵੇ।"* ਸਾਲ 2003 ਦੀ 17 ਸਤੰਬਰ ਨੂੰ ਸਾਹਿਬ ਕਾਂਸ਼ੀ ਰਾਮ ਜੀ ਨੂੰ ਬ੍ਰੇਨ-ਹੈਮਰੇਜ ਹੋ ਗਿਆ। ਇਹਨਾ ਵੱਡੇ ਲੀਡਰਾਂ ਦੀ ਮਿਲੀਭੁਗਤ ਨੇ ਸਾਹਿਬ ਕਾਂਸੀ ਰਾਮ ਜੀ ਦੀ ਬਿਮਾਰੀ ਵੀ ਵਿਵਾਦ ਬਣਾ ਦਿੱਤੀ। ਸਾਹਿਬ ਕਾਂਸ਼ੀ ਰਾਮ ਜੀ ਦੀ ਬਿਮਾਰੀ ਦੇ ਬਹਾਨੇ ਭਾਜਪਾ ਤੇ ਕਾਂਗਰਸ ਦੇ ਹੱਥਾਂ ਵਿਚ ਖੇਡਕੇ ਕੁਝ ਟੁਕੜਬੋਚਾਂ ਦੇ ਸਹਾਰੇ ਮਾਂ-ਪਾਰਟੀ ਨੂੰ ਸਾਰੇ ਦੇਸ਼ ਵਿਚ ਵੱਡੇ ਪੱਧਰ ਤੇ ਤੋੜਿਆਂ ਗਿਆ। ਬਿਮਾਰੀ ਦੇ ਪੂਰੇ ਛੇ ਮਹੀਨਿਆਂ ਬਾਅਦ ਸਾਨੂੰ 2004 ਸਾਲ ਵਿਚ ਭੈਣ ਕੁਮਾਰੀ ਮਾਇਆਵਤੀ ਜੀ ਨੇ ਸਾਹਿਬ ਕਾਂਸ਼ੀ ਰਾਮ ਜੀ ਦੇ ਦਰਸ਼ਨ ਕਰਵਾਏ ਅਤੇ ਲਗਾਤਾਰ 9ਅਕਤੂਬਰ 2006 ਤੱਕ ਸਾਹਿਬ ਕਾਂਸ਼ੀ ਰਾਮ ਜੀ ਦੇ ਬਿਮਾਰੀ ਦੇ ਦੋ-ਸਾਲਾਂ ਵਿਚ ਭੈਣ ਮਾਇਆਵਤੀ ਜੀ ਦੇ ਆਸ਼ੀਰਵਾਦ ਨਾਲ 5/6 ਵਾਰ ਸਾਹਿਬ ਕਾਂਸ਼ੀ ਰਾਮ ਜੀ ਨੂੰ ਦੇਖਣ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਮੈਨੂੰ 9 ਅਕਤੂਬਰ



2006, ਬੋਧ ਨਿਗਮ ਘਾਟ, ਦਿੱਲੀ ਵਿਖੇ ਅੰਤਿਮ ਵਿਦਾਇਗੀ ਦੇਣ ਲਈ ਸੰਸਕਾਰ ਵਿਚ ਸ਼ਾਮਿਲ ਵੀ ਹੋਇਆ। ਸਮਾਂ ਲੰਘਦਾ ਗਿਆ, ਪਾਰਟੀ ਨਾਲ ਤਨਦੇਹੀ ਨਾਲ ਜੁੜਿਆ ਰਿਹਾ, ਅੱਖਾਂ ਵਿੱਚ ਸਾਹਿਬ ਕਾਂਸ਼ੀ ਰਾਮ ਜੀ ਦਾ ਦਿੱਤਾ ਸੁਪਨਾ ਹੈ, ਤੇ ਲੱਤਾਂ ਵਿਚ ਤਾਕਤ।

ਅਜਿਹੇ ਹਾਲਾਤਾਂ ਵਿੱਚ ਭੈਣ ਕੁਮਾਰੀ ਮਾਇਆਵਤੀ ਜੀ ਦੇ ਹੁਕਮ ਤੇ 18 ਸਾਲ 5 ਮਹੀਨੇ ਦੀ ਸਰਕਾਰੀ ਨੌਕਰੀ ਨੂੰ ਠੁੱਡ ਮਾਰਕੇ 3 ਜੂਨ 2019 ਅਸਤੀਫਾ ਦਿੱਤਾ ਤੇ ਸਾਹਿਬ ਕਾਂਸ਼ੀ ਰਾਮ ਜੀ ਬਣਾਏ ਘਰ ਬਹੁਜਨ ਸਮਾਜ ਪਾਰਟੀ ਦੀ ਪੰਜਾਬ ਯੂਨਿਟ ਦਾ ਸੂਬਾ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇ ਆਸ਼ੀਰਵਾਦ ਨਾਲ ਨਿਯੁਕਤ ਹੋਇਆ, ਤੇ ਪਾਰਟੀ ਦਾ ਭਵਿੱਖ ਸੁਆਰਨ ਲਈ ਲੱਗ ਗਿਆ। ਸਮੁੱਚੇ ਪੰਜਾਬ ਦੇ ਸਾਰੇ ਸੱਚੇ ਸੁੱਚੇ ਵਰਕਰ ਤੇ ਸਾਰੇ ਸੱਚੇ ਲੀਡਰ ਪਹਾੜ ਦੀ ਤਰ੍ਹਾ ਇਕ ਦੂਜੇ ਦਾ ਸਮਰਥਨ ਕਰਨ ਵਾਲੇ ਬਣੇ, ਸਾਡੇ ਸਭ ਦੇ ਮਿਲ ਜੁਲਕੇ ਕੰਮ ਕਰਨ ਨਾਲ ਬਹੁਜਨ ਸਮਾਜ ਲਈ ਸੱਤਾ ਦੀਆਂ ਆਸਾਂ ਉਮੀਦਾਂ ਮੁੜ ਜਿੰਦਾ ਕਰ ਦਿੱਤੀਆਂ ਗਈਆਂ, ਬਸਪਾ ਦੇ ਸੱਤਾ ਦਾ ਹਿੱਸੇਦਾਰ ਬਣਨ ਦਾ ਸੰਕਲਪ ਤੇ ਉਮੀਦ ਸੁਪਨਿਆ ਚੋਂ ਕੱਢਕੇ ਧਰਾਤਲ ਤੇ ਜਿੰਦਾ ਕਰ ਦਿੱਤੀ। ਪੰਜਾਬ ਦੇ ਕੋਨੇ-ਕੋਨੇ ਬਸਪਾ ਦਾ ਨੀਲਾ ਝੰਡਾ ਤੇ ਹਾਥੀ ਨਜ਼ਰ ਆਉਣ ਲੱਗਾ। ਸਮੁੱਚੇ ਬਸਪਾ ਵਰਕਰ ਸਾਹਿਬ ਕਾਂਸ਼ੀ ਰਾਮ ਜੀ ਦੇ ਸੁਪਨਿਆ ਦਾ ਪੰਜਾਬ ਬਨਾਉਣ ਲਈ ਜੀਅ-ਜਾਨ ਨਾਲ ਡੱਟ ਗਿਆ। ਬਸਪਾ ਵਰਕਰਾਂ ਦੇ ਜੋਸ਼ ਅੱਗੇ ਅਜਿਹਾ ਖਤਰਨਾਕ ਮਾਹੌਲ ਸਿਰਜਿਆ ਗਿਆ ਕਿ ਕਾਂਗਰਸ ਦੀ ਗੱਦੀ ਹਿੱਲਣ ਲੱਗੀ, ਅਜ਼ਾਦੀ ਦੇ 75 ਸਾਲਾਂ ਵਿਚ ਪੰਜਾਬ ਨੂੰ ਪਹਿਲੀ ਵਾਰ ਕਾਂਗਰਸ ਦਾ ਚਮਚਾ (ਜਿਸਨੂੰ ਬਾਅਦ ਵਿੱਚ ਕਾਂਗਰਸ ਨੇ ਪੈਰਾਂ ਦੀਆਂ ਜੁੱਤੀਆਂ ਤਖੱਲਸ ਨਾਲ ਨਿਵਾਜਿਆ ਗਿਆ) ਦਲਿਤ ਮੁੱਖ ਮੰਤਰੀ ਮਿਲਿਆ। ਬਸਪਾ ਵਿਚ ਦੁਬੱਕਕੇ ਬੈਠੇ ਕੱਚੇ ਘੜੇ ਸਾਡਾ-ਚੰਨੀ ਸਾਡਾ-ਚੰਨੀ ਦੀਆਂ ਘੋੜੀਆਂ ਗਾਉਣ ਲੱਗੇ, ਤੇ ਕਾਂਸ਼ੀ ਰਾਮ ਦੇ ਬੰਦੇ ਨਾ ਰਹੇ, ਕਾਂਗਰਸ ਦੇ ਗਧੇ ਬਣ ਗਏ। ਟੁਕੜਬੋਚ ਬਿਰਤੀ ਦੇ ਕੁਝ ਟਕਸਾਲੀ ਲੀਡਰ ਸਾਹਿਬ ਕਾਂਸ਼ੀ ਰਾਮ ਦੀ ਡਾਕ ਵੰਡਣ ਵਾਲੇ ਡਾਕੀਏ ਕਾਂਗਰਸ ਦੀ ਡਾਕ ਵੰਡਣ ਲੱਗੇ। ਬਸਪਾ ਦੇ ਵਰਕਰਾਂ ਨੂੰ ਗੁੰਮਰਾਹ ਕਰਨ ਲਈ ਕਾਂਗਰਸ ਨੇ ਆਪਣੇ ਕੋਲੀ-ਚੱਟ ਅੱਗੇ ਕਰ ਦਿੱਤੇ। ਸਮਾਜ ਨੂੰ ਵੱਡੇ ਪੱਧਰ ਤੇ ਗੁੰਮਰਾਹ ਕੀਤਾ ਗਿਆ। ਵੱਡੀ ਸਾਜ਼ਿਸ਼ ਨਾਲ, ਬਹੁਜਨ ਸਮਾਜ ਪਾਰਟੀ ਨੂੰ ਸਮਾਂ ਦਿਮਾਗ ਤੇ ਧੰਨ ਦੇਣ ਵਾਲੇ ਵੱਡੇ ਵੱਡੇ ਮਿਸ਼ਨਰੀ ਆਪਣੀ ਮਾਂ ਪਾਰਟੀ ਬਸਪਾ ਦੇ ਖਿਲਾਫ਼ ਕੀਤੇ ਗਏ। ਨਤੀਜ਼ਾ ਬਸਪਾ ਜਿੱਥੇ 8/10 ਸੀਟਾਂ ਜਿੱਤ ਸਕਦੀ ਸੀ ਇਕ ਸੀਟ ਤੇ ਸਿਮਟ ਗਈ।

ਪੂਰੇ ਪੰਜਾਬ ਦੇ ਬਸਪਾ ਦੇ ਇਮਾਨਦਾਰ ਵਰਕਰ ਤੇ ਲੀਡਰ ਕਾਂਗਰਸ ਤੇ ਕਾਂਗਰਸ ਦੇ ਕੋਲੀ ਚੱਟਾਂ ਖ਼ਿਲਾਫ਼ ਖੜੇ ਹੋਏ, ਅਜਿਹੇ ਵਰਕਰ ਤੇ ਲੀਡਰ ਧੰਨ ਹਨ, ਤੇ ਓਹੀ ਸਾਹਿਬ ਕਾਂਸ਼ੀ ਰਾਮ ਜੀ ਦੇ ਸੱਚੇ ਸਿਪਾਹੀ ਹਨ। ਵਡੀ ਜਿੱਤ ਦੀ ਆਸ ਪੂਰੀ ਨਾ ਹੋਈ। ਲੇਕਿਨ ਬਸਪਾ ਦੇ ਪਾਕੇ ਵਰਕਰਾਂ ਨੇ ਹੌਂਸਲਾ ਨਾ ਹਾਰਿਆ। ਦੋ ਮਹੀਨੇ ਸੋਗੀ ਰਹੇ, ਲੇਕਿਨ ਮੁੜ ਡੱਟ ਗਏ। ਆਪਣੇ ਆਪ ਨੂੰ ਬਸਪਾ ਵਰਕਰਾਂ ਨੇ ਮੁੜ ਲਾਮਬੰਦ ਕੀਤਾ ਅਤੇ 15 ਅਗਸਤ ਤੋਂ ਅੰਦੋਲਨ ਦਾ ਐਲਾਨ ਕਰ ਦਿੱਤਾ ਕਿ ਆਜ਼ਾਦੀ ਦੇ 75 ਸਾਲਾਂ ਵਿਚ *ਕਾਸਟ ਕੁਰੱਪਸ਼ਨ ਤੇ ਕੰਗਾਲੀ ਹੈ, ਅਜ਼ਾਦੀ ਨਹੀਂ ਗੁਲਾਮੀ ਹੈ*। ਪੰਜਾਬ ਦੇ ਕੋਨੇ ਕੋਨੇ ਵਿਚ ਸੈਕੜੇ ਹਜ਼ਾਰਾਂ ਵਰਕਰ ਲਾਮਬੰਦ ਹੋਣ ਲੱਗੇ। ਪੰਜਾਬ ਵਿੱਚ 22 ਜਿਲ੍ਹਾ ਪੱਧਰੀ ਅੰਦੋਲਨ ਪ੍ਰੋਗਰਾਮ ਹੋਏ, ਨੀਲਾ ਝੰਡਾ ਤੇ ਹਾਥੀ ਦਾ ਕਾਫ਼ਲਾ ਮੁੜ ਵਧਣ ਲੱਗਾ। ਇਸ ਕੜੀ ਦੀ ਸਮਾਪਤੀ 9 ਅਕਤੂਬਰ ਨੂੰ ਵਰਕਰ ਸੰਮੇਲਨ ਦੇ ਰੂਪ ਵਿਚ ਰੱਖੀ।

ਅੱਜ ਸਾਹਿਬ ਕਾਂਸ਼ੀ ਰਾਮ ਜੀ ਦਾ ਪ੍ਰੀਨਿਰਵਾਣ ਦਿਵਸ ਹੈ, 16ਵੀ ਬਰਸੀ। ਲੇਕਿਨ ਅਜਿਹੇ ਹਾਲਾਤਾਂ ਵਿੱਚ ਕਾਂਗਰਸ ਘਬਰਾ ਗਈ, ਕਾਂਗਰਸ ਨੇ ਵੱਡੀ ਸਾਜ਼ਿਸ਼ ਰਚੀ। ਹੁਣ ਫਿਰ ਕਾਂਗਰਸ ਨੇ ਬਹੁਜਨ ਸਮਾਜ ਦੇ ਗੱਦਾਰ ਤੇ ਕੌਲੀਚੱਟ ਅੱਗੇ ਕਰ ਦਿੱਤੇ, ਬਸਪਾ ਦੇ ਖਿਲਾਫ ਵੱਡੀ ਸਾਜ਼ਿਸ਼ ਰਚੀ ਗਈ। ਇਹਨਾ ਕਾਂਗਰਸ ਦੇ ਕੌਲੀਚੱਟਾ ਨੇ ਆਪਣੇ ਆਪ ਨੂੰ ਬਸਪਾ ਦੇ ਟਕਸਾਲੀ ਵਰਕਰ ਸੱਦਣਾ ਸ਼ੁਰੂ ਕਰ ਦਿੱਤੇ ਤੇ ਬਸਪਾ ਦੇ ਬਰਾਬਰ 9 ਅਕਤੂਬਰ ਦਾ ਪ੍ਰੋਗਰਾਮ ਰੱਖ ਦਿੱਤਾ। ਕਾਂਗਰਸ ਜਮਾਤ ਬਹੁਤ ਧੋਖੇਬਾਜ਼ ਤੇ ਨਿਰਦਈ ਜਮਾਤ ਹੈ। ਬਾਬਾ ਸਾਹਿਬ ਅੰਬੇਡਕਰ ਜੀ ਨੇ ਕਿਹਾ ਸੀ ਕਿ *ਕਾਂਗਰਸ ਜਲਤਾ ਹੋਇਆ ਮਹਿਲ ਹੈ, ਕਾਂਗਰਸ ਦੇ ਅੱਧੇ ਆਨੇ ਦੇ ਮੈਂਬਰ ਨਾ ਬਣਿਓ*।

ਅੱਜ ਦੇ ਦਿਨ ਬਸਪਾ ਵਰਕਰ ਤੇ ਲੀਡਰਸ਼ਿਪ ਜਰੂਰ ਮੰਥਨ ਕਰਨ ਕਿ ਅਸੀਂ ਪੰਜਾਬ ਵਿੱਚ ਕੀ ਚਾਹੁੰਦੇ ਹਾਂ, *ਰਾਜਸੱਤਾ ਕਿ ਕਾਂਗਰਸ ਦੀਆਂ ਪੈਰਾਂ ਦੀਆਂ ਜੁੱਤੀਆਂ*। ਬਹੁਜਨ ਸਮਾਜ ਪਾਰਟੀ ਪੰਜਾਬ ਦੇ ਬਹੁਜਨ ਸਮਾਜ ਨੂੰ ਲਾਮਬੰਦ ਕਰਕੇ ਬਹੁਜਨ ਸਮਾਜ ਦੀ ਹਕੂਮਤ ਬਨਾਉਣ ਲਈ ਲੱਗੀ ਹੋਈ ਹੈ। ਜਦੋਂ ਅਸੀਂ ਕੰਮ ਕਰਦੇ ਹਾਂ, ਜਰੂਰ ਕਮੀਆਂ ਰਹਿ ਜਾਂਦੀਆਂ ਹਨ। ਕਮੀਆਂ ਨੂੰ ਦੂਰ ਕੀਤਾ ਜਾ ਸਕਦਾ ਹੈ। ਕਮੀਆ ਨੂੰ ਦੂਰ ਕਰਨ ਦਾ ਤਰੀਕਾ ਮਿਲ ਬੈਠਕੇ ਗੱਲਬਾਤ ਹੈ। ਅੱਜ ਸਾਹਿਬ ਕਾਂਸ਼ੀ ਰਾਮ ਜੀ ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਆਓ, ਮਿਲ ਬੈਠੀਏ ਤੇ ਕਮੀਆਂ ਨੂੰ ਦੂਰ ਕਰਨ ਲਈ ਚਰਚਾ ਕਰਕੇ ਮਜ਼ਬੂਤ ਬਸਪਾ ਟੀਮ ਦੀ ਸਿਰਜਣਾ ਕਰੀਏ। ਤੁਸੀ ਇਕ ਕਦਮ ਆਓ, ਬਸਪਾ ਮਾਂ ਹੈ, ਮਾਂ ਦਸ ਕਦਮ ਅੱਗੇ ਆਏਗੀ। ਆਓ ਵਿਗੜੇ ਇਤਿਹਾਸ ਨੂੰ ਠੀਕ ਕਰੀਏ।

**(ਜਸਵੀਰ ਸਿੰਘ ਗੜ੍ਹੀ)**
**ਸੂਬਾ ਪ੍ਰਧਾਨ, ਬਸਪਾ ਪੰਜਾਬ**

# ਮੁਲਾਇਮ ਸਿੰਘ ਯਾਦਵ ਪੰਜ ਤੱਤਾਂ 'ਚ ਵਿਲੀਨ, ਅੰਤਿਮ ਵਿਦਾਈ ਦੇਣ ਲਈ ਉਮੜਿਆ ਜਨ ਸੈਲਾਬ

**(ਸਫਾ 17 ਦੀ ਬਾਕੀ)**

**ਸਿਆਸਤਦਾਨਾਂ ਵਲੋਂ ਸ਼ਰਧਾਂਜਲੀ**

ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸਮਾਜਵਾਦੀ ਪਾਰਟੀ (ਸਪਾ) ਸੰਸਥਾਪਕ ਮੁਲਾਇਮ ਸਿੰਘ ਯਾਦਵ ਦੇ ਦਿਹਾਂਤ ਨੂੰ ਦੇਸ਼ ਲਈ ਕਦੇ ਨਾ ਪੂਰਾ ਹੋਣ ਵਾਲਾ ਨੁਕਸਾਨ ਦਸਦਿਆਂ ਕਿਹਾ ਕਿ ਸਾਧਾਰਨ ਪਰਿਵਾਰ ਤੋਂ ਆਏ ਮੁਲਾਇਮ ਸਿੰਘ ਯਾਦਵ ਦੀਆਂ ਉ-ਪਲਬਧੀਆਂ ਬੇਮਿਸਾਲ ਸਨ। ਰਾਸ਼ਟਰਪਤੀ ਨੇ ਉਨ੍ਹਾਂ ਨੂੰ 'ਧਰਤੀ ਪੁੱਤਰ' ਦਸਦਿਆਂ ਉਨ੍ਹਾਂ ਦੇ ਪਰਿਵਾਰ ਪ੍ਰਤੀ ਸੰਵੇਦਨਾ ਪ੍ਰਗਟਾਈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁਲਾਇਮ ਸਿੰਘ ਯਾਦਵ ਦੇ ਦਿਹਾਂਤ 'ਤੇ ਦੁੱਖ ਪ੍ਰਗਟਾਇਆ। ਪ੍ਰਧਾਨ ਮੰਤਰੀ ਨੇ ਟਵਿੱਟਰ 'ਤੇ ਕੁਝ ਤਸਵੀਰਾਂ ਸਾਂਝੀਆਂ ਕਰਦੇ ਹੋਏ ਲਿਖਿਆ, "ਜਦੋਂ ਅਸੀਂ ਆਪਣੇ-ਆਪਣੇ ਸੂਬਿਆਂ (ਗੁਜਰਾਤ ਅਤੇ ਉੱਤਰ ਪ੍ਰਦੇਸ਼) ਦੇ ਮੁੱਖ ਮੰਤਰੀ ਸੀ, ਤਾਂ ਉਨ੍ਹਾਂ ਨਾਲ ਕਈ ਵਾਰ ਗੱਲਬਾਤ ਦਾ ਮੌਕਾ ਮਿ-ਲਿਆ। ਦੋਸਤੀ ਹਮੇਸ਼ਾ ਬਣੀ ਰਹੀ ਅਤੇ ਮੈਂ ਹਮੇਸ਼ਾ ਉਨ੍ਹਾਂ ਦੇ ਵਿਚਾਰਾਂ ਨੂੰ ਸੁਣਨ ਲਈ ਉਤਸੁਕ ਰਹਿੰਦਾ ਸੀ। ਉਨ੍ਹਾਂ ਦੇ ਦਿਹਾਂਤ ਤੋਂ ਦੁਖੀ ਹਾਂ। ਪਰਿਵਾਰ ਅਤੇ ਉਨ੍ਹਾਂ ਦੇ ਲੱਖਾਂ ਸਮਰਥਕਾਂ ਪ੍ਰਤੀ ਮੇਰੀ ਹਮਦਰਦੀ।" ਕਾਂਗਰਸ ਦੀ ਅੰਤਰਿਮ ਪ੍ਰਧਾਨ ਸੋਨੀਆ ਗਾਂਧੀ ਨੇ ਸ਼ੋਕ ਸੰਦੇਸ਼ 'ਚ ਯਾਦਵ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਸਮਾਜਵਾਦੀ ਵਿਚਾਰਾਂ ਦੀ ਇਕ ਬੁਲੰਦ ਅਵਾਜ਼ ਅੱਜ ਖਾਮੋਸ਼ ਹੋ ਗਈ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਰੱਖਿਆ ਮੰਤਰੀ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਵਜੋਂ ਮੁਲਾਇਮ ਸਿੰਘ ਦਾ ਯੋਗਦਾਨ ਹਮੇਸ਼ਾ ਯਾਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਦੀਆਂ ਸੰਵਿਧਾਨਕ ਕਦਰਾਂ ਦੀ ਰਾਖੀ ਲਈ ਜਦੋਂ ਵੀ ਲੋੜ ਪਈ, ਉਨ੍ਹਾਂ ਦਾ ਸਾਥ ਹਮੇਸ਼ਾ ਕਾਂਗਰਸ ਨੂੰ ਮਿਲਿਆ। ਕਾਂਗਰਸੀ ਸੰਸਦ ਮੈਂਬਰ ਰਾਹੁਲ ਗਾਂਧੀ ਨੇ ਵੀ ਯਾਦਵ ਨੂੰ ਜ਼ਮੀਨੀ ਸਿਆਸਤ ਨਾਲ ਜੁੜੇ ਸੱਚੇ ਨੇਤਾ ਕਰਾਰ ਦਿੰਦਿਆਂ ਦੁੱਖ ਦਾ ਪ੍ਰਗਟਾਵਾ ਕੀਤਾ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਯਾਦਵ ਦੇ ਦਿਹਾਂਤ ਨੂੰ ਭਾਰਤੀ ਸਿਆਸਤ ਦੇ ਇਕ ਯੁੱਗ ਦਾ ਅੰਤ ਦਸਦਿਆਂ ਕਿਹਾ ਕਿ ਐਮਰਜੈਂਸੀ ਦੌਰਾਨ ਉਨ੍ਹਾਂ ਨੇ ਲੋਕਤੰਤਰ ਲਈ ਜੋ ਬੁਲੰਦ ਅਵਾਜ਼ ਉਠਾਈ। ਉਸ ਲਈ ਉਨ੍ਹਾਂ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ। ਇਸ ਤੋਂ ਇਲਾਵਾ ਲੋਕਸਭਾ ਸਪੀਕਰ ਓਮ ਬਿਰਲਾ, ਰੱਖਿਆ ਮੰਤਰੀ ਰਾਜਨਾਥ ਸਿੰਘ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਕਾਂਗਰਸੀ ਆਗੂ ਪ੍ਰਿਅੰਕਾ ਗਾਂਧੀ, ਆਰ। ਜੇ। ਡੀ। ਮੁਖੀ ਲਾਲੂ ਪ੍ਰਸਾਦ ਯਾਦਵ ਨੇ ਵੀ ਦੁੱਖ ਪ੍ਰਗਟ ਕੀਤਾ ਹੈ। ਆਰ ਜੇ ਡੀ ਨੇਤਾ ਅਤੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਲਾਲ ਪ੍ਰਸਾਦ ਯਾਦਵ ਨੇ ਮੁਲਾਇਮ ਸਿੰਘ ਨੂੰ ਸਮਾਜਵਾਦੀ ਬਾਬਾ ਬੋਹੜ ਕਹਿ ਕੇ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੀ ਸਿਆਸਤ 'ਚ ਪਛੜੇ ਤਬਕਿਆਂ ਨੂੰ ਅਗਲੇਰੀ ਕਤਾਰ 'ਚ ਲਿਆਉਣ ਦੇ ਉਨ੍ਹਾਂ ਦੇ ਬੇਮਿਸਾਲ ਯੋਗਦਾਨ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ।

ਸਾਬਕਾ ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ ਨੇ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਦੇ ਦਿਹਾਂਤ 'ਤੇ ਅਫਸੋਸ ਪ੍ਰਗਟਾਉਂਦਿਆਂ ਉਨ੍ਹਾਂ ਦੇ ਬੇਟੇ ਅਖਿਲੇਸ਼ ਯਾਦਵ ਨੂੰ ਚਿੱਠੀ ਲਿੱਖੀ। ਡਾ ਸਿੰਘ ਨੇ ਮੁਲਾਇਮ ਸਿੰਘ ਨੂੰ ਯਾਦ ਕਰਦਿਆਂ ਲਿਖਿਆ ਕਿ ਉਹ ਉੱਚ ਸਨਮਾਨ ਦੇ ਨੇਤਾ ਸਨ, ਜਿਨ੍ਹਾਂ ਦਾ ਹਰ ਕੋਈ ਆਦਰ ਕਰਦਾ ਸੀ। ਉਨ੍ਹਾਂ ਪਰਮਾਤਮਾ ਅੱਗੇ ਅਖਿਲੇਸ਼ ਅਤੇ ਹੋਰ ਪਰਿਵਾਰ ਨੂੰ ਇਹ ਦੁੱਖ ਸਹਿਣ ਦੀ ਸ਼ਕਤੀ ਦੇਣ ਦੀ ਪ੍ਰਾਥਨਾ ਕੀਤੀ। ਮੁੱਖ ਮੰਤਰੀ ਭਗਵੰਤ ਮਾਨ ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਾਂਝੇ ਤੌਰ 'ਤੇ ਮੁਲਾਇਮ ਸਿੰਘ ਯਾਦਵ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁਲਾਇਮ ਸਿੰਘ ਯਾਦਵ ਜ਼ਮੀਨ ਨਾਲ ਜੁੜੇ ਹੋਏ ਆਗੂ ਸਨ, ਜਿਨ੍ਹਾਂ ਨੇ ਸਮਾਜਵਾਦੀ ਵਿਚਾਰਧਾਰਾ ਨੂੰ ਅੱਗੇ ਤੋਰਨ ਲਈ ਮਹੱਤਵਪੂਰਨ ਭੂਮਿਕਾ ਨਿਭਾਈ। ਉਨਾਂ ਕਿਹਾ ਕਿ ਯਾਦਵ ਨੇ ਦੱਬੇ-ਕੁਚਲੇ ਲੋਕਾਂ ਦੇ ਹੱਕਾਂ-ਹਿੱਤਾਂ ਦੀ ਰਾਖੀ ਲਈ ਆਪਣਾ ਸਮੁੱਚਾ ਜੀਵਨ ਲਾਇਆ ਅਤੇ ਭਰਤ ਦੀ ਰਾਜਨੀਤੀ 'ਤੇ ਇੱਕ ਵੱਖਰੀ ਛਾਪ ਛੱਡੀ। ਸੰਧਵਾਂ ਨੇ ਯਾਦਵ ਪਰਿਵਾਰ ਦੇ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ ਅਤੇ ਵਿਛੜੀ ਰੂਹ ਦੀ ਆਤਮ ਦੀ ਸ਼ਾਂਤੀ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ। ਪੰਜਾਬ ਦੇ ਵਿਰੋਧੀ ਧਿਰ ਦੇ ਆਗੂ ਅਤੇ ਕਾਂਗਰਸ ਦੇ ਸੀਨੀਅਰ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਉਹ ਖੇਤਰੀ ਅਤੇ ਰਾਸ਼ਟਰੀ ਰਾਜਨੀਤੀ 'ਚ ਇਕ ਮਹਾਨ ਸਿਆਸਤਦਾਨ ਸਨ। ਸਿਆਸੀ ਅਤੇ ਸਮਾਜਿਕ ਖੇਤਰ ਵਿਚ ਉਨ੍ਹਾਂ ਦਾ ਘਾਟਾ ਨਾ ਪੂਰਾ ਹੋਣ ਵਾਲਾ ਹੈ।

# ਗ਼ਦਰੀ ਬਾਬਿਆਂ ਦੀ ਯਾਦ ਵਿੱਚ ਮੋਢੀ ਸੰਸਥਾ ਖ਼ਾਲਸਾ ਦੀਵਾਨ ਸੁਸਾਇਟੀ ਸਟਾਕਟਨ ਵੱਲੋਂ ਦੋ ਦਿਨਾ ਕਾਨਫਰੰਸ ਯਾਦਗਾਰੀ ਹੋ ਨਿੱਬੜੀ





**ਸੈਕਰਾਮੈਂਟੋ (ਹਸੁਨ ਲੜੋਆ ਬੰਗਾ)–** ਗ਼ਦਰ ਲਹਿਰ ਦਾ ਬੂਟਾ ਲਾਉਣ ਵਾਲੀ ਮੋਢੀ ਸੰ-ਸਥਾਪਕ ਪੈਸੀਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ ਸਟਾਕਟਨ ਵੱਲੋਂ 110ਵੇਂ ਸਥਾਪਨਾ ਦਿਹਾੜੇ ਮੌਕੇ, ਦੋ ਦਿਨਾ ਕਾਨਫਰੰਸ ਕਰਵਾਈ। ਇਸ ਮੌਕੇ 'ਤੇ ਵੱਖ- ਵੱਖ ਵਿਸ਼ਿਆਂ 'ਤੇ ਲੈਕਚਰ ਕਰਵਾਏ ਗਏ ਅਤੇ ਸੰਗਤਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਇਸ ਮੌਕੇ ਤੇ ਬੁਲਾਰਿਆਂ ਨੇ ਗ਼ਦਰ ਲਹਿਰ ਦੇ ਇਤਿਹਾਸ ਨੂੰ ਵਿਗਾੜਨ ਵਾਲੇ ਬਿਰਤਾਂਤ ਬਾਰੇ ਸੰਗਤਾਂ ਨੂੰ ਜਾਣੂੰ ਕਰਵਾਇਆ। ਬੀਸੀ ਤੋਂ ਪਹੁੰਚੇ ਸਿੱਖ ਵਿਦਵਾਨ ਡਾ ਗੁਰਵਿੰਦਰ ਸਿੰਘ, ਚਿੰਤਕ ਸ। ਅਮਰੀਕ ਸਿੰਘ, ਪ੍ਰਿੰਸੀਪਲ ਸਵਰਨਜੀਤ ਸਿੰਘ ਤੋਂ ਇਲਾਵਾ ਅਮਰੀਕਾ ਦੇ ਜੰਮਪਲ ਡਾ ਅੰਮ੍ਰਿਤ ਕੌਰ ਦਿਓਲ ਅਤੇ ਗ਼ਦਰ 'ਤੇ ਪੀਐਚ ਡੀ ਕਰ ਰਹੇ ਤੇਜਪਾਲ ਸਿੰਘ ਸਣੇ ਕਈ ਵਿਦਵਾਨਾਂ ਨੇ ਵਿਚਾਰ ਸਾਂਝੇ ਕੀਤੇ।ਬੁਲਾਰਿਆਂ ਨੇ ਇਤਿਹਾਸਕ ਹਵਾਲਿਆਂ ਨਾਲ ਇਹ ਸਿੱਧ ਕੀਤਾ ਕਿ ਗ਼ਦਰ ਲਹਿਰ ਦੇ ਅਸਲ ਬਿਰਤਾਂਤ ਨੂੰ ਗੁਰਬਾਣੀ, ਸਿੱਖ ਇਤਿਹਾਸ ਅਤੇ ਵਿਰਾਸਤ ਨਾਲੋਂ ਤੋੜ ਕੇ ਖੱਬੇ ਪੱਖੀ ਧਾਰਨਾਵਾਂ ਨਾਲ ਜਬਰੀ ਜੋੜਿਆ ਜਾਣਾ ਇੱਕ ਸਾਜ਼ਿਸ਼ ਹੈ। ਦੂਜੀ ਤੇ ਆਖ਼ਰੀ ਦਿਨ ਦੀ ਕਾਨਫ਼ਰੰਸ ਮੌਕੇ ਡਾ ਗੁਰਵਿੰਦਰ ਸਿੰਘ ਵੱਲੋਂ ਪੰਜ ਮਤੇ ਸੰਗਤਾਂ ਦੇ ਸਨਮੁੱਖ ਪੇਸ਼ ਕੀਤੇ ਗਏ, ਜੋ ਸਰਬਸੰਮਤੀ ਨਾਲ ਪਾਸ ਕੀਤੇ ਗਏ। ਮਤਿਆਂ ਵਿਚ ਸਿੰਘ ਸਭਾ ਲਹਿਰ ਦੇ 150ਵੇਂ ਸਥਾਪਨਾ ਦਿਵਸ ਮਨਾਉਣ, ਗਿਆਨੀ ਦਿੱਤ ਸਿੰਘ ਦੀ ਤਸਵੀਰ ਲੰਗਰ ਹਾਲ ਵਿਚ ਸਜਾਉਣ, ਉਨ੍ਹਾਂ ਦੀ ਲਿਖਤ 'ਸਾਧੂ ਦਯਾਨੰਦ ਨਾਲ ਮੇਰੇ ਸੰਵਾਦ' ਪ੍ਰਕਾਸ਼ਤ ਕਰਨ, ਖ਼ਾਲਸਾ ਦੀਵਾਨ ਸੰਸਥਾਵਾਂ ਦੇ ਸੰਵਿਧਾਨ ਦੇ ਰਚੇਤਾ 'ਪ੍ਰੋਫ਼ੈਸਰ ਤੇਜਾ ਸਿੰਘ ਦਿਹਾੜਾ' ਘੋਸ਼ਿਤ ਕਰਵਾਉਣ, ਬੱਬਰ ਅਕਾਲੀ ਲਹਿਰ ਦੇ ਯੋਧਿਆਂ ਦੀ ਸ਼ਤਾਬਦੀ ਮਨਾਉਣ ਅਤੇ ਵਿਸ਼ੇਸ਼ ਕਰਕੇ, ਗ਼ਦਰੀ ਬਾਬਿਆਂ ਵੱਲੋਂ ਸ਼ੁਰੂ ਕੀਤੇ ਗਏ ਗੁਰੂ ਗੋਬਿੰਦ ਸਿੰਘ ਸਾਹਿਬ ਸਕਾਲਰਸ਼ਿਪ ਮੁੜ ਆਰੰਭ ਕਰਨ ਦੇ ਲਈ, ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ ਗਈ। ਇਸ ਦੌਰਾਨ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਨੂੰ ਦੇ ਸੰਬੰਧ 'ਚ ਮਰਹੂਮ ਸ। ਪਾਲ ਸਿੰਘ ਪੁਰੇਵਾਲ ਦੀ ਪੁਸਤਕ ਲੋਕ ਅਰਪਣ ਕੀਤੀ ਗਈ। ਸੰਗਤਾਂ ਅਤੇ ਪ੍ਰਬੰਧਕਾਂ ਵੱਲੋਂ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਸਮਾਗਮ ਯਾਦਗਾਰੀ ਹੋ ਨਿਬੜਿਆ।

# ਰਿਕਾਡਰ ਸਾਹਿਤਕਾਰ ਬਲਜਿੰਦਰ ਮਾਨ ਜੱਦੀ ਪਿੰਡ ਮਹਿਮਦਵਾਲ ਵਿੱਚ ਸਨਮਾਨਤ ਕੀਤੇ ਗਏ



**ਮਾਹਿਲਪੁਰ–** ਪਿੰਡ ਮਹਿੰਮਦਵਾਲ ਕਲਾਂ ਦੇ ਸ਼੍ਰੋਮਣੀ ਸਾਹਿਤਕਾਰ ਅਤੇ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਦਾ ਉਨ੍ਹਾਂ ਦੇ ਜੱਦੀ ਪਿੰਡ ਵਿੱਚ ਪਿੰਡ ਵਾਸੀਆਂ, ਪੰਚਾਇਤ ਅਤੇ ਸਕੂਲ ਪ੍ਰਬੰਧਕ ਕਮੇਟੀਆਂ ਵੱਲੋਂ ਸਨਮਾਨ ਕੀਤਾ ਗਿਆ।ਸਰਕਾਰੀ ਮਿਡਲ ਸਕੂਲ ਵਿਚ ਆਯੋਜਿਤ ਕੀਤੇ ਇਸ ਸਨਮਾਨ ਸਮਾਰੋਹ ਨੂੰ ਸੰਬੋਧਨ ਕਰਦਿਆਂ ਸਰਪੰਚ ਅਮਰਜੀਤ ਸਿੰਘ ਅਤੇ ਸਰਪੰਚ ਗੁਰਵਿੰਦਰ ਸਿੰਘ ਨੇ ਕਿਹਾ ਕਿ ਬਲਜਿੰਦਰ ਮਾਨ ਨੇ ਆਪਣੀਆਂ ਸ਼ਾਨਦਾਰ ਪ੍ਰਾਪਤੀਆਂ ਨਾਲ ਦੇਸ਼ ਵਿਦੇਸ਼ ਵਿੱਚ ਪਿੰਡ ਮਹਿਮਦਵਾਲ ਦਾ ਨਾਂ ਰੌਸ਼ਨ ਕੀਤਾ ਹੈ। ਜਿਸ ਕਰਕੇ ਸਾਨੂੰ ਉਨ੍ਹਾਂ ਉੱਤੇ ਮਣਾਂ ਮੂੰਹੀ ਮਾਣ ਹੈ। ਮੰਚ ਸੰਚਾਲਨ ਕਰਦਿਆਂ ਗੁਰਦੀਪ ਚੰਦ ਨੇ ਕਿਹਾ ਕਿ ਉਨ੍ਹਾਂ ਨੇ ਸਾਹਿਤ ਦੇ ਖੇਤਰ ਵਿੱਚ ਪੱਚੀ ਮੌਲਿਕ, ਸੱਤ ਅਨੁਵਾਦਤ ਅਤੇ ਪੈਂਤੀ ਸੰਪਾਦਤ ਪੁਸਤਕਾਂ ਦੇ ਯੋਗਦਾਨ ਨਾਲ ਜਿੱਥੇ ਸ਼੍ਰੋਮਣੀ ਪੁਰਸਕਾਰ ਪ੍ਰਾਪਤ ਕੀਤਾ ਹੋਇਆ ਹੈ ਉੱਥੇ ਨਿੱਕੀਆਂ ਕਰੂੰਬਲਾਂ ਦੇ ਸਤਾਈ ਸਾਲ ਸੰਪਾਦਨ ਨਾਲ ਇੰਡੀਆ ਬੁੱਕ ਆਫ ਰਿਕਾਰਡਜ਼ ਵਿੱਚ ਵੀ ਆਪਣਾ ਨਾਮ ਦਰਜ ਕਰਾਇਆ ਹੈ। ਇਸ ਪ੍ਰਾਪਤੀ ਨਾਲ ਪਿੰਡ ਵਾਸੀਆਂ ਦਾ ਮਾਣ ਹੋਰ ਵਧਿਆ ਹੈ । ਉਹ ਆਲੇ ਦੁਆਲੇ ਲਈ ਇਕ ਚਾਨਣ ਮੁਨਾਰੇ ਦਾ ਕੰਮ ਕਰ ਰਹੇ ਹਨ । ਸਕੂਲ ਮੁਖੀ ਸੁਨੀਲ ਕੁਮਾਰ ਅਤੇ ਹੈੱਡ ਟੀਚਰ ਦਲਜੀਤ ਸਿੰਘ ਸਟੇਟ ਐਵਾਰਡੀ ਨੇ ਕਿਹਾ ਕਿ ਉਹ ਬੱਚਿਆਂ ਲਈ ਪ੍ਰੇਰਨਾ ਸਰੋਤ ਹਨ। ਉਨ੍ਹਾਂ ਦੀਆਂ ਰਚਨਾਵਾਂ ਸਲੇਬਸ ਵਿੱਚ ਸ਼ਾਮਿਲ ਹੋਣ ਕਰਕੇ ਬੱਚੇ ਉੱਚੀਆਂ ਮੰਜ਼ਲਾਂ ਵੱਲ ਵਧ ਰਹੇ ਹਨ।

ਇਸ ਮੌਕੇ ਬਲਜਿੰਦਰ ਮਾਨ ਨੇ ਵਿਦਿਆਰਥੀਆਂ ਨੂੰ ਪ੍ਰੇਰਨਾ ਦਿੰਦਿਆਂ ਕਿਹਾ ਕਿ ਉਹ ਆਪਣੇ ਅਧਿਆਪਕਾਂ ਅਤੇ ਮਾਪਿਆਂ ਦੇ ਕਹਿਣੇਕਾਰ ਬਣਕੇ ਸਿਲੇਬਸ ਤੋਂ ਇਲਾਵਾ ਪੁਸਤਕਾਂ ਅਤੇ ਬਾਲ ਰਸਾਲਿਆਂ ਨਾਲ ਆਪਣੀ ਸ਼ਖ਼ਸੀਅਤ ਨੂੰ ਸ਼ਿੰਗਾਰਨ। ਉਨ੍ਹਾਂ ਅੱਗੇ ਕਿਹਾ ਕਿ ਨਿਸ਼ਾਨੇ ਮਿੱਥ ਕੇ ਉਸ ਨਿਸ਼ਾਨੇ ਨੂੰ ਪ੍ਰਾਪਤ ਕਰਨ ਦੀ ਤਿਆਰੀ ਬਾਲ ਪੁਸਤਕਾਂ ਅਤੇ ਰਸਾਲਿਆਂ ਰਾਹੀਂ ਕਰਨੀ ਚਾਹੀਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸ਼ਾਬਾਸ਼ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਅੱਜ ਅੱਜ ਤਕ ਜੋ ਕੁਝ ਪ੍ਰਾਪਤ ਕੀਤਾ ਹੈ ਇਸ ਸਕੂਲ ਅਤੇ ਇਸ ਪਿੰਡ ਦੀ ਧਰਤੀ ਚੋਂ ਪ੍ਰਾਪਤ ਕੀਤਾ ਹੈ।

ਉਨ੍ਹਾਂ ਸਕੂਲ ਲਾਇਬਰੇਰੀ ਵਾਸਤੇ ਪੁਸਤਕਾਂ ਦਾ ਸੈਟ ਵੀ ਭੇਟ ਕੀਤਾ। ਸਕੂਲ ਮੈਨੇਜਿੰਗ ਕਮੇਟੀ ਦੇ ਚੇਅਰਪਰਸਨ ਗੁਰਦੀਪ ਕੌਰ ਤੇ ਗੁਰਮੇਲ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਡਾ ਪਿੰਡ ਭਾਗਾਂ ਵਾਲਾ ਹੈ ਕਿ ਉਨ੍ਹਾਂ ਦਾ ਜਨਮ ਇਸ ਪਿੰਡ ਵਿੱਚ ਹੋਇਆ।

ਇਸ ਸਨਮਾਨ ਸਮਾਰੋਹ ਵਿਚ ਵਿਦਿਆਰਥੀਆਂ ਵੱਲੋਂ ਇੱਕ ਸ਼ਾਨਦਾਰ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਇਸ ਮੌਕੇ ਸਟਾਫ ਮੈਂਬਰ ਜਸਵੀਰ ਕੌਰ,ਜਸਪ੍ਰੀਤ ਕੌਰ, ਰਣਜੀਤ ਸਿੰਘ, ਰੀਨਾ ਚਤਰਥ,ਰਣਜੀਤ ਕੌਰ, ਜਸਬੀਰ ਕੌਰ, ਆਸ਼ਾ ਰਾਣੀ ਅਤੇ ਰਣਵੀਰ ਕੌਰ ਸਮੇਤ ਪਿੰਡ ਦੇ ਪਤਵੰਤੇ, ਸਕੂਲ ਮੈਨੇਜਿੰਗ ਕਮੇਟੀ ਦੇ ਮੈਂਬਰ, ਵਿਦਿਆਰਥੀ ਅਤੇ ਮਾਪੇ ਹਾਜ਼ਰ ਹੋਏ।







# ਜਮਹੂਰੀ ਅਧਿਕਾਰ ਸਭਾ ਵੱਲੋਂ ਉਘੇ ਗਾਂਧੀਵਾਦੀ ਆਗੂ ਹਿਮਾਂਸ਼ੂ ਕੁਮਾਰ ਦਾ ਵਿਸ਼ੇਸ਼ ਲੈਕਚਰ ਕਰਵਾਉਣ ਦਾ ਫੈਸਲਾ

## ਆਦਿਵਾਸੀਆਂ ਅਤੇ ਦੱਬੇ ਕੁਚਲੇ ਲੋਕਾਂ ਦੇ ਜਮਹੂਰੀ ਅਧਿਕਾਰਾਂ ਲਈ ਸਰਕਾਰ ਨਾਲ ਲੋਹਾ ਲੈਂਦੇ ਰਹੇ ਹਨ ਹਿਮਾਂਸ਼ੂ ਕੁਮਾਰ

**ਸੰਗਰੂਰ (ਦਲਜੀਤ ਕੌਰ ਭਵਾਨੀਗੜ੍ਹ )-** ਭਾਰਤ ਸਰਕਾਰ ਵਲੋਂ ਸੰਵਿਧਾਨਕ ਸੰਸਥਾਵਾਂ ਨੂੰ ਸਤਾ ਦੇ ਜਬਰ ਦੇ ਸੰਦ ਬਣਾ ਕੇ ਸੰਘਰਸ਼ਸ਼ੀਲ ਜਥੇਬੰਦੀਆਂ ਅਤੇ ਉਨ੍ਹਾਂ ਦੇ ਹਿਮਾਇਤੀ ਮਨੁੱਖੀ ਅਧਿਕਾਰ ਕਾਰਕੁੰਨਾਂ, ਬੁਧੀਜੀਵੀਆਂ, ਲੇਖਕਾਂ, ਵਕੀਲਾਂ, ਪੱਤਰਕਾਰਾਂ, ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ ਅਤੇ ਔਰਤਾਂ ਉਪਰ ਕੀਤੇ ਜਾ ਰਹੇ ਜਬਰ ਦੀ ਅਸਲੀਅਤ ਲੋਕਾਂ ਸਾਹਮਣੇ ਲਿਆਉਣ ਲਈ ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜਿਲ੍ਹਾ ਇਕਾਈ ਸੰਗਰੂਰ ਵਲੋਂ ਇੱਕ ਲੈਕਚਰ ਕਰਵਾਉਣ ਦਾ ਫੈਸਲਾ ਕੀਤਾ ਹੈ, ਜਿਸ ਦੇ ਮੁੱਖ ਬੁਲਾਰੇ ਆਦਿਵਾਸੀਆਂ ਅਤੇ ਦੱਬੇ ਕੁਚਲੇ ਲੋਕਾਂ ਦੇ ਜਮਹੂਰੀ ਅਧਿਕਾਰਾਂ ਲਈ ਜਿੰਦਗੀ ਭਰ ਸਰਕਾਰ ਨਾਲ ਲੋਹਾ ਲੈ ਰਹੇ ਉਘੇ ਗਾਂਧੀਵਾਦੀ ਆਗੂ ਸ੍ਰੀ ਹਿਮਾਂਸ਼ੂ ਕੁਮਾਰ ਹੋਣਗੇ।






ਇਹ ਜਾਣਕਾਰੀ ਦਿੰਦਿਆਂ ਸਭਾ ਦੇ ਜਿਲਾ ਪ੍ਰਧਾਨ ਸਵਰਨਜੀਤ ਸਿੰਘ, ਸਕੱਤਰ ਕੁਲਦੀਪ ਸਿੰਘ ਅਤੇ ਪ੍ਰੈੱਸ ਸਕੱਤਰ ਜੁਝਾਰ ਸਿੰਘ ਨੇ ਦੱਸਿਆ ਕਿ ਆਉਣ ਵਾਲੀ 14 ਅਕਤੂਬਰ, ਸਵੇਰੇ 11 ਵਜੇ ਈਟਿੰਗ ਮਾਲ ਸੰਗਰੂਰ ਵਿਖੇ ਕਰਵਾਏ ਜਾ ਰਹੇ ਇਸ ਲੈਕਚਰ ਦਾ ਵਿਸ਼ਾ 'ਸੰਵਿਧਾਨਕ ਸੰਸਥਾਵਾਂ ਦਾ ਫਾਸ਼ੀਵਾਦੀਕਰਨ ਅਤੇ ਜਮਹੂਰੀ ਅਧਿਕਾਰ' ਹੋਵੇਗਾ। ਆਗੂਆਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਸੰਵਿਧਾਨ ਦੀ ਰਖਵਾਲੀ ਲਈ ਬਣਾਈਆਂ ਗਈਆਂ ਸੰਵਿਧਾਨਕ ਸੰਸਥਾਵਾਂ ਦਾ ਫਾਸ਼ੀਵਾਦੀਕਰਨ ਕਰ ਦਿੱਤਾ ਹੈ। ਰਿਜ਼ਰਵ ਬੈਂਕ, ਸੀ ਬੀ ਆਈ, ਕੈਗ, ਈ ਡੀ, ਐਨ ਆਰ ਟੀ ਸੀ, ਐਮ ਸੀ ਆਈ, ਚੋਣ ਕਮਿਸ਼ਨ ਆਪਣੇ ਕੰਮ ਸੰਵਿਧਾਨ ਅਨੁਸਾਰ ਕਰਨ ਦੀ ਥਾਂ ਕੇਦਰੀ ਹਾਕਮਾਂ ਦੇ ਹੱਥਾਂ ਵਿਚ ਖੇਡ ਰਹੀਆਂ ਹਨ। ਇਥੋਂ ਤਕ ਕਿ ਅਦਾਲਤਾਂ ਵਲੋਂ ਇਨਸਾਫ ਦੀ ਗੁਹਾਰ ਲਗਾਉਣ ਵਾਲੇ ਜਮਹੂਰੀ ਅਤੇ ਸਮਾਜਿਕ ਕਾਰਕੁੰਨਾਂ ਵਿਰੁੱਧ ਮੁਕੱਦਮੇ ਦਰਜ ਕਰਨ ਅਤੇ ਜੁਰਮਾਨੇ ਕਰਨ ਦੇ ਫੈਸਲੇ ਕੀਤੇ ਜਾ ਰਹੇ ਹਨ। ਆਗੂਆਂ ਨੇ ਕਿਹਾ ਕਿ ਸਰਕਾਰੀ ਫੈਸਲਿਆਂ ਉਪਰ ਸਵਾਲ ਕਰਨ ਵਾਲੇ ਬੁਧੀਜੀਵੀਆਂ, ਜਮਹੂਰੀ ਤੇ ਸਮ-ਾਜਿਕ ਕਾਰਕੁੰਨਾਂ, ਵਿਦਿਆਰਥੀਆਂ, ਲੇਖਕਾਂ, ਪੱਤਰਕਾਰਾਂ ਨੂੰ ਜਮਾਨਤ ਦੇ ਹੱਕ ਤੋਂ ਵਾਂਝਾ ਕਰਕੇ ਸਾਲਾਂ ਬੱਧੀ ਜੇਲਾਂ ਵਿਚ ਬੰਦ ਕੀਤਾ ਹੋਇਆ ਹੈ ਇਸ ਦੇ ਉਲਟ ਧਾਰਮਿਕ ਸੰਸਦਾਂ ਲਗਾਉਣ ਵਾਲੇ ਧਾਰਮਿਕ ਆਗੂਆਂ, ਟੀ ਵੀ ਐਂਕਰਾਂ, ਬੀ ਜੇ ਪੀ ਦੇ ਬੁਲ-ਾਰਿਆਂ ਵੱਲੋਂ ਉਗਲੀ ਜਾਂਦੀ ਫਿਰਕੂ ਜਹਿਰ ਦੇ ਮਾਮਲੇ ਵਿਚ ਦਰਜ਼ ਕੇਸਾਂ ਦੀ ਪਹਿਲ ਦੇ ਆਧਾਰ ਤੇ ਸੁਣਵਾਈ ਕਰਕੇ ਉਨ੍ਹਾਂ ਨੂੰ ਝੱਟ ਜਮਾਨਤ ਦੇ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਨਾਲ ਮਿਲੀ ਛਿਟਪੁਟ ਜਮਹੂਰੀਅਤ ਵੀ ਖਤਰੇ ਵਿਚ ਪੈ ਗਈ ਹੈ।

ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਸਵਰਨਜੀਤ ਸਿੰਘ, ਸਕੱਤਰ ਕੁਲਦੀਪ ਸਿੰਘ, ਮੀਤ ਪ੍ਰਧਾਨ ਗੁਰਪ੍ਰੀਤ ਕੌਰ, ਵਿੱਤ ਸਕੱਤਰ ਮਨਧੀਰ ਸਿੰਘ, ਸਹਾਇਕ ਸਕੱਤਰ ਕੁਲਵਿੰਦਰ ਬੰਟੀ, ਪ੍ਰੈੱਸ ਸਕੱਤਰ ਜੁਝਾਰ ਸਿੰਘ ਲੌਂਗੋਵਾਲ ਅਤੇ ਆਗੂਆਂ ਨਾਮਦੇਵ ਭੁਟਾਲ, ਸੁਖਵਿੰਦਰ ਪੱਪੀ, ਗੁਰਜੰਟ ਸਿੰਘ ਬਡਰੁੱਖਾਂ, ਵਿਸਾਖਾ ਸਿੰਘ ਧੂਰੀ, ਦਾਤਾ ਸਿੰਘ ਨਮੋਲ, ਬਸ਼ੇਸ਼ਰ ਰਾਮ, ਲਾਲ ਚੰਦ, ਸੁਖਵਿੰਦਰ ਸਿੰਘ, ਡਾ। ਕਿਰਨਪਾਲ ਕੌਰ ਔਲਖ, ਮੁਖਤਿਆਰ ਸਿੰਘ, ਭਜਨ ਸਿੰਘ ਰੰਗੀਆਂ, ਜਗਰੂਪ ਸਿੰਘ, ਵਿਸ਼ਵ ਕਾਂਤ, ਬਹਾਲ ਸਿੰਘ ਬੇਨੜਾ, ਹਰਗੋਬਿੰਦ ਸਿੰਘ ਸ਼ੇਰਪੁਰ, ਦਰਸ਼ਨ ਸਿੰਘ ਕੁਨਰਾਂ, ਬਲਵੀਰ ਚੰਦ ਲੌਂਗੋਵਾਲ, ਮਹਿੰਦਰ ਸਿੰਘ ਭੱਠਲ, ਰੋਹੀ ਸਿੰਘ ਮੰਗਵਾਲ, ਚਰਨਜੀਤ ਪਟਵਾਰੀ, ਵਿਸਾਖਾ ਸਿੰਘ ਅਤੇ ਰਘਵੀਰ ਸਿੰਘ ਭਵਾਨੀਗੜ੍ਹ ਨੇ ਸਮੂਹ ਜਨਤਕ ਜਮਹੂਰੀ ਜਥੇਬੰਦੀਆਂ ਅਤੇ ਇਨਸਾਫ਼ ਪਸੰਦ ਵਿਅਕਤੀਆਂ ਇਸ ਪ੍ਰੋਗਰਾਮ ਦੀ ਸਫਲਤਾ ਲਈ ਸ਼ਾਮਲ ਹੋਣ ਅਤੇ ਆਪਣੇ ਮੈਂਬਰਾਂ ਦੀ ਵੱਧ ਤੋਂ ਵੱਧ ਸਮੂਲੀਅਤ ਕਰਵਾਉਣ ਦੀ ਪੁਰਜੋਰ ਅਪੀਲ ਕੀਤੀ ਹੈ।

# ਗ਼ਦਰੀ ਬਾਬਿਆਂ ਦੇ ਮੇਲੇ 'ਚ ਇੱਕ ਨਵੰਬਰ ਦਿਨ ਵੇਲ਼ੇ ਡਾ ਨਵਸ਼ਰਨ, ਡਾ ਰਾਜ ਰਤਨ ਅੰਬੇਡਕਰ, ਹਿਮਾਂਸ਼ੂ ਕੁਮਾਰ ਅਤੇ ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਹੋਣਗੇ ਬੁਲਾਰੇ







**ਜਲੰਧਰ (ਵਿਵੇਕ ਭਾਟੀਆ)-** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਐਕਟਿੰਗ ਜਨਰਲ ਸਕੱਤਰ ਡਾ। ਪਰਮਿੰਦਰ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਤਿੰਨ ਰੋਜ਼ਾ ਗ਼ਦਰੀ ਬਾਬਿਆਂ ਦੇ ਮੇਲੇ ਵਿੱਚ ਪਹਿਲੀ ਨਵੰਬਰ ਦਿਨੇ ਦੁਪਹਿਰ ਸਮੇਂ ਡਾ।ਨਵਸ਼ਰਨ, ਡਾ।ਰਾਜ ਰਤਨ ਅੰਬੇਡਕਰ ਬੁਲਾਰੇ ਹੋਣਗੇ।

ਇਸ ਦਿਨ ਹੀ ਬਾਅਦ ਦੁਪਹਿਰ 4 ਤੋਂ 6 ਵਜੇ ਤੱਕ ਗ਼ਦਰੀ ਬਾਬਾ ਜਵਾਲਾ ਸਿੰਘ ਆਡੀਟੋਰੀਅਮ ਵਿੱਚ 'ਸਾਮਰਾਜੀ ਲੁੱਟ, ਫਿਰਕੂ/ਫਾਸ਼ੀ ਹੱਲਾ ਅਤੇ ਜਮਹੂਰੀ ਅਧਿਕਾਰ' ਵਿਸ਼ੇ 'ਤੇ ਹੋਣ ਵਾਲੀ ਵਿਚਾਰ - ਚਰਚਾ 'ਚ ਹਿਮਾਂਸ਼ੂ ਕੁਮਾਰ ਅਤੇ ਐਡ-ਵੋਕੇਟ ਰਾਜਵਿੰਦਰ ਸਿੰਘ ਬੈਂਸ ਉਚੇਚੇ ਤੌਰ ਤੇ ਆਪਣੇ ਵਿਚਾਰ ਰੱਖਣਗੇ । ਉਹਨਾਂ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਮੰਗਤ ਰਾਮ ਪਾਸਲਾ ਅਤੇ ਹਰਦੇਵ ਅਰਸ਼ੀ ਅਤੇ ਕਮੇਟੀ ਦੇ ਕਨਵੀਨਰ ਡਾ।ਪਰਮਿੰਦਰ ਸਿੰਘ ਇਸ ਵਿਚਾਰ- ਚਰਚਾ ਵਿੱਚ ਭਾਗ ਲੈਣਗੇ। ਕਮੇਟੀ ਨੇ ਸਮੂਹ ਸਾਹਿਤਕ ਸਭਿਆਚਾਰਕ ਸੰ-ਸਥਾਵਾਂ, ਬੁੱਧੀਜੀਵੀਆਂ, ਲੇਖਕਾਂ, ਰੰਗ ਕਰਮੀਆਂ, ਕਵੀਆਂ, ਗੀਤਕਾਰਾਂ, ਤਰਕਸ਼ੀਲ,ਜਮਹੂਰੀ ਅਤੇ ਲੋਕ-ਪੱਖੀ ਜੱਥੇਬੰਦੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਉਹ 30 ਅਤੇ 31ਅਕਤੂਬਰ ਹੋਣ ਵਾਲੇ ਗੀਤ ਸੰਗੀਤ,ਭਾਸ਼ਣ, ਕੁਇਜ਼, ਪੇਂਟਿੰਗ ਮੁਕਾਬਲਿਆਂ ਅਤੇ ਪਹਿਲੀ ਨਵੰਬਰ ਨਾਟਕਾਂ ਅਤੇ ਗੀਤ ਸੰਗੀਤ ਦੀਆਂ ਪੇਸ਼ਕ-ਾਰੀਆਂ ਸਮੇਤ ਸਾਮਰਾਜਵਾਦ ਅਤੇ ਫਿਰਕੂ ਫਾਸ਼ੀ ਹੱਲੇ ਖ਼ਿਲਾਫ਼ ਜੂਝਦੀਆਂ ਲਹਿਰਾਂ ਦੇ ਸੰਗਰਾਮੀਆਂ ਨੂੰ ਸਮਰਪਿਤ ਇਸ ਮੇਲੇ ਵਿੱਚ ਹੋਣ ਵਾਲੀਆਂ ਗੰਭੀਰ ਵਿਚਾਰਾਂ ਮੌਕੇ ਵੀ ਸ਼ਾਮਲ ਹੋਣ। ਕਮੇਟੀ ਨੇ ਗ਼ਦਰੀ ਬਾਬਿਆਂ ਦੀ ਵਿਰਾਸਤ ਨੂੰ ਅੱਗੇ ਲਿਜਾਣ ਲਈ ਆਪਣੇ ਆਪਣੇ ਲੋਕ-ਹਿੱਸਿਆਂ ਵਿੱਚ ਸਰਗਰਮ ਸਮੂਹ ਸੰਸਥਾਵਾਂ ਨੂੰ ਮੀਡੀਆ ਰਾਹੀਂ ਬੁਲਾਵੇ ਨੂੰ ਵੀ ਸੱਦਾ ਪੱਤਰ ਸਮਝਦੇ ਹੋਏ ਮੇਲੇ ਦੀ ਸਫ਼ਲਤਾ ਲਈ ਭਰਵਾਂ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ। ਜੱਥੇਬੰਦੀਆਂ ਨੂੰ ਵੱਖਰੇ ਤੌਰ ਤੇ ਵੀ ਸੱਦਾ ਪੱਤਰ ਭੇਜੇ ਜਾਣਗੇ।

# ਮਾਤਾ ਸਵਿੱਤਰੀ ਬਾਈ ਫੂਲੇ ਫਰੀ ਟਿਊਸ਼ਨ ਸੈਂਟਰ ਦਾ ਉਦਘਾਟਨ ਐਨਆਰਆਈ ਵੀਰਾਂ ਦੇ ਸਹਿਯੋਗ ਨਾਲ 17 ਨੂੰ ਕੀਤਾ ਜਾਵੇਗਾ - ਸੰਤ ਕ੍ਰਿਸ਼ਨ ਨਾਥ

## ਕਿਹਾ ਬਾਰ੍ਹਵੀਂ ਕਲਾਸ ਤੱਕ ਦੇ ਬੱਚਿਆਂ ਨੂੰ ਪੰਜਾਬ ਤੇ ਸੀਬੀਐਸਈ ਬੋਰਡ ਦੀ ਟਿਊਸ਼ਨ ਦਿੱਤੀ ਜਾਵੇਗੀ

**ਫਗਵਾੜਾ 12 ਅਕਤੂਬਰ (ਬੀ ਕੇ ਰੱਤੂ)-** ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਅਤੇ ਬਾਬਾ ਸਾਹਿਬ ਡੀ। ਬੀ।ਆਰ। ਅੰਬੇਡਕਰ ਤੋਂ ਸੇਧ ਲੈ ਕੇ ਮਾਤਾ ਸਵਿੱਤਰੀ ਬਾਈ ਫੂਲੇ ਫ੍ਰੀ ਟਿਊਸ਼ਨ ਸੈਂਟਰ ਦਾ ਉਦਘਾਟਨ ਐਨ।ਆਰ।ਆਈ। ਵੀਰਾਂ ਦੇ ਸਹਿਯੋਗ ਨਾਲ ਡੇਰਾ ਸੰਤ ਬਾਬਾ ਫੂਲ ਨਾਥ ਜੀ-ਸੰਤ ਬਾਬਾ ਬ੍ਰਹਮ ਨਾਥ ਜੀ ਨਾਨਕ ਨਗਰੀ ਜੀਟੀ ਰੋਡ ਚਿਹੇੜੂ ਵਿਖੇ ਮਿਤੀ 17 ਅਕਤੂਬਰ ਦਿਨ ਸੋਮਵਾਰ ਨੂੰ ਸਵੇਰੇ 11 ਵਜੇ ਕੀਤਾ ਜਾ ਰਿਹਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡੇਰੇ ਦੇ ਗੱਦੀ ਨਸ਼ੀਨ ਸੰਤ ਬਾਬਾ ਕ੍ਰਿਸ਼ਨ ਨਾਥ ਨੇ ਦੱਸਿਆ ਕਿ ਕਲਾਸਾਂ ਦਾ ਸਮਾਂ ਦੁਪਿਹਰ 3 ਤੋਂ ਸ਼ਾਮ 7 ਵਜੇ ਤੱਕ ਹੋਵੇਗਾ। ਪਹਿਲੀ ਤੋਂ ਬਾਰ੍ਹਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਸੀ।ਬੀ।ਐਸ।ਈ। ਦੀ ਟਿਊਸ਼ਨ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਸੰਤ ਬਾਬਾ ਫੂਲ ਨਾਥ ਫਰੀ ਸੰਗੀਤ ਅਕੈਡਮੀ 'ਚ ਗੁਰਬਾਣੀ, ਕਥਾ, ਵਿਚਾਰ, ਹਰਮੋਨੀਅਮ, ਤਬਲਾ ਦੀ ਸਿਖਲਾਈ ਹਰੇਕ ਸੋਮਵਾਰ ਤੇ ਸ਼ੁੱਕਰਵਾਰ ਨੂੰ ਸ਼ਾਮ 4 ਤੋਂ 6 ਵਜੇ ਤੱਕ ਦਿੱਤੀ ਜਾਵੇਗੀ। ਕੰਪਿਊਟਰ ਅਤੇ ਇੰਗਲਿਸ਼ ਸਪੀਕਿੰਗ ਕਲਾਸਾਂ ਦਾ ਖਾਸ ਪ੍ਰਬੰਧ ਹੋਵੇਗਾ। ਇਸ ਮੌਕੇ ਹੈਡ ਗ੍ਰੰਥੀ ਭਾਈ ਪਰਵੀਨ ਕੁਮਾਰ, ਭਾਈ ਜਤਿੰਦਰ ਸਿੰਘ ਖਾਲਸਾ, ਬੀਬੀ ਮਨਪ੍ਰੀਤ ਕੌਰ, ਤਬਲਾ ਵਾਦਕ ਭਾਈ ਤਰਨਜੀਤ ਸਿੰਘ ਤੇ ਸੈਕਟਰੀ ਕਮਲਜੀਤ ਆਦਿ ਹਾਜਰ ਸਨ।



# 'ਕੀਵੀ ਇੰਡੀਅਨ ਹਾਲ ਆਫ ਫੇਮ'





ਭਾਰਤੀ ਅਖ਼ਬਾਰ ਵੱਲੋਂ ਕਰਵਾਏ ਸਮਾਗਮ 'ਚ ਨਿਊਜ਼ੀਲੈਂਡ ਪ੍ਰਧਾਨ ਮੰਤਰੀ ਤੇ ਭਾਰਤੀ ਵਿਦੇਸ਼ ਮੰਤਰੀ ਪੁੱਜੇ 'ਹਾਲ ਆਫ ਫੇਮ' ਪਹਿਲੀ ਭਾਰਤੀ ਮੰਤਰੀ ਰਾਧਾ ਕ੍ਰਿਸ਼ਨਨ ਨੂੰ ਮਿਲਿਆ। **(ਤਸਵੀਰਾਂ- ਹਰਜਿੰਦਰ ਸਿੰਘ ਬਸਿਆਲਾ)**

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

ਜਿਵੇਂ ਕਿ ਆਪ ਜਾਣਦੇ ਹੋ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ ਦੀ ਉਸਾਰੀ ਦਾ ਕੰਮ ਆਰੰਭ ਹੋ ਚੁੱਕਾ ਹੈ। ਅਸੀਂ ਉਹਨਾਂ ਸਾਰੇ ਦਾਨੀ ਪਰਿਵਾਰਾਂ ਦੇ ਬਹੁਤ ਦਿਲੀ ਧੰਨਵਾਦੀ ਹਾਂ, ਜਿਹਨਾਂ ਨੇ ਗੁਰੂ ਘਰ ਦੀ ਬਿਲਡਿੰਗ ਦੀ ਉਸਾਰੀ ਵਾਸਤੇ ਮਾਇਆ ਦਾ ਸਹਿਯੋਗ ਕੀਤਾ ਅਤੇ ਕਰ ਰਹੇ ਹਨ। ਇੱਥੇ ਅਸੀਂ ਵਿਸ਼ੇਸ਼ ਤੌਰ ਤੇ ਕੁਝ ਪਰਿਵਾਰਾਂ ਦਾ ਜ਼ਿਕਰ ਅਤੇ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਬਿਨਾਂ ਕਿਸੇ ਵਿਆਜ ਦੇ ਮਾਇਆ ਦਾ ਸਹਿਯੋਗ ਕੀਤਾ ਹੈ। ਉਹਨਾਂ ਵਿਚ –

| | | | |
|---|---|---|---|
| Sukhraj Singh Chopra | **$ 250,000.00** | Vinod Kumar Chumber | **$ 175,000.00** |
| Sukhdev Singh Chopra | **$ 100,000.00** | Gurmail Singh Maman | **$ 100,000.00** |
| Ram Lubhaya | **$ 50,000.00** | Harmesh Modhara | **$ 50,000.00** |
| Malkit Singh Bangar | **$ 10,000.00.** | | |




ਪ੍ਰਬੰਧਕ ਕਮੇਟੀ, ਗੁਰੂ ਪਿਆਰੀ ਸਾਧ ਸੰਗਤ ਦੀ ਅਤੀ ਧੰਨਵਾਦੀ ਹੈ, ਜਿਹਨਾਂ ਨੇ ਮਾਇਕ ਤੌਰ ਤੇ ਇਸ ਸ਼ੁਭ ਕਾਰਜ ਲਈ ਸੇਵਾ ਕੀਤੀ ਹੈ। ਵਾਹਿਗੁਰੂ ਉਹਨਾਂ ਸਾਰੇ ਪਰਿਵਾਰਾਂ ਨੂੰ ਤੰਦਰੁਸਤੀ ਅਤੇ ਖੁਸ਼ਹਾਲੀ ਬਖਸ਼ਣ, ਜਿਹਨਾਂ ਖਜਾਨਿਆਂ 'ਚੋਂ ਇਹ ਮਾਇਆ ਆਈ ਹੈ, ਵਾਹਿਗੁਰੂ ਉਹਨਾਂ ਨੂੰ ਹੋਰ ਪ੍ਰਫੁੱਲਿਤ ਕਰੇ। ਇਸ ਦੇ ਨਾਲ ਹੀ ਅਸੀਂ ਬਾਕੀ ਸਾਰੀ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਜੀ ਵੀ ਆਪਣੀ ਸ਼ਰਧਾ ਅਤੇ ਵਿੱਤ ਅਨੁਸਾਰ ਇਸ ਸ਼ੁਭ ਕਾਰਜ ਲਈ ਜ਼ਰੂਰ ਯੋਗਦਾਨ ਪਾਓ ਜੀ।

ਧੰਨਵਾਦ ਸਹਿਤ ਸਮੂਹ ਪ੍ਰਬੰਧਕ ਕਮੇਟੀ

**ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)**


Vinod Kumar Chumber (Chairman) 510-953-9800



Ram Lubhaya (President) 408-449-1105


Naresh Kumar (Secretary) 510-857-4551


Sohan Singh Dhanda (Treasurer) 510-200-6649

## ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ (ਕੈਲੇਫੋਰਨੀਆ) ਗੁਰੂ ਘਰ ਦੀ ਉਸਾਰੀ ਲਈ ਗਾਖਲ ਭਰਾਵਾਂ ਅਤੇ ਕਮਲਦੇਵ ਅਤੇ ਪਰਿਵਾਰ ਵੱਲੋਂ ਗੁਰੂ ਘਰ ਲਈ ਮਾਇਆ ਦਾ ਸਹਿਯੋਗ


ਬੀਤੇ ਦਿਨੀਂ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਨੂੰ ਗੁਰੂ ਘਰ ਦੀ ਉਸਾਰੀ ਜਾ ਰਹੀ ਬਿਲਡਿੰਗ ਲਈ ਗਾਖਲ ਭਰਾਵਾਂ (ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਪ੍ਰਮਿੰਦਰ ਸਿੰਘ ਗਾਖਲ) ਵੱਲੋਂ 11 ਹਜ਼ਾਰ ਡਾਲਰ ਸਭਾ ਦੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਨੂੰ ਭੇਂਟ ਕੀਤੇ। ਇਸ ਮੌਕੇ ਨਾਮਵਰ ਸ਼ਖਸੀਅਤ ਸ੍ਰੀ ਅਮਰੀਕ ਚੰਦ ਲਾਖਾ, ਸ੍ਰੀ ਰਾਮ ਲੁਭਾਇਆ (ਪ੍ਰਧਾਨ) ਅਤੇ ਸ੍ਰੀ ਸੋਹਣ ਸਿੰਘ ਢੰਡਾ (ਖਜਾਨਚੀ), ਸ੍ਰੀ ਅਸ਼ੋਕ ਭੌਰਾ ਆਦਿ ਹਾਜ਼ਰ ਸਨ।


ਗੁਰੂ ਘਰ ਦੇ ਪਰਮ ਸੇਵਕ ਸ੍ਰੀ ਕਮਲਦੇਵ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਗੁਰੂ ਘਰ ਦੀ ਉਸਾਰੀ ਲਈ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਨੂੰ 5 ਹਜ਼ਾਰ ਡਾਲਰ ਦਾ ਚੈਕ ਭੇਂਟ ਕਰਦੇ ਹੋਏ। ਉਹਨਾਂ ਦੇ ਨਾਲ ਖੜ੍ਹੇ ਹਨ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੇ ਉਪ ਪ੍ਰਧਾਨ ਸ੍ਰੀ ਰਕੇਸ਼ ਕੁਮਾਰ, ਸ੍ਰੀ ਨਰੇਸ਼ ਕੁਮਾਰ ਗੱਡੂ (ਜਨਰਲ ਸਕੱਤਰ), ਮੋਹਿੰਦਰ ਮਦਾਰਾ ਅਤੇ ਮਹਿੰਦਰ ਸਰੋਆ ਆਦਿ।





















Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html







My Struggle in Life:

Das Pawar, Ishwar: 9781682131558:

Amazon.com: Book

https://www.amazon.com/Struggle-Life-Ishwar-Das-Pawar/dp/1682131556

# ਬੱਚੇ ਦੀਆਂ ਬਹੁਪੱਖੀ ਕਲਾਵਾਂ ਨੂੰ ਸਮਝਣ ਦੀ ਲੋੜ ਹੁੰਦੀ ਹੈ








ਮੇਜਰ ਸਿੰਘ ਨਾਭਾ
91-94635-53962

ਅੱਜ ਮਾਪੇ ਬੱਚਿਆਂ ਨੂੰ ਰੁੱਝੇ ਰਹਿਣ ਲਈ ਖਿਡਾਉਣੇ ਟਾਈਪ ਮੋਬਾਇਲ ਲੈ ਦੇਂਦੇ ਹਨ ਜੋ ਥੋੜੇ ਵੱਡੇ ਹੁੰਦੇ ਹੀ ਮਾਪਿਆਂ ਦੇ ਫੋਨ ਨੂੰ ਚਲਾਉਣ ਦੀ ਕੋਸ਼ਿਸ਼ ਕਰਦੇ ਹਨ ਜਿਸ 'ਚ ਉਹ ਕਾਮਯਾਬ ਹੋ ਜਾਂਦੇ ਹਨ। ਮੋਬਾਇਲ ਨਾਲ ਉਹ ਇੰਨ੍ਹੇ ਜੁੜ ਜਾਂਦੇ ਹਨ ਕਿ ਉਹ ਖਾਣ-ਪੀਣ ਵੀ ਭੁੱਲ ਜਾਂਦੇ ਹਨ।ਜੇ ਉਨ੍ਹਾਂ ਨੂੰ ਰੋਕਿਆ ਜਾਂਦਾ ਹੈ ਤਾਂ ਉਹ ਖਿਝ ਜਾਂਦੇ ਹਨ, ਕਈ ਵਾਰੀ ਤਾਂ ਚੀਜ਼ਾਂ ਦਾ ਨੁਕਸਾਨ ਵੀ ਕਰ ਦਿੰਦੇ ਹਨ। ਇਹ ਇੱਕ ਮਾੜਾ ਰੁਝਾਣ ਹੈ। ਬੱਚਿਆਂ ਦੇ ਅੰਦਰ ਬਹੁਤ ਸਾਰੀਆਂ ਕਲਾਵਾਂ ਕੁਦਰਤ ਨੇ ਜਨਮ ਤੋਂ ਹੀ ਦਿੱਤੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਪਹਿਚਾਨਣ ਦੀ ਲੋੜ ਹੁੰਦੀ ਹੈ। ਛੋਟੇ ਬੱਚੇ ਸ਼ੁਰੂ ਸ਼ੁਰੂ 'ਚ ਆਪਣੇ ਆਲੇ ਦੁਆਲੇ ਕੰਧਾਂ ਉੱਪਰ ਲਕੀਰਾਂ ਮਾਰ ਕੇ ਖੁਸ਼ ਹੁੰਦੇ ਹਨ, ਰੰਗਾਂ ਨਾਲ ਉਨ੍ਹਾਂ ਦਾ ਮੋਹ ਉਨ੍ਹਾਂ ਦੇ ਰੰਗਾਂ ਨੂੰ ਬੱਚਿਆਂ ਵਾਲੇ ਘਰੇ ਕੰਧਾਂ ਤੋਂ ਦੇਖ ਸਕਦੇ ਹੋ। ਛੋਟੇ ਬੱਚਿਆਂ ਨੂੰ ਮਾਪੇ ਜਾਂ ਪਰਿਵਾਰਿਕ ਮੈਂਬਰ ਰੰਗਾਂ ਨਾਲ ਖੇਡਣ ਲਾ ਸਕਦੇ ਹਨ , ਹੌਲੀ ਹੌਲੀ ਉਹ ਆਪਣੀ ਅੰਦਰਲੀ ਕਲਾ ਨੂੰ ਕਲਾਕ੍ਰਿਤਾਂ ਰਾਹੀਂ ਬਾਹਰ ਕੱਢਣ ਲੱਗ ਜਾਂਦੇ ਹਨ। ਇਸ ਨਾਲ ਬੱਚਿਆਂ ਦੇ ਪੜ੍ਹਾਈ ਵਿਸ਼ੇ ਨੂੰ ਵੀ ਛੂਹਿਆ ਜਾਂਦਾ ਹੈ ਅਤੇ ਬੱਚਾ ਉਂਝ ਵੀ ਆਪਣੀ ਕਲਾਕ੍ਰਿਤ ਨੂੰ ਬਣਾ ਕੇ ਖੁਸ਼ੀ ਮਹਿਸੂਸ ਕਰਦਾ ਹੈ। ਗੁਰੂ ਨਾਨਕ ਇੰਟਰਨੈਸ਼ਨਲ ਪਬਲਿਕ ਸਕੂਲ, ਮਾਡਲ ਟਾਊਨ, ਲੁਧਿਆਣਾ ਦੀ ਐਲ.ਕੇ.ਜੀ. ਜਮਾਤ ਦੀ ਨੰਨ੍ਹੀ ਬੱਚੀ ਏਕਨੂਰ ਕੌਰ ਨੇ ਮੇਰੇ ਸਾਹਮਣੇ ਆਪਣੀ ਕਲਾਕ੍ਰਿਤ ਬਣਾ ਕੇ ਰੰਗ ਭਰ ਕੇ ਆਪਣੇ ਵਲਵਲੇ ਜ਼ਾਹਿਰ ਕਰਨ ਦੀ ਕੋਸ਼ਿਸ਼ ਕੀਤੀ, ਉਸ ਨੇ ਭਾਵੇਂ ਕਾਹਲ 'ਚ ਡਰਾਇੰਗ ਕੀਤੀ ਪਰ ਫੇਰ ਵੀ ਦੱਸਣ ਤੇ ਹੋਰ ਸੁਧਾਰ ਕਰਨ ਲਈ ਵੀ ਕੋਸ਼ਿਸ਼ ਕਰਦੀ ਰਹੀ। ਸੋ ਬੱਚਾ ਇੱਕ ਕੱਚੀ ਕਲੀ ਵਾਂਗ ਹੁੰਦਾ ਉਸ ਨੂੰ ਜਿਵੇਂ ਚਾਹੋ ਮੋੜ ਸਕਦੇ ਹੋ। ਬੱਚਿਆਂ ਨੂੰ ਪਰਚਾਉਣ ਲਈ ਬਚਪਨ 'ਚ ਦਿੱਤੀਆਂ ਸਹੂਲਤਾਂ ਅੱਗੇ ਜਾ ਕੇ ਜ਼ਿੰਦਗੀ ਦੀ ਸਫਲਤਾ ਲਈ ਅੜਿਚਨਾਂ ਪੈਦਾ ਕਰਨ ਲਈ ਸਹਾਈ ਹੁੰਦੀਆਂ ਹਨ। ਵੱਡੇ/ਸੀਨੀਅਰ ਅਕਸਰ ਛੋਟੇ ਬੱਚਿਆਂ ਲਈ ਰੋਲ ਮਾਡਲ ਹੁੰਦੇ ਹਨ, ਵੱਡਿਆਂ ਦੀਆਂ ਗੱਲ੍ਹਾਂ/ਕੰਮਾਂ ਦੀ ਬੱਚੇ ਆਮ ਤੌਰ ਤੇ ਰੀਸ ਕਰਦੇ ਹਨ। ਸੋ ਅੱਜ ਬੱਚਿਆਂ ਨੂੰ ਛੋਟੇ ਹੁੰਦੇ ਹੀ ਸਾਂਭਣ ਦੀ ਲੋੜ ਹੈ। ਉਨ੍ਹਾਂ ਦੀਆਂ ਅੰਦਰਲੀਆਂ ਕਲਾਵਾਂ ਨੂੰ ਨਿਖਾਰਣ ਲਈ ਸਾਨੂੰ ਬੱਚਿਆਂ ਨੂੰ ਸਮੇਂ ਸਮੇਂ ਸਿਰ ਗਾਈਡ ਲਾਈਨਜ ਦੇਣੀਆਂ ਅਹਿਮ ਹੈ। ਅੱਜ ਮੋਬਾਇਲ/ਟੀ.ਵੀ. ਨੇ ਬੱਚਿਆਂ ਦਾ ਖੇਡਣ ਦਾ ਸਮਾਂ ਵੀ ਨਿਗਲ ਲਿਆ ਹੈ। ਜੇਕਰ ਬੱਚਿਆਂ ਨੂੰ ਹੱਲਾਸ਼ੇਰੀ ਦੇ ਕੇ ਉਨ੍ਹਾਂ ਦੇ ਕੀਤੇ ਕੰਮਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਤਾਂ ਉਹ ਵੱਡੇ ਹੋ ਕੇ ਵਧੀਆ ਕਾਰਗੁਜ਼ਾਰੀ ਜਰੂਰ ਦੇਣਗੇ।

# ਵਿਦੇਸ਼ਾਂ ਵਿੱਚ ਆਪਣੇ ਕਾਵਿ-ਰੰਗ ਨੂੰ ਮਹਿਕਾਉਣ ਵਾਲੀ ਪ੍ਰੌੜ੍ਹ ਕਵਿੱਤਰੀ ਸੁਖਵਿੰਦਰ ਆਹੀ

ਸੁਖਵਿੰਦਰ ਕੌਰ ਆਹੀ ਦਾ ਨਾਂ ਸਾਹਿਤਕ ਖੇਤਰ ਵਿੱਚ ਜਾਣਿਆ ਪਹਿਚਾਣਿਆ ਹੈ ।ਉਸ ਨੇ ਆਪਣੀ ਕਾਵਿ- ਸ਼ੈਲੀ ਰਾਹੀਂ ਆਪਣੀ ਅੰਦਰਲੀ ਪੀੜ੍ਹਾ ਨੂੰ ਬਾਖੂਬੀ ਪ੍ਰਗਟਾਇਆ ਹੈ ।ਉਸ ਨੇ ਬਹੁਤ ਸਾਰੀਆਂ ਸਰਕਾਰੀ / ਗੈਰ ਸਰਕਾਰੀ ਸੰਸਥਾਵਾਂ ਤੋਂ ਸਨਮਾਨ ਪ੍ਰਾਪਤ ਕੀਤੇ ਹਨ।

ਉਸ ਦਾ ਜਨਮ ਜਲੰਧਰ ਵਿਖੇ ਮਾਤਾ ਗੁਰਬਚਨ ਕੌਰ ਦੀ ਕੁੱਖੋਂ ਸ. ਗੁਰਦਿੱਤ ਸਿੰਘ ਦੇ ਘਰ ਹੋਇਆ ।ਬਚਪਨ ਦਾ ਕਾਫੀ ਸਮਾਂ ਉਸ ਨੇ ਪਰਿਵਾਰ ਦੇ ਪਟਿਆਲਾ ਜਿਲ੍ਹੇ ਦੇ ਪਿੰਡ ਦੰਦਰਾਲਾ ਢੀਂਡਸਾ ਵਿਖੇ ਸਿਫਟ ਹੋਣ ਕਾਰਨ ਪੇਂਡੂ ਸਭਿਆਚਾਰ 'ਚ ਰਹਿ ਕੇ ਗੁਜ਼ਾਰਿਆ। ਉਸ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬੀ.ਏ. ਕਰਨ ਉਪਰੰਤ ਰੋਹਤਕ ਤੋਂ ਬੀ.ਐਡ. ਕਰ ਲਈ।ਉਸ ਨੇ ਸਿੱਖਿਆ ਵਿਭਾਗ ਪੰਜਾਬ ਵਿੱਚ ਬਤੌਰ ਅਧਿਆਪਕ ਸੇਵਾ ਸੁਰੂ ਕਰਕੇ ਤਰੱਕੀ ਉਪਰੰਤ ਬਤੌਰ ਸੈਂਟਰ ਹੈਡ ਟੀਚਰ ਸੇਵਾ ਮੁਕਤੀ ਪ੍ਰਾਪਤ ਕੀਤੀ।



ਪੰਜਾਬੀ ਕਵਿਤਾ ਦੇ ਸੰਗ ਕਲਮ ਨੂੰ ਨਿਖਾਰਦੇ ਆਪਨੇ ਹੁਣ ਤੱਕ ਚਾਰ ਚਾਰ ਪੁਸਤਕਾਂ ਪ੍ਰਕਾਸ਼ਿਤ ਕਰਕੇ ਕਵਿਤਾ ਦਰਿਆ 'ਚ ਕਾਮਯਾਬ ਡੁਬੀ ਮਾਰੀ ਹੈ । ਪਹਿਲੀ ਕਾਵਿ- ਸੰਗ੍ਰਹਿ 'ਜਿਸ ਤਨ ਲਾਗੇ' 1999 ਵਿੱਚ ਛੱਪੀ , ਜੋ ਕਿ ਆਹੀ ਨੇ ਆਪਣੇ ਪਤੀ ਸਵ: ਸ. ਜੰਗ ਸਿੰਘ ਨੂੰ ਸਮਰਪਿਤ ਕੀਤਾ ਹੈ , ਜੋ ਕਾਮਰੇਡ ਖਿਆਲਾਂ ਦੇ ਲੈਨਿਨਵਾਦ ਤੋਂ ਪ੍ਰਭਾਵਿਤ ਸਨ, ਉਨ੍ਹਾਂ ਕਰਕੇ ਹੀ ਸੁਖਵਿੰਦਰ ਆਹੀ ਵੀ ਇਸੇ ਵਿਚਾਰਧਾਰਾ ਨੂੰ ਆਪਣੀਆਂ ਕਾਵਿ ਰਚਨਾਵਾਂ ਵਿੱਚ ਸਮੇਂ ਸਮੇਂ ਸਿਰ ਨਿਖਾਰਦੀ ਆ ਰਹੀ ਹੈ।

ਫਿਰ 2008 ਵਿੱਚ 'ਕੋਈ ਨਾ ਨਿਭਿਓ ਸਾਥ', 2018 ਵਿੱਚ ' ਅਹਿਸਾਸ ਦਰ ਅਹਿਸਾਸ' ਅਤੇ 'ਜੇ ਤੂੰ ਆਜੇਂ" ਅਤੇ 'ਰੁੱਖ ਪੁੱਤ ਧਰਤੀ ਦੇ' ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਜਿਨ੍ਹਾਂ 'ਚੋਂ ਉਸ ਦੇ ਪਤੀ ਸਵ: ਸ. ਜੰਗ ਸਿੰਘ ਆਹੀ ਦੇ ਵਿਛੌੜੇ ਦੀ ਮਾਰ ਦਾ ਅਹਿਸਾਸ ਝਲਕਦਾ ਸਾਫ ਦਿਖਾਈ ਦਿੰਦਾ ਹੈ।ਇਕੱਲਤਾ ਦੇ ਮਾਹੌਲ 'ਚ ਕਿਵੇਂ ਆਪਣੀਆਂ ਬੇਟੀਆਂ ਨੂੰ ਉਚੇਰੀ ਵਿੱਦਿਆ ਦੇ ਕੇ ਜੀਵਨ ਦੇ ਇਸ ਔਖੇ ਪੰਧ 'ਚੋਂ ਬੜੇ ਦ੍ਰਿੜ ਮਨ ਨਾਲ ਨਿਕਲਣ 'ਚ ਕਾਮਯਾਬੀ ਪ੍ਰਾਪਤ ਕੀਤੀ ਉਹ ਆਹੀ ਹੀ ਜਾਣਦੀ ਹੈ। ਉਹ ਸੱਚ-ਮੁੱਚ ਇੱਕ ਦਲੇਰ ਔਰਤ ਹੈ ਜੋ ਜ਼ਿੰਦਗੀ ਦੇ ਹਰ ਪਹਿਲੂ ਨੂੰ ਬੜੇ ਸਲੀਕੇ ਨਾਲ ਫਤਿਹ ਕਰਦੀ ਆ ਰਹੀ ਹੈ।ਕਵਿਤਾ ਨੇ ਸੁਖਵਿੰਦਰ ਆਹੀ ਨੂੰ ਦਰਦ- ਸੰਵੇਦਨਾ, ਇਕੱਲਤਾ ਦਾ ਪ੍ਰਗਟਾਵਾ ਕਰਕੇ ਆਪਣੇ ਜੀਵਨ ਨੂੰ ਇੱਕ ਔਰਤ ਹੋਣ ਦੇ ਨਾਤੇ ਵੱਖਰੇ ਪੰਧ ਤੇ ਤੋਰਨ ਦਾ ਹੌਸ਼ਲਾ ਦਿੱਤਾ ਹੈ।

ਕੁਝ ਸਾਲ ਪਹਿਲਾਂ ਪਾਕਿਸਤਾਨ ਦੀ ਮੰਨੀ-ਪ੍ਰਮੰਨੀ ਵਿਦਵਾਨ ਅਤੇ ਲੇਖਕ ਡਾ. ਸ਼ਾਹੀਨ ਕਰਾਮਤ ਇੱਧਰ ਆਈ ਤਾਂ ਮੁਲਾਕਾਤ ਸਮੇਂ ਉਸਦੀ ਕਾਵਿ-ਪੁਸਤਕ 'ਜਿਸ ਤਨ ਲੱਗੇ' ਨਾਲ ਲੈ ਗਈ, ਜਿਸ ਦੀ ਪ੍ਰਸੰਸ਼ਾ 'ਚ ਕਈ ਪੱਤਰ ਉਸਨੇ ਲਿਖ ਕੇ ਭੇਜੇ ਜੋ ਕਿ ਸੁਖਵਿੰਦਰ ਆਹੀ ਮਾਣ ਸਮਝਦੀ ਹੈ।

ਉਹ ਕਈ ਵਾਰ ਆਸਟ੍ਰੇਲੀਆ, ਨਿਊਜੀਲੈਂਡ, ਮਾਸਕੋ ਵਿਖੇ ਉਧਰਲੀਆਂ ਲੇਖਕ ਸਭਾਵਾਂ ਵਲੋਂ ਮਿਲੇ ਸੱਦੇ ਤੇ ਪੰਜਾਬੀ ਕਵਿਤਾ ਉਤਸਵਾਂ ਵਿੱਚ ਆਪਣੀਆਂ ਕਵਿਤਾਵਾਂ ਨੂੰ ਗਾ ਕੇ ਪੇਸ਼ ਕਰ ਵਾਹ ਵਾਹ ਖੱਟ ਚੁੱਕੀ ਹੈ।ਟਾਈਮ ਟੀ.ਵੀ. ਵਲੋਂ ਕਈ ਵਾਰੀ ਉਸ ਦੀਆਂ ਕਵਿਤਾਵਾਂ ਦਾ ਗਾਇਣ ਕਰਵਾ ਕੇ ਸਰੋਤਿਆ ਦੇ ਰੂਬਰੂ ਕਰਵਾਇਆ ਜਾ ਚੁੱਕਾ ਹੈ। ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਪ੍ਰਫੁਲਤ ਕਰਨ ਲਈ ਕਈ ਨਾਮੀ ਸਾਹਿਤਕ ਸੰਸਥਾਂਵਾਂ ਨਾਲ ਜੁੜੀ ਹੋਈ ਹੈ।ਜਿਵੇਂ ਉਹ 'ਕੇਂਦਰੀ ਲੇਖਕ ਸਭਾ' ਲੁਧਿਆਣਾ ਦੀ ਕਾਰਜਕਾਰੀ ਮੈਂਬਰ 'ਮਹਿਲਾ ਕੰਨਿਆ ਮੰਚ' ਪਟਿਆਲਾ ਦੀ ਮੀਤ-ਪ੍ਰਧਾਨ 'ਰਾਸਟਰੀ ਕਵੀ ਸੰਗਮ' ਪਟਿਆਲਾ ਦੀ ਸਲਾਹਕਾਰ 'ਹਿੰਦੀ ਭਾਸ਼ਾ ਸ਼ੰਮੇਲਨ' ਪਟਿਆਲਾ ਦੀ ਸਲਾਹਕਾਰ ਅਤੇ 'ਸਾਹਿਤ ਸੰਗਮ' ਪਟਿਆਲਾ ਦੀ ਜਨਰਲ ਸਕੱਤਰ ਵਜੋਂ ਸੇਵਾ ਨਿਭਾ ਰਹੀ ਹੈ। ਉਸ ਨੇ ਕਈ ਵਾਰੀ 'ਵਰਲਡ ਪੰਜਾਬੀ ਕਾਨਫਰੰਸ' ਵਿੱਚ ਕਲਾ ਭਵਨ ਚੰਡੀਗੜ੍ਹ ਵਿਖੇ ਸਾਹਿਤਕ ਵਿਚਾਰ ਚਰਚਾ 'ਚ ਭਾਗ ਲਿਆ। ਉਸਨੂੰ ਬਹੁਤ ਸਾਰੀਆਂ ਸਾਹਿਤਕ ਸੰਸਥਾਵਾਂ ਵਲੋਂ ਅਵਾਰਡਜ਼ ਅਤੇ ਵਿਸ਼ੇਸ਼ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਹੈ। ਉਸ ਨੂੰ ਰਾਸਟਰੀ ਅਤੇ ਅੰਤਰਰਾਸਟਰੀ ਨਾਮਵਰ ਪੰਜਾਬੀ ਸਾਹਿਤਕ ਸੰਸਥਾਵਾਂ/ ਸਭਾਵਾਂ ਵਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਭਾਰਤ ਦੇ ਬਹੁਤ ਸਾਰੇ ਪ੍ਰਮੁੱਖ ਸ਼ਹਿਰਾਂ ਜਿਵੇਂ ਚੰਡੀਗੜ੍ਹ, ਦਿੱਲੀ, ਕਲਕੱਤਾ, ਮੁਬੰਈ, ਦੇਹਰਾਦੂਨ, ਜੰਮੂ ਕਸ਼ਮੀਰ, ਆਸਾਮ, ਕਾਰਗਿਲ ਆਦਿ ਥਾਵਾਂ 'ਤੇ ਸਨਮਾਨਿਤ ਕੀਤਾ ਜਾ ਚੁੱਕਾ ਹੈ। ਉਸ ਲਈ ਮਾਣ ਵਾਲੀ ਗੱਲ ਹੈ ਕਿ ਉਸ ਨੇ ਪਟਿਆਲਾ ਅਤੇ ਕਈ ਹੋਰ ਰੇਡਿਉ ਸਟੇਸ਼ਨਾਂ ਤੋਂ ਆਪਣੀਆਂ ਕਵਿਤਾਵਾਂ ਨੂੰ ਤਰਨੰਮ ਵਿੱਚ ਗਾ ਕੇ ਸਰੋਤਿਆਂ ਦਾ ਦਿਲ ਮੋਹਿਆ ਹੈ। ਉਹ ਦੋ ਵਾਰੀ ਦੂਰਦਰਸ਼ਨ ਕੇਂਦਰ ਪਟਿਆਲਾ ਦੇ 'ਮਹਾ ਰਾਬਤਾ' ਅਤੇ ਇਸੇ ਤਰ੍ਹਾਂ ਦਿੱਲੀ, ਸਿਮਲਾ, ਜਲੰਧਰ ਦੇ ਰੇਡਿਉ ਸਟੇਸ਼ਨ ਅਤੇ ਈ.ਟੀ.ਸੀ. ਪੰਜਾਬੀ ਦੇ ਪ੍ਰੋਗਰਾਮਾਂ 'ਚ ਸਮੂਲੀਅਤ ਕਰ ਚੁੱਕੀ ਹੈ। ਉਹ ਆਪਣੇ ਗ੍ਰਹਿ ਪਟਿਆਲਾ ਵਿਖੇ ਰੂਬਰੂ ਪ੍ਰੋਗਰਾਮ ਹਿਤ ਨਾਮਵਰ ਸਖਸ਼ੀਅਤਾਂ ਸ. ਭੁਪਿੰਦਰ ਸਿੰਘ ਲੈਕਚਰਾਰ ਅਤੇ ਆਲੋਚਕ, ਦਵਿੰਦਰ ਦਮਨ ਡਾਇਰੈਕਟਰ ਐਂਡ ਪ੍ਰੋਡਿਊਸਰ ਫਿਲਮਜ਼, ਸ੍ਰੀਮਤੀ ਜਸਵੰਤ ਦਮਨ (ਪੰਜਾਬੀ ਅਤੇ ਹਿੰਦੀ ਫਿਲਮਜ਼) ਅਤੇ ਜਨਾਬ ਮੁਹੰਮਦ ਰਫੀ ਦੀ ਸਮੂਲੀਅਤ ਕਰਵਾ ਚੁੱਕੀ ਹੈ। ਸੁਖਵਿੰਦਰ ਆਹੀ ਦੀਆਂ ਸਾਹਿਤਕ ਰਚਨਾਵਾਂ ਦੀ ਕਦਰ ਕਰਦਿਆਂ ਉਸ ਨੂੰ ਵਿਦੇਸ਼ਾਂ ਤੋਂ ਪੰਜਾਬੀ ਸਾਹਿਤਕ ਸਮਾਗਮਾਂ 'ਚ ਸਮੂਲੀਅਤ ਲਈ ਅਕਸਰ ਸੱਦਾ ਪੱਤਰ ਆਉਂਦੇ ਰਹਿੰਦੇ ਹਨ। ਇਹ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ।

ਉਸਨੂੰ 2018 ਵਿੱਚ 'ਮਾਸਕੋ ਪੰਜਾਬੀ ਸਾਹਿਤ ਸਭਾ' ਵਲੋਂ ਡਾ. ਸੁਰਿੰਦਰ ਕੌਰ ਗਿੱਲ ਅਵਾਰਡ ਲਈ ਚੁਣਿਆ ਗਿਆ। ਉਹ ਆਸਟ੍ਰੇਲੀਆ ਵਿਖੇ ਸਾਹਿਤਕ ਸਭਾਵਾਂ 'ਚ ਆਪਣੇ ਕਾਵਿ-ਰੰਗ ਨੂੰ ਗਜ਼ਲ , ਕਵਿਤਾਵਾਂ ਅਤੇ ਗੀਤਾਂ ਰਾਹੀਂ ਕਈ ਵਾਰੀ ਬਿਖੇਰ ਚੁੱਕੀ ਹੈ। ਹੁਣੇ ਹੀ ਉਸ ਨੂੰ ਆਸਟ੍ਰੇਲੀਆ ਵਿਖੇ 'ਪੰਜਾਬੀ ਸੱਥ ਮੈਲਬਰਨ' ਵਲੋਂ ਮੁੱਖ ਮਹਿਮਾਨ ਦੇ ਤੌਰ ਸਨਮਾਨ ਦਿੱਤਾ ਗਿਆ ਹੈ ਜੋ ਕਿ ਉਨ੍ਹਾਂ ਲਈ ਫਖ਼ਰ ਵਾਲੀ ਗੱਲ ਹੈ। ਇਸ ਸਮੇਂ ਆਹੀ ਓਪਣਾ ਸੁਨੇਹਾ ਦੇਣ 'ਚ ਸਫਲ ਰਹੇ ਕਿ ਜਿਵੇਂ ਪਤੰਗ ਜਿੰਨਾ ਮਰਜ਼ੀ ਉੱਚਾ ਉੱਡ ਲਵੇ ਪਰ ਬੱਝਿਆ ਡੋਰ ਨਾਲ ਹੀ ਰਹਿੰਦਾ ਹੈ ਉਵੇਂ ਹੀ ਭਾਵੇਂ ਅਸੀਂ ਏਥੇ ਕਿੰਨੀ ਹੀ ਤਰੱਕੀ ਕਰ ਲਈਏ ਪਰ ਸਾਡੀ ਹੋਂਦ ਤਦ ਹੀ ਬਰਕਰਾਰ ਰਹੂ ਜੇ ਅਸੀਂ ਆਪਣੀ ਮਾਂ ਬੋਲੀ ਦੀ ਡੋਰ ਨਾਲ ਬੱਝੇ ਰਹੇ। ਇਸ ਮੌਕੇ ਉਨ੍ਹਾਂ ਦੀ ਕਿਤਾਬ ' ਜੇ ਤੂੰ ਆਜੇਂ ' ਦੀ ਘੁੰਢ ਚੁਕਾਈ ਦੀ ਰਸਮ ਅਦਾ ਕੀਤੀ ਗਈ। ਉਨ੍ਹਾਂ ਨੂੰ ਇਸ ਮੌਕੇ ਸਨਮਾਨ ਦੇ ਕੇ ਨਿਵਾਜ਼ਿਆ ਗਿਆ ।ਆਪਣੇ ਪਤੀ ਦੀ ਯਾਦ ਨੂੰ ਸਮਰਪਿਤ ਕਰਦੀ ਆਪਣੀ ਪੁਸਤਕ ' ਜੇ ਤੂੰ ਆਜੇਂ" ਵਿਚੋਂ ਕੁਝ ਦਰਦਾਂ ਦੀ ਗੱਲ ਕਰਦੀ ਹੋਈ :

'ਦਰਦਾਂ ਦਾ ਸਿਰਨਾਵਾਂ ਲਿਖਦੀ , ਗੀਤ ਲਿਖਾਂ ਮੈਂ ਤੇਰੇ ਵੇ'।
'ਤੂੰ ਕੀ ਰੁੱਸਿਆ ਜੰਨਤ ਖੁੱਸ ਗਈ , ਖੁੱਸਿਆ ਹਰ ਰੰਗ ਮੇਰਾ ਵੇ'।

ਉਨ੍ਹਾਂ ਦੇ ਕਾਵਿ-ਰੰਗ 'ਚੋਂ ਹੀ ਕੁਝ ਹੋਰ ਪੰਕਤੀਆਂ:

ਸਦੀਆਂ ਜਿਉਂ ਵਰ੍ਹੇ ਲੰਘੇ , ਰਿਹਾ ਇੰਤਜ਼ਾਰ ਏ।
ਲੱਗ ਜਾ ਆ ਸੀਨੇ ਆਉਂਦਾ ਤੇਰਾ ਬੜਾ ਪਿਆਰ ਏ।
ਰਾਤਾਂ ਨੇ ਲੰਘਾਈਆਂ ਅਸਾਂ ਅੱਖਾਂ ਵਿੱਚ ਸੋਹਣਿਆ।
ਕਰ ਕਰ ਚੇਤੇ ਇਕਰਾਰ ਮਨਮੋਹਣਿਆ।
ਬਣ ਗਈ ਸੌਕਣ ਇਹ ਸਮੇਂ ਦੀ ਦੀਵਾਰ ਏ।
ਸਦੀਆਂ ਜਿਉਂ ਵਰ੍ਹੇ ਲੰਘੇ , ਕੀਤਾ ਇੰਤਜ਼ਾਰ ਏ।
ਯਾਦ ਤੇਰੀ ਆਈ ਲਿਆ ਫੋਟੋ ਸੀਨੇ ਲਾਸੀ
ਫੋਟੋ ਤਾਈਂ ਲਿਆ ਮੈਂ ਤਬੀਤ 'ਚ ਮੜ੍ਹਾਸੀ।
ਜਦੋਂ ਚਿੱਤ ਕੀਤਾ ! ਕੀਤਾ ਰੱਜ ਕੇ ਦੀਦਾਰ ਏ।
ਸਦੀਆਂ ਜਿਉਂ ਵਰ੍ਹੇ ਲੰਘੇ , ਕੀਤਾ ਇੰਤਜ਼ਾਰ ਏ।
ਗਹਿਣੇ ਨਾ ਸੁਹਾਉਣ ਭਾਉਣ ਮਨ ਨੂੰ ਨਾ ਚੂੜੀਆਂ।
ਮੱਥੇ ਦਾ ਸ਼ਿੰਗਾਰ ਬਣੇ ਗੁੱਸਾ ਤੇ ਤਿਊੜੀਆਂ।
ਵੱਢ ਖਾਣ ਆਉਂਦਾ ਤੇਰੇ ਬਿਨ੍ਹਾ ਘਰ-ਵਾਰ ਵੇ।
ਸਦੀਆਂ ਜਿਉਂ ਵਰ੍ਹੇ ਲੰਘੇ , ਕੀਤਾ ਇੰਤਜ਼ਾਰ ਏ।
ਸਾਡੀ ਮਜਬੂਰੀ ਸਾਡੇ ਚਾਵਾਂ ਤਾਈਂ ਮਾਰਿਆ
ਜਾਣਦੈ ਹੈ 'ਆਹੀ' ਜਿਸ ਕਲਾਪਾ ਹੈ ਗੁਜ਼ਾਰਿਆ।
ਮੁੱਦਤੋਂ ਪਿਆਸੀ ਰੂਹ ਨੂੰ ਸੀਨੇ ਲੱਗ ਤਾਰ ਵੇ।
ਸਦੀਆਂ ਜਿਉਂ ਵਰ੍ਹੇ ਲੰਘੇ, ਕੀਤਾ ਇੰਤਜ਼ਾਰ ਏ।

ਆਹੀ ਨੇ ਆਪਣੇ ਕਾਵਿ ਰਚਨਾ ਵਿੱਚ ਵਸਦਾ ਰਹੇ ਪੰਜਾਬ , ਬਾਬਾ ਨਾਨਕ , ਗੁਰੂ ਗੋਬਿੰਦ ਸਿੰਘ , ਮਾਂ ਹੈ ਠੰਡੜੀ ਛਾਂ , ਹਿੰਦ ਰੂਸ ਦੀ ਦੋਸਤੀ , ਸਿੱਖੀ ਨਾਨਕ ਦੀ , ਆਦਿ ਨੂੰ ਪੇਸ਼ ਕੀਤਾ ਹੈ । ਉਸ ਨੇ ਦੇਸ਼ ਪ੍ਰੇਮ ਅਤੇ ਧਾਰਮਿਕ ਕਵਿਤਾਵਾਂ ਦੀ ਸਿਰਜਣਾ ਕਰਕੇ ਸਮਾਜ ਨੂੰ ਇੱਕ ਅਣਮੋਲ ਸਾਹਿਤਕ ਸੁਨੇਹਾ ਦੇਣ ਦਾ ਯਤਨ ਕਿ ਉਹ ਪੰਜਾਬੀ ਸਭਿਆਚਾਰ ਦੀ ਸੇਵਾ ਆਪਣੇ ਆਖਰੀ ਸਵਾਸਾਂ ਤੱਕ ਕਰਨ ਲਈ ਦੁਆਵਾਂ ਮੰਗਦੀ ਹੈ ।

ਉਸਦੇ ਸਰੋਤੇ ਅਤੇ ਪਾਠਕ ਉਸ ਦੇ ਜ਼ਜ਼ਬੇ ਨੂੰ ਹਮੇਸ਼ਾ ਹੋਰ ਨਵੀਆਂ ਕ੍ਰਿਤਾਂ ਉਲੀਕਣ ਲਈ ਹੋਰ ਵਧੇਰੇ ਤਕੜਾ ਕਰਦੇ ਰਹਿੰਦੇ ਹਨ। ਉਹ ਜਿਸ ਮੁਕਾਮ ਤੇ ਐਨੀਆਂ ਜ਼ਿਆਦਾ ਜ਼ਿੰਦਗੀ ਦੀਆਂ ਉਲਝੀਆਂ ਤਾਣੀਆਂ ਨੂੰ ਸੁਲਝਾਉਂਦੀ ਹੋਈ ਪਹੁੰਚੀ ਹੈ ਸੱਚ ਮੁੱਚ ਉਸ ਨੂੰ ਸਲਾਮ! ਸ਼ਾਲਾ ਉਹ ਕਾਵਿ-ਰੰਗ ਵਿੱਚ ਹੋਰ ਵਧੇਰੇ ਉਡਾਰੀਆ ਲਾ ਕੇ ਪੰਜਾਬੀ ਸਾਹਿਤ ਦੇ ਅਮੀਰ ਵਿਰਸੇ ਨੂੰ ਆਲੇ ਦੁਆਲੇ ਦੂਰ ਤੱਕ ਬੈਠੇ ਪੰਜਾਬੀਆਂ ਤੱਕ ਮਹਿਕਾ ਸਕੇ।

– ਮੇਜਰ ਸਿੰਘ ਨਾਭਾ ਮੋ: 9463553962

# 11 ਅਕਤੂਬਰ ਲਈ ਅੰਤਰਰਾਸ਼ਟਰੀ ਬਾਲੜੀ ਦਿਵਸ ਸਬੰਧੀ ਵਿਸ਼ੇਸ਼




ਕੁਲਦੀਪ ਚੰਦ
91-9417563054

ਅੰਤਰਰਾਸ਼ਟਰੀ ਸੰਸਥਾ ਯੂਨੀਸੈਫ ਦੁਆਰਾ ਹਰ ਸਾਲ 11 ਅਕਤੂਬਰ ਨੂੰ ਅੰਤਰਰਾਸ਼ਟਰੀ ਬਾਲੜੀ ਦਿਵਸ ਮਨਾਇਆ ਜਾਂਦਾ ਹੈ। ਪਹਿਲੀ ਵਾਰ ਇਹ ਸਾਲ 2012 ਵਿੱਚ ਮਨਾਇਆ ਗਿਆ। ਬਾਲੜੀਆਂ ਨੂੰ ਮੁੱਦਤ ਤੋਂ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਬਾਲ ਵਿਆਹ ਇਸ ਸ਼ੋਸ਼ਣ ਦਾ ਸਭ ਤੋਂ ਘਟੀਆ ਰੂਪ ਹੈ। ਇਸ ਨਾਲ ਬਾਲੜੀਆਂ ਜਿੱਥੇ ਪੜ੍ਹਾਈ ਤੋਂ ਬਾਂਝੀਆਂ ਰਹਿ ਜਾਂਦੀਆਂ ਹਨ ਉੱਥੇ ਹੀ ਛੋਟੀ ਉਮਰ ਵਿੱਚ ਕਮਜ਼ੋਰ ਬੱਚੇ ਪੈਦਾ ਕਰ ਕੇ ਪੂਰੇ ਸਮਾਜ ਵਿੱਚ ਸਿਹਤ ਦੀ ਸਮੱਸਿਆ ਦਾ ਕਾਰਨ ਬਣਦੀਆਂ ਹਨ। ਬਾਲੜੀ ਦਿਵਸ ਨਾਲ ਜੁੜੇ ਮੁੱਖ ਮੁੱਦੇ ਪੜਾਈ ਦੌਰਾਨ ਸਕੂਲ ਛੱਡਣਾ, ਜਬਰ ਜਨਾਹ ਦੀਆਂ ਘਟਨਾਵਾਂ, ਬਾਲੜੀ ਵਿਆਹ, ਲਿੰਗ ਆਧਾਰਿਤ ਸ਼ੋਸ਼ਣ ਤੇ ਹਿੰਸਾ, ਬਾਲੜੀਆਂ ਦੀ ਵਿੱਦਿਆ ਸਮੱਸਿਆ ਆਦਿ ਸ਼ਾਮਿਲ ਹਨ। 19 ਦਸੰਬਰ 2011 ਨੂੰ ਯੂਨਾਈਟਿਡ ਨੇਸ਼ਨ ਜਨਰਲ ਅਸੈਂਬਲੀ ਨੇ 11 ਅਕਤੂਬਰ 2012 ਨੂੰ ਅੰਤਰਰਾਸ਼ਟਰੀ ਬਾਲੜੀ ਦਿਵਸ ਵਜੋਂ ਮਨਾਉਣ ਦਾ ਮਤਾ ਪਾਸ ਕੀਤਾ। ਇਸ ਮਤੇ ਵਿੱਚ ਬਾਲੜੀਆਂ ਦੇ ਸਸ਼ਕਤੀਕਰਨ ਲਈ ਵੱਖ ਵੱਖ ਤਰੀਕਿਆਂ ਰਾਹੀਂ ਉਪਰਾਲੇ ਕਰਨ ਤੇ ਜੋਰ ਦਿੱਤਾ ਗਿਆ ਸੀ। ਮਹਿਲਾਵਾਂ ਅਤੇ ਲੜਕੀਆਂ ਦੇ ਅਧਿਕਾਰਾਂ ਲਈ ਪੁਕਾਰ ਪਹਿਲੀ ਵਾਰ 1995 ਵਿੱਚ ਬੀਜਿੰਗ ਵਿੱਚ ਔਰਤਾਂ ਬਾਰੇ ਵਿਸ਼ਵ ਕਾਨਫਰੰਸ ਵਿੱਚ ਬੀਜਿੰਗ ਐਲਾਨਨਾਮੇ ਦੁਆਰਾ ਕੀਤੀ ਗਈ ਸੀ। ਦੁਨੀਆ ਦੇ ਇਤਿਹਾਸ ਵਿੱਚ ਇਹ ਸਭ ਤੋਂ ਪਹਿਲਾ ਬਲੂਪ੍ਰਿੰਟ ਸੀ ਜਿਸ ਨੇ ਪੂਰੀ ਦੁਨੀਆ ਵਿੱਚ ਕਿਸ਼ੋਰ ਲੜਕੀਆਂ ਦੁਆਰਾ ਦਰਪੇਸ਼ ਮੁੱਦਿਆਂ ਨੂੰ ਹੱਲ ਕਰਨ ਦੀ ਜ਼ਰੂਰਤ ਦੀ ਪਛਾਣ ਕੀਤੀ ਸੀ। ਅੰਤਰਰਾਸਟਰੀ ਏਜੰਸੀਆਂ ਅਨੁਸਾਰ ਦੁਨੀਆ ਭਰ ਵਿੱਚ 62 ਮਿਲੀਅਨ ਤੋਂ ਵੱਧ ਲੜਕੀਆਂ ਦੀ ਸਿੱਖਿਆ ਤੱਕ ਪਹੁੰਚ ਨਹੀਂ ਹੈ, 5 ਤੋਂ 14 ਸਾਲ ਦੀ ਉਮਰ ਦੀਆਂ ਕੁੜੀਆਂ ਉਸੇ ਉਮਰ ਦੇ ਲੜਕਿਆਂ ਨਾਲੋਂ ਘਰੇਲੂ ਕੰਮਾਂ ਵਿੱਚ 160 ਮਿਲੀਅਨ ਘੰਟੇ ਜ਼ਿਆਦਾ ਬਿਤਾਉਂਦੀਆਂ ਹਨ, ਵਿਸ਼ਵ ਪੱਧਰ ਤੇ ਚਾਰ ਵਿੱਚੋਂ ਇੱਕ ਕੁੜੀ ਦਾ ਵਿਆਹ 18 ਸਾਲ ਦੀ ਉਮਰ ਤੋਂ ਪਹਿਲਾਂ ਹੋ ਜਾਂਦਾ ਹੈ। ਸੰਯੁਕਤ ਰਾਸ਼ਟਰ ਨੇ ਦੁਨੀਆ ਭਰ ਦੇ ਦੇਸ਼ਾਂ ਅਤੇ ਪਰਿਵਾਰਾਂ ਨੂੰ 11 ਅਕਤੂਬਰ 2016 ਨੂੰ ਬਾਲ ਵਿਆਹ ਪ੍ਰਥਾ ਨੂੰ ਖਤਮ ਕਰਨ ਦੀ ਅਪੀਲ ਕੀਤੀ। ਦੁਨੀਆ ਭਰ ਵਿੱਚ ਬਹੁਤ ਸਾਰੀਆਂ ਕੁੜੀਆਂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ ਅਤੇ ਅਕਸਰ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲਦੀ। ਅੰਤਰਰਾਸ਼ਟਰੀ ਗੈਰ ਸਰਕਾਰੀ ਸੰਸਥਾ ਪਲਾਨ ਇੰਟਰਨੈਸ਼ਨਲ ਦੀ ਮੁਹਿੰਮ "ਕਿਉਂਕਿ ਮੈਂ ਇੱਕ ਕੁੜੀ ਹਾਂ'' ਦੇ ਹਿੱਸੇ ਵਜੋਂ ਅੰਤਰਰਾਸ਼ਟਰੀ ਬਾਲਿਕਾ ਦਿਵਸ ਦੀ ਸ਼ੁਰੂਆਤ ਹੋਈ। ਪਲਾਨ ਇੰਟਰਨੈਸ਼ਨਲ ਇੱਕ ਗੈਰ-ਸਰਕਾਰੀ ਸੰਸਥਾ ਹੈ ਜੋ ਦੁਨੀਆ ਭਰ ਦੇ ਲਗਭਗ 70 ਦੇਸ਼ਾਂ ਵਿੱਚ ਕੰਮ ਕਰਦੀ ਹੈ। ਇਸਨੇ 2007 ਵਿੱਚ ਮੁਹਿੰਮ ਦੀ ਅਗਵਾਈ ਕੀਤੀ ਸੀ ਜਿਸਦਾ ਉਦੇਸ਼ ਵਿਸ਼ਵ ਪੱਧਰ ਤੇ ਅਤੇ ਖਾਸ ਤੌਰ ਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਲੜਕੀਆਂ ਦੇ ਪਾਲਣ ਪੋਸ਼ਣ ਦੀ ਜ਼ਰੂਰਤ ਬਾਰੇ ਜਾਗਰੂਕਤਾ ਫੈਲਾਉਣਾ ਸੀ। ਕੈਨੇਡਾ ਵਿੱਚ ਪਲਾਨ ਇੰਟਰਨੈਸ਼ਨਲ ਦੇ ਨੁਮਾਇੰਦਿਆਂ ਨੇ ਅੰਤਰਰਾਸ਼ਟਰੀ ਪੱਧਰ ਤੇ ਪਹਿਲਕਦਮੀ ਬਾਰੇ ਜਾਗਰੂਕਤਾ ਪੈਦਾ ਕਰਨ ਵਾਲੇ ਸਮਰਥਕਾਂ ਦੇ ਗੱਠਜੋੜ ਦੀ ਮੰਗ ਕਰਨ ਲਈ ਕੈਨੇਡੀਅਨ ਫੈਡਰਲ ਸਰਕਾਰ ਨਾਲ ਸੰਪਰਕ ਕੀਤਾ। ਅੰਤ ਵਿੱਚ ਪਲਾਨ ਇੰਟਰਨੈਸ਼ਨਲ ਨੇ ਸੰਯੁਕਤ ਰਾਸ਼ਟਰ ਨੂੰ ਸ਼ਾਮਲ ਹੋਣ ਦੀ ਅਪੀਲ ਕੀਤੀ। ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ ਮਤੇ ਵਿੱਚ ਕਿਹਾ ਗਿਆ ਹੈ ਕਿ ਲੜਕੀਆਂ ਦਾ ਦਿਵਸ ਲੜਕੀਆਂ ਦੇ ਸਸ਼ਕਤੀਕਰਨ ਅਤੇ ਨਿਵੇਸ਼ ਜੋ ਆਰਥਿਕ ਵਿਕਾਸ ਲਈ ਮਹੱਤਵਪੂਰਨ ਹਨ ਗਰੀਬੀ ਅਤੇ ਅਤਿ-ਗਰੀਬੀ ਦੇ ਖਾਤਮੇ ਸਮੇਤ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ ਵਿੱਚ ਲੜਕੀਆਂ ਦੀ ਸਾਰਥਕ ਭਾਗੀਦਾਰੀ ਮੁੱਖ ਹੈ ਨੂੰ ਮਾਨਤਾ ਦਿੰਦਾ ਹੈ। ਹਰ ਸਾਲ ਇਸ ਦਿਨ ਦਾ ਇੱਕ ਵਿਸ਼ੇਸ਼ ਥੀਮ ਹੁੰਦਾ ਹੈ। ਬਾਲੜੀਆਂ ਦੇ ਦਿਵਸ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਦੇਸ਼ਾਂ ਵਿੱਚ ਸਮਾਗਮਾਂ ਦੀ ਯੋਜਨਾ ਬਣਾਈ ਗਈ ਹੈ। ਕੁਝ ਪ੍ਰੋਗਰਾਮ ਸੰਯੁਕਤ ਰਾਸ਼ਟਰ ਦੁਆਰਾ ਸਪਾਂਸਰ ਕੀਤੇ ਜਾਂਦੇ ਹਨ, ਕੁੱਝ ਗੈਰ-ਸਰਕਾਰੀ ਸੰਸਥਾਵਾਂ ਜਿਵੇਂ ਕਿ ਗਰਲ ਗਾਈਡਜ਼ ਆਸਟਰੇਲੀਆ ਵੀ ਗਤੀਵਿਧੀਆਂ ਦਾ ਸਮਰਥਨ ਕਰਦੀਆਂ ਹਨ ਅਤੇ ਕੁੱਝ ਸਥਾਨਕ ਸੰਸਥਾਵਾਂ ਨੇ ਵੀ ਅਪਣੇ ਅਪਣੇ ਈਵੈਂਟ ਤਿਆਰ ਕੀਤੇ ਹਨ। ਇਸ ਸਾਲ ਅਸੀਂ ਅੰਤਰਰਾਸ਼ਟਰੀ ਬਾਲੜੀ ਦਿਵਸ ਦੀ 10ਵੀਂ ਵਰ੍ਹੇਗੰਢ ਮਨਾਉਣ ਜਾ ਰਹੇ ਹਾਂ। ਇਹਨਾਂ 10 ਸਾਲਾਂ ਵਿੱਚ ਸਰਕਾਰਾਂ, ਨੀਤੀ ਨਿਰਮਾਤਾਵਾਂ ਅਤੇ ਆਮ ਲੋਕਾਂ ਵਲੋਂ ਕੁੜੀਆਂ ਨਾਲ ਜੁੜ੍ਹੇ ਮਹੱਤਵਪੂਰਨ ਮੁੱਦਿਆਂ ਤੇ ਧਿਆਨ ਵਧਾਇਆ ਗਿਆ ਹੈ ਅਤੇ ਲੜਕੀਆਂ ਲਈ ਵਿਸ਼ਵ ਪੱਧਰ ਤੇ ਅਪਣੀ ਆਵਾਜ਼ ਪਹੁੰਚਾਣ ਦੇ ਵਧੇਰੇ ਮੌਕੇ ਪੈਦਾ ਕੀਤੇ ਗਏ ਹਨ ਫਿਰ ਵੀ ਲੜਕੀਆਂ ਦੇ ਅਧਿਕਾਰਾਂ ਵਿੱਚ ਨਿਵੇਸ਼ ਸੀਮਤ ਰਹਿੰਦਾ ਹੈ ਅਤੇ ਲੜਕੀਆਂ ਆਪਣੀ ਸਮਰੱਥਾ ਨੂੰ ਪੂਰਾ ਕਰਨ ਲਈ ਅਣਗਿਣਤ ਚੁਣੌਤੀਆਂ ਦਾ ਸਾਹਮਣਾ ਕਰਨਾ ਜਾਰੀ ਰੱਖਦੀਆਂ ਹਨ। ਜਲਵਾਯੂ ਪਰਿਵਰਤਨ, ਕੋਵਿਡ-19 ਅਤੇ ਮਾਨਵਤਾਵਾਦੀ ਸੰਘਰਸ਼ ਦੇ ਸਮਕਾਲੀ ਸੰਕਟਾਂ ਦੁਆਰਾ ਬਦਤਰ ਬਣਾਇਆ ਗਿਆ ਹੈ।

ਕੁੜੀਆਂ ਅਪਣੀ ਸਿੱਖਿਆ, ਆਪਣੀ ਸ਼ਰੀਰਕ ਅਤੇ ਮਾਨਸਿਕ ਤੰਦਰੁਸਤੀ ਅਤੇ ਹਿੰਸਾ ਰਹਿਤ ਜ਼ਿੰਦਗੀ ਲਈ ਲੋੜੀਂਦੀਆਂ ਸੁਰੱਖਿਆਵਾਂ ਲਈ ਬੇਮਿਸਾਲ ਚੁਣੌਤੀਆਂ ਦਾ ਸਾਹਮਣਾ ਕਰਨਾ ਜਾਰੀ ਰੱਖਦੀਆਂ ਹਨ। ਅਪਾਹਜ ਲੜਕੀਆਂ ਨੂੰ ਸਹਾਇਤਾ ਅਤੇ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਵਾਧੂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੋਵਿਡ-19 ਨੇ ਦੁਨੀਆ ਭਰ ਦੀਆਂ ਕੁੜੀਆਂ ਤੇ ਮੌਜੂਦਾ ਬੋਝ ਨੂੰ ਹੋਰ ਵਧਾਇਆ ਅਤੇ ਵਿਗਾੜ ਦਿੱਤਾ ਹੈ ਅਤੇ ਪਿਛਲੇ ਦਹਾਕੇ ਦੌਰਾਨ ਕੀਤੇ ਮਹੱਤਵਪੂਰਨ ਲਾਭਾਂ ਨੂੰ ਕਾਫੀ ਹੱਦ ਤੱਕ ਖਤਮ ਹੀ ਕਰ ਦਿੱਤਾ ਹੈ। ਇਸ ਕਾਰਨ ਆਈ ਆਰਥਿਕ ਕਮਜੋਰੀ ਅਤੇ ਸਕੂਲ ਬੰਦ ਹੋਣ ਅਤੇ ਪ੍ਰਜਨਨ ਸਿਹਤ ਸੇਵਾਵਾਂ ਵਿੱਚ ਰੁਕਾਵਟਾਂ ਦੇ ਸੁਮੇਲ ਕਾਰਨ ਲੜਕੀਆਂ ਨੂੰ ਘੱਟ ਉਮਰ ਦੇ ਵਿਆਹ ਦੇ ਵਧੇਰੇ ਜੋਖਮ ਵਿੱਚ ਪਾ ਰਹੇ ਹਨ ਅਤੇ ਲੱਗਭੱਗ 10 ਮਿਲੀਅਨ ਲੜਕੀਆਂ ਬਾਲ ਵਿਆਹ ਦੇ ਖ਼ਤਰੇ ਵਿੱਚ ਰਹਿਣਗੀਆਂ। ਭਾਰਤ ਵਿੱਚ ਬਾਲੜੀਆਂ ਪਿਛਲੇ ਕਈ ਦਹਾਕਿਆਂ ਤੋਂ ਚਰਚਾ ਅਤੇ ਬਹਿਸ ਦਾ ਵਿਸ਼ਾ ਰਹੀਆਂ ਹਨ। ਕੁੜੀਆਂ ਨੂੰ ਬਹੁਤੇ ਪਰਿਵਾਰਾਂ ਵਿੱਚ ਅਕਸਰ ਹੀ ਇੱਕ ਅਣਚਾਹਿਆ ਬੱਚਾ ਮੰਨਿਆ ਜਾਂਦਾ ਹੈ ਅਤੇ ਇਸਤੋਂ ਛੁਟਕਾਰਾ ਪਾਉਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ। ਇੱਕ ਪਾਸੇ ਅਸੀਂ ਕੁੜੀਆਂ ਨੂੰ ਦਫਤਰਾਂ ਵਿਚ ਉੱਚ ਅਹੁਦਿਆਂ ਤੇ ਬਿਰਾਜਮਾਨ ਪ੍ਰਧਾਨ ਮੰਤਰੀ, ਰਾਸ਼ਟਰਪਤੀ, ਸਪੀਕਰ, ਮੁੱਖ ਮੰਤਰੀ, ਗਵਰਨਰ, ਡੀ ਸੀ, ਪੁਲਿਸ ਅਫਸਰ, ਇੰਜੀਨੀਅਰ, ਡਾਕਟਰ, ਮੈਨੇਜਰ ਆਦਿ ਵਜੋਂ ਦੇਖਦੇ ਹਾਂ ਪਰ ਇਸ ਸਭ ਦੇ ਬਾਬਜੂਦ ਕੁੜੀਆਂ ਦੇ ਪੇਸ਼ਿਆਂ ਵਿੱਚ ਦਾਖਲ ਹੋਣ ਦੇ ਨਾਲ ਉਨ੍ਹਾਂ ਵਿਰੁੱਧ ਅਪਰਾਧਾਂ ਦੇ ਗ੍ਰਾਫ ਵਿੱਚ ਲਗਾਤਾਰ ਵਾਧਾ ਹੁੰਦਾ ਹੈ। ਭਾਰਤੀ ਆਬਾਦੀ ਦੇ ਵੱਡੇ ਹਿੱਸੇ ਵਾਲੇ ਪੇਂਡੂ ਖੇਤਰਾਂ ਵਿੱਚ ਕੁੜੀਆਂ ਪ੍ਰਤੀ ਆਮ ਰਵੱਈਏ ਵਿੱਚ ਕੋਈ ਖਾਸ ਤਬਦੀਲੀ ਨਜਰ ਨਹੀਂ ਆਂਦੀ ਹੈ। ਬਹੁਤੇ ਪਰਿਵਾਰਾਂ ਵਿੱਚ ਅਜੇ ਵੀ ਇਹ ਹੀ ਮੰਨਿਆ ਜਾਂਦਾ ਹੈ ਕਿ ਲੜਕੀਆਂ ਲਈ ਸਿੱਖਿਆ ਬੇਕਾਰ ਹੈ, ਉਹਨਾਂ ਨੂੰ ਘਰ ਦੇ ਕੰਮ, ਬੱਚੇ ਪੈਦਾ ਕਰਨ ਅਤੇ ਬੱਚੇ ਦੇ ਪਾਲਣ-ਪੋਸ਼ਣ ਤੇ ਸਾਰਾ ਧਿਆਨ ਦੇਣਾ ਪੈਂਦਾ ਹੈ। ਲੜਕੀਆਂ ਨੂੰ ਅੱਜ ਵੀ ਇੱਕ ਵਿਅਕਤੀਗਤ ਮਨੁੱਖ ਦੀ ਬਜਾਏ ਵਸਤੂ ਮੰਨਿਆ ਜਾਂਦਾ ਹੈ। ਸ਼ਹਿਰੀ ਖੇਤਰਾਂ ਵਿਚ ਵੀ ਲੜਕੀਆਂ ਦੀਆਂ ਸੰਭਾਵਨਾਵਾਂ ਉਜਵਲ ਨਹੀਂ ਹਨ। ਬੇਸ਼ੱਕ ਉਹ ਦਫ਼ਤਰਾਂ ਵਿੱਚ ਰੁਤਬੇ ਅਤੇ ਅਹੁਦਿਆਂ ਨੂੰ ਹਾਸਲ ਕਰ ਰਹੀਆਂ ਹਨ ਪਰ ਅਕਸਰ ਹੀ ਉਨ੍ਹਾਂ ਨੂੰ ਦਫ਼ਤਰਾਂ ਵਿਚ ਮਰਦਾਂ ਦੇ ਬਰਾਬਰ ਦਾ ਸਨਮਾਨ ਨਹੀਂ ਮਿਲਦਾ। ਇਸ ਤੋਂ ਇਲਾਵਾ ਔਰਤ ਘਰ ਤੋਂ ਬਾਹਰ ਭਾਵੇਂ ਕੋਈ ਵੀ ਰੁਤਬਾ ਹਾਸਲ ਕਰ ਲਵੇ ਘਰ ਦੇ ਅੰਦਰ ਉਹ ਆਮ ਤੌਰ ਤੇ ਇਕ ਮੁੱਫਤ ਦੀ ਨੌਕਰ ਹੀ ਬਣੀ ਹੋਈ ਹੈ। ਇਹ ਪ੍ਰਤੀਤ ਹੁੰਦਾ ਹੈ ਕਿ ਸਿੱਖਿਆ ਅਤੇ ਵਿੱਤੀ ਸੁਤੰਤਰਤਾ ਨੇ ਵੀ ਉਨ੍ਹਾਂ ਦੀ ਹਾਲਤ ਨੂੰ ਸੁਧਾਰਨ ਵਿੱਚ ਬਹੁਤੀ ਮੱਦਦ ਨਹੀਂ ਕੀਤੀ ਹੈ। ਹਰ ਰੋਜ਼ ਨਿੱਕੀਆਂ ਮਾਸੂਮ ਬੱਚੀਆਂ ਦੇ ਬਲਾਤਕਾਰ ਹੋ ਰਹੇ ਹਨ। ਉਹਨਾਂ ਨੂੰ ਸਕੂਲਾਂ ਵਿੱਚ ਭੇਜਣ ਦੀ ਥਾਂ ਤੇ ਘਰਾਂ ਵਿੱਚ ਨੌਕਰਾਂ ਦੀ ਤਰ੍ਹਾਂ ਕੰਮ ਕਰਵਾਇਆ ਜਾਂਦਾ ਹੈ। ਨਵਜੰਮੀਆਂ ਬੱਚੀਆਂ ਨੂੰ ਕੂੜੇ ਦੇ ਢੇਰਾਂ ਤੇ ਅਤੇ ਨਾਲੇ-ਨਾਲੀਆਂ ਵਿੱਚ ਸੁੱਟਿਆ ਜਾ ਰਿਹਾ ਹੈ ਜਿੱਥੇ ਕਿ ਕੁੱਤੇ ਅਤੇ ਹੋਰ ਜੰਗਲੀ ਜਾਨਵਰ ਉਹਨਾਂ ਦਾ ਮਾਸ ਨੋਚ-ਨੋਚ ਕੇ ਖਾ ਰਹੇ ਹਨ। ਮੁੰਡਿਆਂ ਨੂੰ ਕੁੜੀਆਂ ਦੇ ਮੁਕਾਬਲੇ ਪਹਿਲ ਦਿੱਤੀ ਜਾਂਦੀ ਹੈ ਜਿਸ ਕਾਰਨ ਬਹੁਤੇ ਘਰਾਂ ਵਿੱਚ ਕੁੜੀਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਕੁੜੀਆਂ ਨੂੰ ਸਰਕਾਰੀ ਸਕੂਲਾਂ ਵਿੱਚ ਜਦਕਿ ਮੁੰਡਿਆਂ ਨੂੰ ਵਧੀਆਂ ਪ੍ਰਾਇਵੇਟ ਸਕੂਲਾਂ ਵਿੱਚ ਪੜ੍ਹਾਇਆਂ ਜਾਂਦਾ ਹੈ। ਮੁੰਡਿਆਂ ਨੂੰ ਕੁੜੀਆਂ ਦੇ ਮੁਕਾਬਲੇ ਵਧੀਆਂ ਕੱਪੜੇ, ਵਧੀਆਂ ਖਾਣਾ ਅਤੇ ਜ਼ਿਆਦਾ ਜੇਬ ਖਰਚ ਦਿੱਤਾ ਜਾਂਦਾ ਹੈ ਜਦਕਿ ਕੁੜੀਆਂ ਨੂੰ ਪਰਾਏ ਘਰ ਜਾਣ ਵਾਲੀ ਕਹਿ ਕੇ ਤਰਸਯੋਗ ਹਾਲਤ ਤੇ ਹੀ ਛੱਡਿਆ ਜਾਂਦਾ ਹੈ। ਭਾਰਤ ਦੀ ਆਬਾਦੀ ਵਿਚ ਲਗਾਤਾਰ ਵਾਧਾ ਦਰਜ ਕੀਤਾ ਜਾ ਰਿਹਾ ਹੈ ਪਰ ਜੇਕਰ ਕੁਝ ਘਟਿਆ ਹੈ ਤਾਂ ਉਹ ਹੈ 0-6 ਸਾਲ ਦਾ ਬਾਲ ਲਿੰਗ ਅਨੁਪਾਤ। ਭਾਰਤ ਵਿਚ 1991 ਦੀ ਮਰਦਮਸ਼ੁਮਾਰੀ ਵਿਚ ਪ੍ਰਤੀ 1000 ਮੁੰਡਿਆਂ ਦੇ ਮੁਕਾਬਲੇ 945 ਕੁੜੀਆਂ ਸਨ ਜੋਕਿ 2011 ਵਿੱਚ ਘਟਕੇ 914 ਰਹਿ ਗਈਆਂ ਹਨ। ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਵਿੱਚ 2011 ਵਿੱਚ ਇਨ੍ਹਾਂ ਦੀ ਗਿਣਤੀ 867 ਰਹਿ ਗਈ ਹੈ, ਹਰਿਆਣਾ ਵਿੱਚ ਇਨ੍ਹਾਂ ਦੀ ਗਿਣਤੀ 830 ਰਹਿ ਗਈ ਹੈ, ਹਿਮਾਚਲ ਪ੍ਰਦੇਸ਼ ਵਿੱਚ ਇਹ ਗਿਣਤੀ ਘੱਟ ਕੇ 906 ਰਹਿ ਗਈ ਹੈ, ਜੰਮੂ ਕਸ਼ਮੀਰ ਵਿੱਚ ਇਹ ਗਿਣਤੀ 859 ਹੋ ਗਈ ਹੈ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ 130 ਮਿਲੀਅਨ ਬੱਚੇ ਸਕੂਲ ਨਹੀਂ ਜਾਂਦੇ ਹਨ ਜਿਹਨਾਂ ਵਿੱਚੋਂ 60 ਫੀਸਦੀ ਲੜਕੀਆਂ ਹੀ ਹਨ। 2011 ਦੀ ਜਨਗਣਨਾ ਅਨੁਸਾਰ ਦੇਸ਼ ਵਿੱਚ ਲੱਗਭੱਗ 11 ਫਿਸਦੀ ਸਕੂਲਾਂ ਅਤੇ 53 ਫਿਸਦੀ ਘਰਾਂ ਵਿੱਚ ਟੋਆਇਲਟ ਦੀ ਸਹੂਲਤ ਨਹੀਂ ਹੈ ਜਿਸਦਾ ਸਭ ਤੋਂ ਵੱਧ ਅਸਰ ਲੜਕੀਆਂ ਅਤੇ ਮਹਿਲਾਵਾਂ ਤੇ ਹੀ ਪੈਂਦਾ ਹੈ। ਇੱਕ ਗੈਰ ਸਰਕਾਰੀ ਸੰਸਥਾ ਦੀ ਰਿਪੋਰਟ ਅਨੁਸਾਰ ਲੱਗਭੱਗ 63 ਫੀਸਦੀ ਲੜਕੀਆਂ ਨੇ ਮੰਨਿਆ ਕਿ ਉਹਨਾਂ ਦਾ ਗੰਭੀਰ ਸਰੀਰਕ ਸੋਸ਼ਣ ਜਾਂ ਬਲਾਤਕਾਰ ਕੀਤਾ ਗਿਆ ਅਤੇ 29 ਫੀਸਦੀ ਨਾਲ ਸਰੀਰਕ ਛੇੜਖਾਨੀ ਕੀਤੀ ਗਈ। ਹਰ ਰੋਜ ਔਸਤਨ 106 ਮਹਿਲਾਵਾਂ ਅਤੇ ਲੜਕੀਆਂ ਬਲਾਤਕਾਰ ਦਾ ਸ਼ਿਕਾਰ ਬਣਦੀਆਂ ਹਨ ਅਤੇ ਇਨ੍ਹਾਂ ਵਿੱਚੋਂ ਜਿਆਦਾ ਗਿਣਤੀ 12 ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਦੀ ਹੀ ਹੈ। ਰਾਸਟਰੀ ਅਪਰਾਧ ਰਿਕਾਰਡ ਬਿਉਰੋ ਦੀ ਰਿਪੋਰਟ ਅਨੁਸਾਰ ਸਾਲ 2019 ਵਿੱਚ ਬੱਚਿਆਂ ਨਾਲ ਅਪਰਾਧ ਸਬੰਧੀ 148185 ਮਾਮਲੇ ਰਜਿਸਟਰਡ ਹੋਏ ਹਨ।

ਬੱਚਿਆਂ ਨੂੰ ਯੋਨ ਸ਼ੋਸ਼ਣ ਤੋਂ ਬਚਾਉਣ ਲਈ ਲਾਗੂ ਕੀਤੇ ਗਏ ਵਿਸੇਸ ਕਨੂੰਨ ਪੋਕਸੋ ਐਕਟ 2012 ਅਧੀਨ 2019 ਵਿੱਚ 26192 ਕੇਸ ਰਜਿਸਟਰਡ ਕੀਤੇ ਗਏ ਹਨ। ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਅਪਰਾਧਾਂ ਵਿੱਚ ਸਾਮਿਲ ਵਿਅਕਤੀਆਂ ਵਿੱਚੋਂ 24672 ਬੱਚਿਆਂ ਦੇ ਜਾਣਕਾਰ ਹੀ ਸਨ ਅਤੇ 2153 ਅਪਰਾਧੀ ਪਰਿਵਾਰ ਦੇ ਹੀ ਮੈਂਬਰ ਸਨ। ਹਾਲਾਤ ਇੱਥੋਂ ਤੱਕ ਖਸਤਾ ਹੈ ਕਿ ਕਈ ਵਾਰ ਕਨੂੰਨ ਦੇ ਰਾਖੇ ਵੀ ਇਨ੍ਹਾਂ ਅਪਰਾਧਾਂ ਵਿੱਚ ਦੋਸ਼ੀ ਹੁੰਦੇ ਹਨ। ਇੱਕ ਪਾਸੇ ਦੇਸ਼ ਵਿੱਚ ਲੜਕੀਆਂ ਦੀ ਗਿਣਤੀ ਲੜਕਿਆਂ ਦੇ ਮੁਕਾਬਲੇ ਘਟਦੀ ਜਾ ਰਹੀ ਹੈ ਦੂਜੇ ਪਾਸੇ ਲੜਕੀਆਂ ਪ੍ਰਤੀ ਅਪਰਾਧ ਵੱਧ ਰਹੇ ਹਨ। ਸਾਡੇ ਦੇਸ਼ ਵਿੱਚ ਲੜਕੀਆਂ ਦੀ ਸਾਖਰਤਾ ਦਰ ਅਜੇ ਤੱਕ ਸਿਰਫ 53.87 ਫਿਸਦੀ ਹੈ ਅਤੇ ਹਰ ਤੀਜੀ ਲੜਕੀ ਖੁਰਾਕ ਦੀ ਘਾਟ ਕਾਰਨ ਅਨੀਮਿਕ ਹੈ। ਲੱਗਭੱਗ 9 ਫਿਸਦੀ ਲੜਕੀਆਂ ਅਜੇ ਵੀ ਉਮਰ ਤੋਂ ਪਹਿਲਾਂ ਹੀ ਮਾਂ ਬਣਦੀਆਂ ਹਨ। ਸਿਹਤ ਸਬੰਧੀ ਸਮੇਂ ਸਮੇਂ ਤੇ ਕਰਵਾਏ ਜਾਂਦੇ ਸਰਵੇਖਣਾਂ ਵਿੱਚ ਸਪੱਸ਼ਟ ਪਤਾ ਚੱਲਦਾ ਹੈ ਕਿ ਲੜਕੀਆਂ ਲੜਕਿਆਂ ਦੇ ਮੁਕਾਬਲੇ ਸਿਹਤ ਪੱਖੋਂ ਕਮਜ਼ੋਰ ਹਨ। ਦੇਸ਼ ਵਿੱਚ ਵੱਧ ਰਹੇ ਅਪਰਾਧਾਂ ਦਾ ਸਭਤੋਂ ਵੱਧ ਅਸਰ ਲੜਕੀਆਂ ਅਤੇ ਮਹਿਲਾਵਾਂ ਤੇ ਹੀ ਪੈ ਰਿਹਾ ਹੈ। ਲੜਕੀਆਂ ਤੇ ਵੱਧਦੇ ਤੇਜਾਬੀ ਹਮਲੇ, ਆਨਰ ਕਿਲਿੰਗ ਦੇ ਮਾਮਲੇ ਦੇਸ਼ ਵਿੱਚ ਲੜਕੀਆਂ ਦੀ ਸੁਰੱਖਿਆ ਦੇ ਪੋਲ ਖੋਲਦੇ ਹਨ। ਲੜਕੀਆਂ ਦੀ ਭਲਾਈ ਲਈ ਸਖਤ ਕਨੂੰਨ ਅਤੇ ਯੋਜਨਾਵਾਂ ਹੋਣ ਦੇ ਬਾਬਜੂਦ ਲੜਕੀਆਂ ਨਾਲ ਪੱਖਪਾਤ ਤੇ ਅਤਿਆਚਾਰ ਦੀਆਂ ਘਟਨਾਵਾਂ ਦਿਨ ਪ੍ਰਤੀ ਦਿਨ ਵੱਧ ਰਹੀਆਂ ਹਨ। ਸਿਹਤਮੰਦ ਅਤੇ ਸਿੱਖਿਅਤ ਕੰਨਿਆਵਾਂ ਆਉਣ ਵਾਲੇ ਸਮੇਂ ਦੀ ਮੁੱਖ ਜ਼ਰੂਰਤ ਹਨ ਕਿਉਂਕਿ ਇਹੀ ਆਉਣ ਵਾਲੇ ਸਮਾਜ ਨੂੰ ਸਹੀ ਰਾਹ ਦਿਖਾ ਸਕਦੀਆਂ ਹਨ। ਇੱਕ ਬੇਹਤਰੀਨ ਪਤਨੀ, ਮਾਂ, ਕਰਮਚਾਰੀ, ਨੇਤਾ ਅਤੇ ਹੋਰ ਖੇਤਰਾਂ ਵਿੱਚ ਇਹ ਆਪਣੇ ਯੋਗਦਾਨ ਰਾਹੀਂ ਦੇਸ਼ ਦੇ ਵਿਕਾਸ ਵਿੱਚ ਸਹਾਇਕ ਸਿੱਧ ਹੋਣਗੀਆਂ ਪਰ ਇਹ ਸਾਰਾ ਕੁਝ ਤਾਂ ਹੀ ਸੰਭਵ ਹੋਵੇਗਾ ਜਦੋਂ ਦੇਸ਼ ਵਿੱਚ ਕੰਨਿਆ ਜਨਮ ਦਰ ਵਿੱਚ ਵਾਧਾ ਹੋਵੇਗਾ ਅਤੇ ਬੱਚੀਆਂ ਸੁਰੱਖਿਅਤ ਹੋਣਗੀਆਂ ਅਤੇ ਉਨ੍ਹਾਂ ਨੂੰ ਵੀ ਵਿਕਸਿਤ ਹੋਣ ਦੇ ਬਰਾਬਰ ਮੌਕੇ ਮਿਲਣਗੇ। ਸਰਕਾਰ ਵਲੋਂ ਲੜਕੀਆਂ ਦੀ ਭਲਾਈ ਲਈ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ ਅਤੇ ਲੜਕੀਆਂ ਦੀ ਸੁਰੱਖਿਆ ਲਈ ਕਈ ਕਨੂੰਨ ਬਣਾਏ ਗਏ ਹਨ ਪਰ ਅਸਲੀਅਤ ਇਹ ਹੈ ਕਿ ਇਹ ਕਨੂੰਨ ਅਤੇ ਭਲਾਈ ਸਕੀਮਾਂ ਵੀ ਅਸਰਦਾਇਕ ਸਾਬਿਤ ਨਹੀਂ ਹੋ ਰਹੀਆਂ ਹਨ। ਲੜਕੀਆਂ ਦੀ ਸੁਰੱਖਿਆ ਅਤੇ ਭਲਾਈ ਲਈ ਸਥਾਪਿਤ ਵਿਭਾਗ ਅਣਗਹਿਲੀ ਅਤੇ ਰਾਜਨੀਤੀ ਦਾ ਸਿਕਾਰ ਹੋ ਰਹੇ ਹਨ। ਅੰਤਰ-ਰਾਸ਼ਟਰੀ ਬਾਲੜੀ ਦਿਵਸ 11 ਅਕਤੂਬਰ ਨੂੰ ਇੱਕ ਸਾਲਾਨਾ ਅਤੇ ਅੰਤਰਰਾਸ਼ਟਰੀ ਤੌਰ ਤੇ ਮਨਾਇਆ ਜਾਣ ਵਾਲਾ ਸਮਾਰੋਹ ਹੈ ਜੋ ਲੜਕੀਆਂ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ ਅਤੇ ਉਨ੍ਹਾਂ ਦੀ ਆਵਾਜ਼ ਨੂੰ ਵਧਾਉਂਦਾ ਹੈ ਅਤੇ ਉਹਨਾਂ ਲਈ ਹੋਰ ਮੌਕੇ ਵਧਾਉਣ ਨੂੰ ਉਤਸ਼ਾਹਿਤ ਕਰਦਾ ਹੈ। ਇਸ ਦੇ ਨਾਲ ਹੀ ਇਹ ਦਿਨ ਲਿੰਗ-ਆਧਾਰਿਤ ਚੁਣੌਤੀਆਂ ਨੂੰ ਖਤਮ ਕਰਨ ਲਈ ਰੱਖਿਆ ਗਿਆ ਹੈ ਜਿਸ ਕਾਰਨ ਬਾਲ ਵਿਆਹ, ਘੱਟ ਸਿੱਖਣ ਦੇ ਮੌਕੇ, ਹਿੰਸਾ ਅਤੇ ਵਿਤਕਰੇ ਸਮੇਤ ਦੁਨੀਆ ਭਰ ਵਿੱਚ ਛੋਟੀਆਂ ਕੁੜੀਆਂ ਨੂੰ ਸਾਹਮਣਾ ਕਰਨਾ ਪੈਂਦਾ ਹੈ। ਇਸ ਦਾ ਫੈਸਲਾ ਲੜਕੀ ਦੇ ਅਸਲ ਸਸ਼ਕਤੀਕਰਨ ਦਾ ਸੁੰਦਰਤਾ ਨਾਲ ਵਰਣਨ ਕਰਦਾ ਹੈ ਜੋ ਮੁੰਡਿਆਂ ਵਾਂਗ ਆਰਥਿਕ ਵਿਕਾਸ ਲਈ ਮਹੱਤਵਪੂਰਨ ਹੈ। ਇਹ ਮੰਨਦਾ ਹੈ ਕਿ ਉਹਨਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ ਵਿੱਚ ਲੜਕੀਆਂ ਦੀ ਸਾਰਥਕ ਭਾਗੀਦਾਰੀ ਵਿਤਕਰੇ ਅਤੇ ਹਿੰਸਾ ਦੇ ਚੱਕਰ ਨੂੰ ਤੋੜਨ ਅਤੇ ਨੌਜਵਾਨ ਔਰਤਾਂ ਨੂੰ ਕੱਲ੍ਹ ਦੀਆਂ ਪ੍ਰੇਰਿਤ, ਆਜ਼ਾਦ ਔਰਤਾਂ ਬਣਨ ਲਈ ਸ਼ਕਤੀ ਪ੍ਰਦਾਨ ਕਰਨ ਦੀ ਕੁੰਜੀ ਹੈ। ਇਸ ਸਾਲ ਦੀ ਥੀਮ "ਸਾਡਾ ਸਮਾਂ ਹੁਣ ਹੈ-ਸਾਡੇ ਅਧਿਕਾਰ, ਸਾਡਾ ਭਵਿੱਖ'' ਹੈ। ਇਹ ਦਿਨ ਬਹੁਤ ਸਾਰੀਆਂ ਸੰਸਕ੍ਰਿਤੀਆਂ ਵਿੱਚ ਲੜਕਿਆਂ ਦੀ ਭੂਮਿਕਾ ਦੇ ਮੁਕਾਬਲੇ ਲੜਕੀਆਂ ਦੀ ਬਹੁਤਾਤ ਨੂੰ ਮਨਾਉਣ ਦੀ ਕੋਸ਼ਿਸ਼ ਕਰਦਾ ਹੈ, ਜਿੱਥੇ ਸਾਡੀ ਨਸਲ ਦੇ ਮਰਦਾਂ ਨੂੰ ਮਰਦ ਹੋਣ ਦੇ ਕਾਰਨ ਸਿੱਖਿਆ ਅਤੇ ਮੌਕਿਆਂ ਤੱਕ ਬਿਹਤਰ ਪਹੁੰਚ ਹੁੰਦੀ ਹੈ। ਹਰ 10 ਵਿੱਚੋਂ 01 ਲੜਕੇ ਦੇ ਮੁਕਾਬਲੇ 04 ਵਿੱਚੋਂ 01 ਕੁੜੀ ਬੇਰੁਜ਼ਗਾਰ, ਅਨਪੜ੍ਹ, ਜਾਂ ਅਣਸਿੱਖਿਅਤ ਹੈ। ਲੜਕੀਆਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਬਹੁਤ ਕੁਝ ਕਰਨ ਦੀ ਲੋੜ ਹੈ।

ਜੇਕਰ ਅਸੀਂ ਅਸਲ ਵਿੱਚ ਸਮਾਜ ਅਤੇ ਦੇਸ਼ ਦਾ ਵਿਕਾਸ ਕਰਨਾਂ ਚਾਹੁੰਦੇ ਹਾਂ ਤਾਂ ਲੜਕੀਆਂ ਦੀ ਭਲਾਈ ਅਤੇ ਵਿਕਾਸ ਲਈ ਅਸਰਦਾਇਕ ਯੋਜਨਾਵਾਂ ਅਤੇ ਸੱਖਤ ਕਨੂੰਨ ਬਣਾਉਣ ਅਤੇ ਸੱਖਤੀ ਨਾਲ ਲਾਗੂ ਕਰਨੇ ਚਾਹੀਦੇ ਹਨ। ਦੇਸ਼ ਦੇ ਨੀਤੀ ਨਿਰਮਾਤਾਵਾਂ ਨੂੰ ਲੜਕੀਆਂ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਦੇਸ਼ ਵਿੱਚ ਲੜਕੀਆਂ ਲਈ ਖੁਸ਼ਗਵਾਰ ਮਾਹੌਲ ਬਣਾਇਆ ਜਾ ਸਕੇ ਨਹੀਂ ਤਾਂ ਅੱਜ ਦੇ ਦਿਨ ਦੀ ਵੀ ਕੋਈ ਖਾਸ ਮਹੱਤਤਾ ਨਹੀਂ ਰਹੇਗੀ ਅਤੇ ਇਸ ਦਿਨ ਕਰਵਾਏ ਜਾਣ ਵਾਲੇ ਸਰਕਾਰੀ ਅਤੇ ਗੈਰ ਸਰਕਾਰੀ ਸਮਾਗਮ ਇੱਕ ਖਾਨਾਪੂਰਤੀ ਬਣਕੇ ਰਹਿ ਜਾਣਗੇ।




# ਖੂਬ ਰਹੀ, ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਤੇ ਅੰਤਰਰਾਸਟਰੀ ਸਾਹਿਤਕ ਸਾਂਝਾਂ ਦੀ ਕਾਵਿ ਮਿਲਣੀ

**ਚੰਡੀਗੜ੍ਹ, (ਪ੍ਰੀਤਮ ਲੁਧਿਆਣਵੀ), 12 ਅਕਤੂਬਰ, 2022 :** ਪੰਜਾਬ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ. ਸਰਬ-ਜੀਤ ਕੌਰ ਸੋਹਲ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਫਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਦੀ ਅਗਵਾਈ ਵਿੱਚ ਆਨਲਾਈਨ ਮਹੀਨਾਵਾਰ ਕਾਵਿ ਮਿਲਣੀ ਕਰਵਾਈ ਗਈ। ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੇ ਪ੍ਰਧਾਨ ਰਿੰਟੂ ਭਾਟੀਆ ਨੇ ਸਭ ਕਵੀਆਂ ਕਵਿੱਤਰੀਆਂ ਨੂੰ ਜੀ ਆਇਆਂ ਕਹਿੰਦਿਆਂ ਬਹੁਤ ਸੁਰੀਲੀ ਆਵਾਜ ਵਿੱਚ ਕੁਝ ਕਾਵਿ ਸਤਰਾਂ ਗਾ ਕੇ ਪ੍ਰੋਗਰਾਮ ਆਰੰਭ ਕੀਤਾ। ਡਾ. ਸਰਬਜੀਤ ਕੌਰ ਸੋਹਲ ਨੇ ਸਭ ਨੂੰ ਨਿੱਘੀ ਜੀ ਆਇਆਂ ਕਹੀ ਅਤੇ ਕਾਵਿ ਮਿਲਣੀ ਦੇ ਦੋ ਵਰ੍ਹੇ ਪੂਰਨ ਹੋਣ ਤੇ ਮੁਬਾਰਕਬਾਦ ਦਿੱਤੀ ਅਤੇ ਰਮਿੰਦਰ ਵਾਲੀਆ ਜੀ ਨੂੰ ਸੁੱਭ ਕਾਮਨਾਵਾਂ ਦਿੱਤੀਆਂ।

ਇਸ ਕਾਵਿ ਮਿਲਣੀ ਵਿੱਚ ਕਵੀ ਅਵਤਾਰਜੀਤ ਅਟਵਾਲ ਅੰਮ੍ਰਿਤਾ ਦਰਸ਼ਨ ਕੌਰ (ਯੂ.ਕੇ), ਨਰਿੰਦਰ ਕੌਰ ਭੱਚੂ,



ਸੁਨੀਲ ਚੰਦਿਆਣਣੀ, ਅਮਰ ਸੂਫੀ, ਪ੍ਰੋ : ਪਵਨਦੀਪ ਕੌਰ, ਪਰਮਜੀਤ ਕੌਰ ਜੈਸਵਾਲ, ਡਾ ਅਮਰਦੀਪ ਕੌਰ, ਰਾਜਵੰਤ ਰਾਜ, ਡਾ. ਅਮਰ ਜਿਉਤੀ ਮਾਂਗਟ, ਅਤੇ ਪ੍ਰਸਿੱਧ ਕਵੀ ਜਸਵੰਤ ਜਫਰ ਨੇ ਸਮਾਜਿਕ ਸਰੋਕਾਰਾਂ ਨਾਲ ਜੁੜੀਆਂ, ਰਿਸਤਿਆਂ ਨਾਲ ਜੁੜੇ ਅਹਿਸਾਸ, ਗਿਲੇ ਸ਼ਿਕਵੇ ਅਤੇ ਮੋਹ ਭਰੀਆਂ ਰਚਨਾਵਾਂ ਸੁਣਾਈਆਂ। ਜਸਵੰਤ ਜਫਰ ਜੀ ਜੋ ਇਸ ਕਾਵਿ ਮਿਲਣੀ ਦੇ ਵਿਸੇਸ ਮਹਿਮਾਨ ਸਨ ਨੇ ਆਪਣੀਆਂ ਰਚਨਾਵਾਂ ਸੁਣਾ ਕੇ ਖੂਬ ਰੰਗ ਬੰਨ੍ਹਿਆ। ਪ੍ਰਸਿੱਧ ਪ੍ਰਵਾਸੀ ਪੰਜਾਬੀ ਲੇਖਿਕਾ ਸੁਰ-ਜੀਤ ਕੌਰ, ਜਿਨ੍ਹਾਂ ਨੇ ਕਾਵਿ ਮਿਲਣੀ ਦੀ ਜਾਣਕਾਰੀ ਵੀ ਕਰਵਾਈ, ਨੇ ਬਹੁਤ ਸਾਂਤ ਤੇ ਸਹਿਜ ਚਿੱਤ ਹੋ ਕੇ ਪ੍ਰੋਗਰਾਮ ਦਾ ਸੰਚਾਲਨ ਕੀਤਾ ਜੋਕਿ ਕਾਬਿਲੇ ਤਾਰੀਫ ਰਿਹਾ।

ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਪ੍ਰੋਫੈਸਰ ਕੁਲਜੀਤ ਕੌਰ ਸੀਨੀਅਰ ਮੀਤ ਪ੍ਰਧਾਨ ਨੇ ਦੱਸਿਆ ਕਿ ਅੰਤਰਰਾਸ਼ਟਰੀ ਸਾਹਿਤਕ ਸਾਂਝਾ ਦੇ ਵਿਸ਼ੇਸ ਸਲਾਹਕਾਰ ਸ੍ਰ ਪਿਆਰਾ ਸਿੰਘ ਕੁੱਦੋਵਾਲ, ਸਰਪ੍ਰਸਤ ਅਤੇ ਪ੍ਰਬੰਧਕ ਸੁਰਜੀਤ ਕੌਰ, ਪ੍ਰਧਾਨ ਰਿੰਟੂ ਭਾਟੀਆ, ਸੀਨੀਅਰ ਮੀਤ ਪ੍ਰਧਾਨ ਪ੍ਰੋ ਕੁਲਜੀਤ ਕੌਰ, ਸਕੱਤਰ ਜਨਰਲ ਅਮਰਬੀਰ ਧਾਮੀ, ਦੀਪ ਕੁਲਦੀਪ, ਪਰਜਿੰਦਰ ਕੌਰ ਕਲੇਰ ਦੇ ਵਿਸ਼ੇਸ ਯਤਨਾਂ ਨਾਲ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ। ਸ੍ਰ ਪਿਆਰਾ ਸਿੰਘ ਕੁੱਦੋਵਾਲ ਨੇ ਸਭ ਕਵੀਆਂ ਦਾ ਧੰਨਵਾਦ ਕਰਦਿਆਂ ਉਹਨਾਂ ਦੀਆਂ ਰਚਨਾਵਾਂ ਨੂੰ ਸਮੇਂ ਦੀਆਂ ਹਾਣੀ ਦੱਸਿਆ। ਦੇਸ਼ਾਂ ਵਿਦੇਸ਼ਾਂ ਤੋਂ ਬਹੁਤ ਨਾਮਵਰ ਸ਼ਖਸੀਅਤਾਂ ਨੇ ਇਸ ਵੈਬੀਨਾਰ ਵਿੱਚ ਸ਼ਿਰਕਤ ਕਰਕੇ ਪ੍ਰੋਗਰਾਮ ਦਾ ਅਨੰਦ ਮਾਣਿਆ।

# ਸਿੱਖ ਮੁਗਲ, ਪਹਿਲੀ ਜੰਗ (15 ਮਈ 1628)



ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੁਗਲ ਬਾਦਸ਼ਾਹ ਜਹਾਂਗੀਰ ਨਾਲ ਸਬੰਧ ਬੜੀ ਪਰਖ ਪ੍ਰਣਾਲੀ ਵਿਚੋਂ ਲੰਘੇ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਜਦੋਂ ਮੁਗਲ ਬਾਦਸ਼ਾਹ ਜਹਾਂਗੀਰ ਨੇ ਤਲਬ ਕੀਤਾ ਤਾਂ ਗੁਰਾਂ ਨੇ ਜਾਣ ਲਿਆ ਸੀ ਕਿ ਸਿੱਖਾਂ ਨੂੰ ਆਉਣ ਵਾਲੇ ਸਮੇਂ ਵਿਚ ਜ਼ੁਲਮ ਦੇ ਟਾਕਰੇ ਲਈ ਹਥਿਆਰ ਚੁੱਕਣੇ ਪੈਣਗੇ। ਉਹਨਾਂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਸੌਂਪਦਿਆਂ ਹਦਾਇਤ ਕੀਤੀ ਕਿ ਗੁਰਗੱਦੀ ਤੇ ਹਥਿਆਰਬੰਦ ਹੋ ਕੇ ਰਹਿਣਾ ਅਤੇ ਫੌਜ ਵੀ ਰੱਖਣੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗੱਦੀ ਤੇ ਬੈਠਦਿਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਕ ਮੀਰੀ ਦੀ ਇਕ ਪੀਰੀ ਦੀ। ਇਕ ਆਤਮਕ ਅਗਵਾਈ ਲਈ, ਦੂਸਰੀ ਸੰਸਾਰਕ ਅਗਵਾਈ ਵਾਸਤੇ। ਗੁਰੂ ਜੀ ਨੇ ਭੇਟਾ ਵਿਚ ਚੰਗੇ ਘੋੜੇ, ਚੰਗੇ ਸ਼ਸ਼ਤਰ ਅਤੇ ਸੁਡੌਲ ਜਵਾਨੀਆਂ ਦੀ ਮੰਗ ਰੱਖੀ। ਗੁਰਮੁਖਾਂ ਨੂੰ ਸਰੀਰਕ ਤੌਰ ਤੇ ਤੰਦਰੁਸਤ ਹੋ ਕੇ ਘੋੜ ਸਵਾਰੀ ਅਤੇ ਸ਼ਸ਼ਤਰ ਵਿੱਦਿਆ ਵਿਚ ਨਿਪੁੰਨ ਹੋਣ ਦਾ ਉਪਦੇਸ਼ ਦਿੱਤਾ। ਕੌਮ ਉਸਾਰੀ ਦੇ ਕਾਰਜਾਂ ਵਿਚ ਅੰਮ੍ਰਿਤਸਰ ਨੂੰ ਆਤਮ ਨਿਰਭਰ ਅਤੇ ਸਵੈ-ਰੱਖਿਅਕ ਬਣਾਉਣ ਲਈ 'ਲੋਹਗੜ੍ਹ' ਦਾ ਕਿਲਾ ਸਥਾਪਤ ਕੀਤਾ। ਸੂਰਬੀਰਤਾ ਦਾ ਪ੍ਰਤੀਕ ਅਕਾਲ ਤਖਤ ਸਾਹਿਬ ਦਾ ਨਿਰਮਾਣ ਕੀਤਾ। ਧਾਰਮਿਕ ਗੁਰਮਤਿ ਉਪਦੇਸ਼ ਦੇ ਨਾਲ ਕੌਮ ਵਿਚ ਬੀਰ ਰਸ ਵੀ ਭਰਿਆ। ਗੁਰੂ ਜੀ ਸੰਗਤਾਂ ਨੂੰ ਮਿਲ-ਜੁਲ ਕੇ ਰਹਿਣ ਦਾ ਉਪਦੇਸ਼ ਦਿੰਦੇ । ਮਤਭੇਦ ਹੋ ਜਾਣ ਤੇ ਗੁਰੂ ਜੀ ਖੁਦ ਫੈਸਲੇ ਕਰਦੇ। ਗੁਰੂ ਜੀ ਨੇ 52 ਯੋਧਿਆਂ ਦੀ ਨਿੱਜੀ ਫੌਜ ਭਰਤੀ ਕਰ ਲਈ। ਬਕਾਇਦਾ ਤੌਰ ਤੇ ਫੌਜੀ ਖਾਲਸਾ ਹੋਣ ਦਾ ਐਲਾਨ ਕੀਤਾ। ਯੋਧੇ ਗੁਰੂ ਜੀ ਵਾਸਤੇ ਮਰ ਮਿਟਣ ਨੂੰ ਤਿਆਰ ਰਹਿੰਦੇ। ਫੌਜੀ ਸਿਖਲਾਈ ਨਾਲ ਕੌਮ ਵਿਚ ਸੂਰਬੀਰਤਾ ਦੀ ਨਵੀਂ ਜਾਨ ਭਰੀ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਮੁਗਲ ਬਾਦਸ਼ਾਹ ਜਹਾਂਗੀਰ ਦੇ ਈਰਖਾਲੂ ਅਹਿਲਕਾਰਾਂ ਨੇ ਉਸਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਜੀ ਨੇ ਫੌਜ ਰੱਖ ਲਈ ਹੈ। ਨਗਰੇ ਵੱਜਦੇ, ਨਿਸ਼ਾਨ ਸਾਹਿਬ ਝੂਲਦੇ, ਤਖਤ ਤੇ ਬੈਠਦੇ, ਸ਼ਿਕਾਰ ਖੇਡਦੇ, ਲੋਕਾਂ ਦੇ ਫੈਸਲੇ ਆਪ ਕਰਦੇ। ਫੌਜੀ ਦਸਤੇ ਰਾਤ ਨੂੰ ਮਿਸਾਲਾਂ ਬਾਲ ਕੇ ਗਸ਼ਤ ਕਰਦੇ। ਬਾਦਸ਼ਾਹਾਂ ਵਾਲੀ ਠਾਠ-ਬਾਠ ਬਣਾ ਲਈ ਹੈ। ਉਹ ਰਾਜਸੀ ਤੌਰ ਤੇ ਮਜ਼ਬੂਤ ਹੋ ਰਹੇ ਹਨ। ਉਹ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਦਾ ਬਦਲਾ ਲੈਣਗੇ। ਇਸ ਬਾਗੀ ਤਾਕਤ ਨੂੰ ਹੁਣੇ ਦਬਾਅ ਦੇਣਾ ਚਾਹੀਦਾ ਹੈ।

ਬਾਦਸ਼ਾਹ ਨੇ ਸਿੱਖਾਂ ਦੀ ਤਾਕਤ ਦਾ ਭੇਦ ਜਾਣਨ ਲਈ ਗੁਰੂ ਜੀ ਨਾਲ ਬਣਾ ਲਈ। ਗੁਰੂ ਜੀ ਨੂੰ ਜਾਨਣ ਤੇ ਉਸਨੇ ਭਾਂਪ ਲਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਭੈਅ-ਭੀਤ ਨਹੀਂ ਕੀਤਾ। ਉਹ ਤਾਂ ਹੋਰ ਮਜ਼ਬੂਤ ਹੋ ਰਹੇ ਹਨ। ਬਾਦਸ਼ਾਹ ਨੇ ਗੁਰੂ ਜੀ ਦੀ ਵਧਦੀ ਤਾਕਤ ਨੂੰ ਦਬਾਉਣ ਲਈ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਦਿੱਤਾ। ਉਥੇ ਪਹਿਲਾਂ ਹੀ 52 ਰਾਜੇ ਕੈਦ ਸਨ। ਉਹਨਾਂ ਦਾ ਜੀਵਨ ਬੜੀ ਮਾੜੀ ਹਾਲਤ ਵਿਚ ਸੀ। ਗੁਰੂ ਜੀ ਨੇ ਉਹਨਾਂ ਦੀ ਖੁਰਾਕ ਅਤੇ ਪੁਸ਼ਾਕ ਦਾ ਚੰਗਾ ਪ੍ਰਬੰਧ ਕਰਵਾ ਲਿਆ। ਉਹ ਗੁਰੂ ਜੀ ਦੇ ਸਤਿਸੰਗੀ ਬਣ ਗਏ। ਗੁਰੂ ਜੀ ਕੈਦ ਲੰ-ਮੇਰੀ ਹੁੰਦਿਆਂ ਵੇਖ ਸਿੰਘ ਰੋਹ ਵਿਚ ਆ ਗਏ। ਬਾਦਸ਼ਾਹ ਨੇ ਹਾਲਾਤ ਵੇਖ ਕੇ ਗੁਰੂ ਜੀ ਨੂੰ ਰਿਹਾਅ ਕਰਨ ਦਾ ਮਨ ਬਣਾਇਆ। ਪਰ ਗੁਰੂ ਜੀ ਨੇ ਕਿਹਾ ਕਿ ਸਾਡੇ ਨਾਲ 52 ਰਾਜਸੀ ਕੈਦੀ ਵੀ ਰਿਹਾਅ ਕੀਤੇ ਜਾਣ ਤਾਂ ਬਾਦਸ਼ਾਹ ਨੇ 52 ਰਾਜਿਆਂ ਨੂੰ ਵੀ ਰਿਹਾਅ ਕਰ ਦਿੱਤਾ। ਰਿਹਾਈ ਤੋਂ ਬਾਅਦ ਗੁਰੂ ਜੀ ਅੰਮ੍ਰਿਤਸਰ ਪੁੱਜੇ ਤਾਂ ਸ਼ਹਿਰ ਨਿਵਾਸੀਆਂ ਨੇ ਦੀਪਮਾਲਾ ਕਰਕੇ ਗੁਰੂ ਜੀ ਦਾ ਸਵਾਗਤ ਕੀਤਾ। 'ਬੰਦੀ ਛੋੜ ਦਾਤਾ' ਕਹਿ ਕੇ ਸਨਮਾਨਿਆ।

ਬਾਦਸ਼ਾਹ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਬਾਦਸ਼ਾਹ ਨੂੰ ਨਿਸ਼ਚਾ ਹੋ ਗਿਆ ਕਿ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਲਈ ਉਸਨੂੰ ਗੁੰਮਰਾਹ ਕੀਤਾ ਗਿਆ ਹੈ। ਉਸਨੇ ਦੋਸ਼ੀਆਂ ਨੂੰ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਸੰਗਤਾਂ ਨੇ ਉਹਨਾਂ ਨੂੰ ਸਜ਼ਾ ਦੇ ਦਿੱਤੀ। ਗੁਰੂ ਜੀ ਦੇ ਸਬੰਧ ਬਾਦਸ਼ਾਹ ਜਹਾਂਗੀਰ ਨਾਲ ਸੁਖਾਵੇਂ ਹੋ ਗਏ। ਗੁਰੂ ਜੀ ਨੇ ਮੌਕੇ ਵੇਖ ਕੇ ਗੁਰਮਤਿ ਪ੍ਰਚਾਰ ਕੀਤਾ। ਦੂਸਰ ਧਰਮਾਂ ਦੇ ਲੋਕ ਹਿੰਦੂ ਮੁਸਲਮਾਨ ਵੀ ਗੁਰੂ ਜੀ ਨਾਲ ਆਣ ਪੁੱਜੇ। ਗੁਰੂ ਜੀ ਨੇ ਕਈ ਨਗਰ ਵਸਾਏ। ਸਿੱਖ ਧਰਮ ਫੈਲਾਉਣ ਦੇ ਉਸਾਰੂ ਯਤਨ ਕੀਤੇ। ਨਵੰਬਰ 8, 1627 ਵਿਚ ਬਾਦਸ਼ਾਹ ਜਹਾਂਗੀਰ ਦੀ ਮੌਤ ਹੋ ਗਈ। ਉਸਦਾ ਪੁੱਤਰ ਸ਼ਾਹਜਹਾਨ 6 ਫਰਵਰੀ 1628 ਨੂੰ ਤਖਤ 'ਤੇ ਬੈਠਾ।

ਉਸਨੇ ਬੜੀ ਸਖਤ ਧਾਰਮਿਕ ਨੀਤੀ ਅਪਨਾਈ। ਉਸਨੇ ਦੂਸਰੇ ਧਰਮਾਂ ਦੇ ਪ੍ਰਚਾਰ ਤੇ ਪਾਬੰਦੀ ਲਗਾ ਦਿੱਤੀ। ਉਸਨੂੰ ਇਸ ਗੱਲ ਦੀ ਈਰਖਾ ਸੀ ਕਿ ਮੁਸਲਮਾਨ ਵੀ ਸਿੱਖ ਧਰਮ ਵਿਚ ਜਾ ਰਹੇ ਹਨ। ਉਸਨੇ ਹਿੰਦੂਆਂ ਦੇ ਮੰਦਰ ਢਾਹ ਕੇ ਮਸਜਿਦਾਂ ਬਣਾ ਲਈਆਂ। ਦੂਸਰੇ ਧਰਮਾਂ ਦੇ ਨਵੇਂ ਅਸਥਾਨ ਬਣਾਉਣ ਦੀ ਮਨਾਹੀ ਕਰ ਦਿੱਤੀ। ਸਿੱਖ ਧਰਮ ਦੀ ਡੱਬੀ ਬਜ਼ਾਰ ਲਾਹੌਰ ਵਿਚ ਬਣੀ ਬਾਉਲੀ ਨੂੰ ਪੂਰ ਦਿੱਤਾ। ਲੰਗਰ ਦੀ ਥਾਂ ਮਸੀਤ ਬਣਾ ਲਈ। ਸਿੱਖਾਂ ਦਾ ਰੋਹ ਜਾਗਣਾ ਕੁਦਰਤੀ ਸੀ। ਮੁਗਲ ਹਕੂਮਤ ਵੀ ਸਿੱਖਾਂ ਨਾਲ ਜੰਗ ਦਾ ਬਹਾਨਾ ਲੱਭ ਰਹੀ ਸੀ।

ਜੰਗ ਉਦੋਂ ਸ਼ੁਰੂ ਹੋਈ ਕਿ ਸਿੱਖਾਂ ਦਾ ਜਥਾ ਸ਼ਿਕਾਰ ਖੇਡਦਾ ਉਸ ਅਸਥਾਨ ਤੇ ਪੁੱਜ ਗਿਆ, ਜਿੱਥੇ ਬਾਦਸ਼ਾਹ ਸ਼ਾਹਜਹਾਨ ਵੀ ਸ਼ਿਕਾਰ ਖੇਡ ਰਿਹਾ ਸੀ। ਸ਼ਾਹੀ ਬਾਜ਼ ਸਿੰਘਾਂ ਦੇ ਜਥੇ ਵਿਚ ਆ ਗਿਆ। ਬਾਦਸ਼ਾਹੀ ਦੀ ਸ਼ਿਕਾਰੀ ਟੋਲੀ ਬੜੇ ਰੋਅਬ ਨਾਲ ਸ਼ਾਹੀ ਸ਼ਹਿ ਤੇ ਬਾਜ਼ ਵਾਪਸ ਮੰਗਣ ਆਈ। ਸਿੰਘਾਂ ਨੇ ਕਿਹਾ ਕਿ ਬਾਜ਼ ਆਪ ਆਇਆ ਹੈ ਜੋ ਮੋੜਨਾ ਨਹੀਂ ਬਣਦਾ। ਨਾਲੇ ਅਸੀਂ ਤੁਹਾਨੂੰ ਜਾਣਦੇ ਨਹੀਂ ਕਿ ਇਹ ਬਾਜ਼ ਤੁਹਾਡਾ ਹੈ। ਬਾਦਸ਼ਾਹ ਦੇ ਸ਼ਿਕਾਰੀ ਟੋਲੇ ਨੇ ਇਸ ਬਾਰੇ ਲਾਹੌਰ ਦੇ ਗਵਰਨਰ ਕੁਲੀਜ਼ ਖਾਨ ਕੋਲ ਜਾ ਕੇ ਸ਼ਿਕਾਇਤ ਕੀਤੀ। ਉਸਨੇ ਬਹਾਨੇ ਨਾਲ ਸਿੰਘਾਂ ਨੂੰ ਖਤਮ ਕਰਨ ਲਈ 7 ਹਜ਼ਾਰ ਦੀ ਫੌਜ ਅੰਮ੍ਰਿਤਸਰ ਤੇ ਹਮਲਾ ਕਰਨ ਲਈ ਭੇਜ ਦਿੱਤੀ।

15 ਮਈ 1628 ਨੂੰ ਹਮਲੇ ਦੀ ਖਬਰ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਮਿਲੀ ਤਾਂ ਉਹਨਾਂ ਨੇ ਸਿੰਘਾਂ ਨੂੰ ਟਾਕਰਾ ਕਰਨ ਲਈ ਕਿਹਾ। ਤਿੰਨ ਦਿਨਾਂ ਬਾਅਦ ਗੁਰੂ ਜੀ ਦੀ ਸਪੁੱਤਰੀ ਬੀਬੀ ਵੀਰੋ ਦਾ ਵਿਆਹ ਅੰਮ੍ਰਿਤਸਰ ਵਿਖੇ ਹੋਣਾ ਤੈਅ ਸੀ ਗੁਰੂ ਜੀ ਨੇ ਵਿਆਹ ਦੀ ਜਗ੍ਹਾ ਝਬਾਲ ਤੈਅ ਕਰਕੇ ਪਰਿਵਾਰ ਨੂੰ ਉਥੇ ਭੇਜ ਦਿੱਤਾ।

ਸਿੱਖ ਮੁਗਲਾਂ ਦੀ ਇਹ ਪਹਿਲੀ ਜੰਗ ਪਿਪਲੀ ਸਾਹਿਬ ਹੁਣ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਥਾਨ ਤੇ ਹੋਈ। ਦੋਹਾਂ ਪਾਸਿਆਂ ਤੋਂ ਯੋਧਿਆਂ ਨੇ ਜੰਗੀ ਜੌਹਰ ਦਿਖਾਏ। ਸਿੰਘ ਯੋਧੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਅਣਖ ਤੇ ਆਜ਼ਾਦੀ ਲਈ ਡਟ ਗਏ। ਇਕ ਖੋਖਲੀ ਲੱਕੜ ਦੀ ਬਣੀ ਤੋਪ ਦੀ ਵਰਤੋਂ ਕੀਤੀ ਗਈ।

ਜੋ ਖੇਮਕਰਨ ਦੇ ਮੋਹਰੀ ਕਾਰੀਗਰ ਨੇ ਬਣਾਈ ਸੀ। ਦੁਸ਼ਮਣ ਵੱਲੋਂ ਮੁਖਲਿਸ ਖਾਂ ਬੜੇ ਜੋਸ਼ ਨਾਲ ਮੈਦਾਨ ਪੁੱਜਾ, ਉਸਨੂੰ ਸ਼ਾਹੀ ਫੌਜ ਤੇ ਬੜਾ ਮਾਣ ਸੀ। ਸਿੱਖਾਂ ਵੱਲੋਂ ਜੰਗ ਦੀ ਕਮਾਨ ਗੁਰੂ ਜੀ ਨੇ ਖੁਦ ਸੰਭਾਲ ਲਈ ਉਹਨਾਂ ਦਾ ਸਾਥ ਦੇ ਰਹੇ ਸਨ ਸੂਰਬੀਰ ਯੋਧੇ ਭਾਈ ਬਿਧੀ ਸਿੰਘ, ਭਾਈ ਜੇਠਾ, ਪੈਂਦੇ ਖਾਂ ਆਦਿ।

ਪਹਿਲੇ ਦਿਨ ਦੀ ਜੰਗ ਮੁਕਾਬਲੇ ਦੀ ਸੀ। ਦੂਸਰੇ ਦਿਨ ਮੁਕਾਬਲਾ ਹੋਰ ਸਖਤ ਹੋ ਗਿਆ। ਤੀਸਰੇ ਦਿਨ ਵੱਡੇ ਪੱਧਰ ਤੇ ਕਤਲੇਆਮ ਹੋਇਆ, ਜਿਸ ਵਿਚ ਵੈਰੀ ਦਾ ਵੱਡਾ ਨੁਕਸਾਨ ਹੋਇਆ। ਮੇਕਾਲਿਫ ਅਨੁਸਾਰ ਇਹ ਜੰਗ ਅੰਮ੍ਰਿਤਸਰ ਤੋਂ ਚਾਰ ਮੀਲ ਦੱਖਣ ਦੇ ਘੇਰੇ ਵਿਚ ਹੋਈ। ਜਿੱਤ ਦੀ ਯਾਦਗਾਰ ਵਿਚ ਗੁਰਦੁਆਰਾ ਸੰਗਰਾਣਾ ਸਾਹਿਬ ਹੈ।

ਫੈਸਲਾਕੁੰਨ ਜੰਗ ਵਿਚ ਮੁਗਲ ਸੈਨਾ ਦੀ ਗਿਣਤੀ ਕਿਤੇ ਵੱਧ ਸੀ। ਅੰਤ ਵਿਚ ਗੁਰੂ ਜੀ ਦੇ ਖੰਡੇ ਨਾਲ ਮੁਖਲਿਸ ਖਾਂ ਟੋਟੇ-ਟੋਟੇ ਹੋ ਗਿਆ। ਉਸਦੇ ਮਰਦਿਆਂ ਹੀ ਉਸਦੀ ਫੌਜ ਜੰਗ ਦੇ ਮੈਦਾਨ ਵਿਚੋਂ ਭੱਜ ਗਈ। ਮੁਗਲ ਫੌਜ ਨੇ ਸ਼ਹਿਰ ਨੂੰ ਲੁੱਟ ਲਿਆ। ਜੰਗ ਖਤਮ ਹੋਣ ਤੇ ਗੁਰੂ ਜੀ ਝਬਾਲ ਗਏ, ਜਿੱਥੇ ਬੀਬੀ ਵੀਰੋ ਜੀ ਦਾ ਵਿਆਹ ਚੌਧਰੀ ਭਾਈ ਲੰਗਾਹ ਦੇ ਘਰ ਹੋਇਆ। ਇਹ ਸਿੱਖ ਮੁਗਲਾਂ ਦੀ ਪਹਿਲੀ ਜੰਗ ਵਜੋਂ ਇਤਿਹਾਸ ਵਿਚ ਦਰਜ ਹੋਈ ਹੈ। ਸਿੰਘਾਂ ਦੀ ਅਸਾਵੀਂ ਫੌਜ ਤੇ ਜਿੱਤ ਹੋਈ।

# ਚੌਕੀਦਾਰਾ ਲੈ ਮਿੱਤਰਾ, ਤੇਰੇ ਲੱਗਦੇ ਨੇ ਬੋਲ ਪਿਆਰੇ!



ਬੁੱਧ ਸਿੰਘ ਨੀਲੋਂ
91-94643-70823

ਉਸ ਕੁੜੀ ਨੇ ਹੀ ਬਲਕਿ ਸਾਰੇ ਭਾਰਤੀਆਂ ਨੇ ਰਲ ਕੇ ਜਦੋਂ ਦਾ ਚੌਕੀਦਾਰ ਬਣਾਇਆ ਹੈ। ਉਸ ਦਿਨ ਤੋਂ ਹੀ ਭਾਰਤੀਆਂ ਦੀ ਪੁੱਠੀ ਗਿਣਤੀ ਸ਼ੁਰੂ ਹੋ ਗਈ। ਚੌਕੀ ਦਾਰ ਬਣਾਇਆ ਤਾਂ ਦੇਸ਼ ਦੀ ਰਾਖੀ ਲਈ ਸੀ। ਉਹ ਤਾਂ ਜਨਤਕ ਅਦਾਰਿਆਂ ਨੂੰ ਹੀ ਅਮਲੀ ਵਾਂਗੂੰ ਵੇਚਣ ਲੱਗ ਪਿਆ ਹੈ। ਭਾਰਤੀ ਲੋਕ ਉਸਦੇ ਮੂੰਹ ਵੱਲ ਇਉਂ ਝਾਕਦੇ ਹਨ ਜਿਵੇਂ ਬੋਕ ਤੁੱਕਿਆਂ ਵੱਲ ਝਾਕਦਾ ਹੁੰਦਾ ਹੈ।

ਮੈਨੂੰ ਨਹੀਂ ਪਤਾ ਉਸ ਕੁੜੀ ਨੇ ਇਹ ਬੋਲੀ ਕਿਉਂ ਪਾਈ ਸਾਰੇ ਭਾਰਤੀਆ ਦੀ ਅਕਲ ਉਤੇ ਪਰਦਾ ਪੈ ਗਿਆ। ਕੁੱਤੇ ਵਾਂਗੂੰ ਊਠ ਦੇ ਬੁੱਲ੍ਹ ਡਿੱਗਣ ਦੀ ਤਾਕ ਨੀਵੀਂ ਪਾਈ ਤੁਰੇ ਜਾ ਰਹੇ ਹਨ।

ਖੈਰ ਆਪਾਂ ਵੀ ਕੀ ਲੈਣਾ ਹੈ। ਲਵੋ ਗਰਮੀਆਂ ਦੇ ਨਜ਼ਾਰੇ!

ਮਿੱਤਰੋ'! ਜਦੋਂ ਦੇ ਚੌਕੀਦਾਰ ਬਣੇ ਆ, ਹੁਣ ਮਿੱਤਰਾਂ ਦੇ ਬੋਲ ਪਿਆਰੇ ਹੀ ਨਹੀਂ ਲੱਗਦੇ, ਸਗੋਂ ਉਨ੍ਹਾਂ ਦੇ ਬੋਲ ਸਰਬਤ ਦਾ ਪਾਣੀ ਬਣ ਗਏ ਹਨ। ਉਸ ਵੇਲੇ ਤੋਂ ਅਸੀਂ ਸਿ-ਰਹਾਣੇ ਬਾਂਹ ਰੱਖ ਲਈ ਹੈ।

ਪਰ ਆਲੇ ਦੁਆਲੇ 'ਵੱਟਿਆਂ' ਤੇ ਤਾਹਨਿਆਂ ਦਾ 'ਬੋਹਲ' ਜਰੂਰ ਬਣਾ ਲਿਆ। ਚਾਰੇ ਪਾਸੇ ਮਿੱਤਰਾਂ ਦੀ ਨੀ ਦੁਸ਼ਮਣਾਂ ਦੀ ਭੀੜ ਕੱਠੀ ਕਰ ਲਈ ਹੈ!

ਹੁਣ ਹਰ ਵੇਲੇ ਇਹ ਡਰ ਬਣਿਆ ਰਹਿੰਦਾ ਹੈ ਕਿ ਜਦੋਂ 'ਪੁਰੇ ਦੀ ਵਾਅ' ਚੱਲੀ ਤਾਂ ਹੱਡਾਂ 'ਚ ਪੀੜ ਹੀ ਸ਼ੁਰੂ ਨਾ ਹੋ ਜਾਵੇ। ਲੇਖਕਾਂ ਤੇ ਵਿਦਵਾਨਾਂ ਨੂੰ ਇਹ ਝੋਰਾ ਵੱਢ-ਵੱਢ ਖਾਈ ਜਾਂਦਾ ਹੈ ਕਿ ਇਹ 'ਬੁੱਕਲ' 'ਚ ਬੈਠ ਕੇ ਮੁੱਛਾਂ ਮੁੰਨੀ ਜਾਂਦਾ ਹੈ। ਤਕੜੇ ਦਾ ਸੱਤੀ ਵੀਹੀਂ ਸੌ ਹੁੰਦਾ।
ਮਾੜੇ ਦੀ ਜਨਾਨੀ ਭਾਬੀ ਸਭ ਦੀ ਹੁੰਦੀ ਐ।
ਨਾਲ ਕੌਣ ਆਖੇ ਰਾਣੀਏ ਅੱਗਾ ਢਕ।
ਜੇ ਕ੍ਰਿਸ਼ਨ ਇਸ਼ਕ ਕਰੇ ਤਾਂ ਰਾਸ ਲੀਲਾ, ਜੇ ਕੋਈ ਮਾੜਤ ਕਰੇ ਤਾਂ ਛੇੜਛਾੜ ਦਾ ਮਾਮਲਾ। ਪਰਚਾ ਬਲਾਤਕਾਰ ਦਾ।
ਜਦੋਂ ਮੀਆਂ ਬੀਵੀ ਰਾਜੀ ਤਾਂ ਕੀ ਕਰੂਗਾ ਕਾਜ਼ੀ। ਜਦੋਂ ਤਕ ਮਿਲਦੀਆਂ ਰੋਟੀਆਂ ਸਭੇ ਗੱਲਾਂ ਖੋਟੀਆ।
ਪਰ ਮਿੱਤਰੋਂ ! ਕਰੀਏ ਕੀ ?
ਅਖੇ ਛੱਜ ਤਾਂ ਬੋਲੇ, ਛਾਣਨੀ ਕਿਉਂ ਬੋਲੇ।
ਖੱਟੀ ਖੱਟਗੇ ਮੁਰੱਬਿਆਂ ਵਾਲੇ ਤੇ
ਅਸੀਂ ਰਹਿ ਗੇ ਭਾਅ ਪੁੱਛਦੇ ਯਾਰ!

ਜਦੋਂ ਆਪਣੇ ਹੀ ਪਰਾਏ ਹੋ ਜਾਣ ਤਾਂ ਫਿਰ ਭੁੱਖਾ ਮਰਦਾ,ਬੰਦਾ ਕੀ ਕੀ ਨੀ ਕਰਦਾ? ਉਹ ਜਿਉਂਦੇ ਰਹਿਣ ਲਈ ਪਾਪੜ ਤਾਂ ਵੇਲਦਾ? ਪਰ ਬੁੱਕ ਨਾਲ ਬੜੇ ਪਕਾਉਣੇ ਤਾਂ ਨਹੀਂ ਆਉਂਦੇ। ਇਸ ਕੋਰੋਨਾ ਦੀ ਆੜ ਵਿੱਚ ਸਰਕਾਰ ਨੇ ਆਪਣਾ ਅਸਲੀ ਰੂਪ ਦਿਖਾ ਦਿੱਤਾ। ਦੇਸ਼ ਦੇ ਲੋਕਾਂ ਨੇ ਹਜੇ ਵੀ ਨਹੀਂ ਸਮਝਣਾ।

ਅਸੀਂ ਤਾਂ 'ਨੰਗੇ ਧੜ' ਲੜ ਰਹੇ ਹਾਂ, ਤੇ ਨਿੱਤ 'ਨੰਗ-ਭੁੱਖ' ਨਾਲ ਮਰ ਰਹੇ ਹਾਂ। ਹੁਣ ਤੁਸੀਂ ਆਖੋਗੇ ਕਿ ਇਹ 'ਘੁਣਤਰਾਂ' ਕੀ ਪਾਈ ਜਾਂਦਾ ਐ? ਵਿਚਲੀ ਗੱਲ ਦੱਸ ਜਿਵੇਂ ਮਰਾਸੀ ਦੱਸਦੈ ਹੁੰਦੇ ਬੰਦੇ ਦਾ ਕੁਰਸੀਨਾਮਾ!
ਕਹਿੰਦਾ ਈਸਬਗੋ ਕੁੱਝ ਨਾ ਬੋਲ।

ਮਿੱਤਰੋ'! ਅਸਲ ਗੱਲ ਇਹ ਹੈ ਕਿ ਆਪਾਂ ਮੁਰਗੀ ਵਾਂਗ ਨਿੱਤ ਆਂਡਾ ਨਹੀਂ ਦੇਂਦੇ ਨਾ ਹੀ ਕਦੇ ਆਪਣੀ 'ਜਿੱਤ ਦੇ ਝੰਡੇ ਗੱਡੇ' ਹਨ। ਪਰ ਜਦੋਂ ਆਲੇ-ਦੁਆਲੇ ਸ਼ਬਦਾਂ ਦੀਆਂ ਉਲਟੀਆਂ ਦਾ ਮੁਸ਼ਕ ਸਿਰ ਨੂੰ ਚੜਦਾ ਹੈ ਤਾਂ ਸੰਭਾਲ ਕੇ ਰੱਖੇ ਹਥਿਆਰ ਚੁੱਕਣੇ ਪੈਂਦੇ ਹਨ।

ਪਰ ਦੁੱਖ ਇਸ ਗੱਲ ਦਾ ਐ ਕਿ ਮੂਹਰੇ ਕੋਈ ਦੁਸ਼ਮਣ ਨਹੀਂ ਸਗੋਂ ਉਹ ਭਰਾ ਹਨ। ਜਿਹਨਾਂ ਦੇ ਜੰਗ ਲੜਨੀ ਪੈ ਗੀ। ਹੁਣ ਹਾਲਤ ਤਾਂ ਮਹਾਂਭਾਰਤ ਦੀ ਜੰਗ ਵਾਂਗ ਹੋ ਗਈ ਆ। ਸਾਡੇ ਕੋਲ ਤਾਂ ਕੋਈ ਕ੍ਰਿਸ਼ਨ ਵੀ ਨਹੀਂ ਜਿਹੜਾ ਆਪਣਿਆਂ ਨੂੰ ਮਾਰਨ ਲਈ 'ਗੀਤਾ ਦਾ ਉਪਦੇਸ਼' ਦਿੰਦਾ ਹੋਵੇ। ਹੁਣ ਤੇ ਭਵੀਸ਼ਣ ਨੀ ਕੋਈ ਰਾਜ਼ ਦੱਸਦੇ ਕਿ ਨਿੱਤ ਰੋਟੀ ਮੰਗਦੇ ਢਿੱਡ ਦਾ ਗਲਾ ਕਿਵੇਂ ਵੱਢੀਏ?

ਹੁਣ ਹਾਲਤ ਹੀ ਇਹ ਮੇਰੇ ਕੱਲੇ ਦੇ ਨਹੀਂ ਸਭ ਦੇ ਬਣ ਗਏ ਕਿ ਹੁਣ ਇੱਥੇ ਤਾਂ ਲੜਾਈ ਵਿਰੋਧੀਆਂ ਨਾਲ ਲੜਨ ਦੀ ਵਜਾਏ ਬੰਦਾ ਆਪਣੇ ਆਪ ਨਾਲ ਹੀ ਲੜੀ ਜਾ ਰਿਹਾ ਹੈ। ਇਸ ਲੜਾਈ ਵਿੱਚ ਕੋਈ ਹੋਰ 'ਮਰੇ ਜਾਂ ਨਾ ਮਰੇ' ਪਰ ਬੰਦਾ ਆਪਣੇ ਆਪ ਨੂੰ ਜਰੂਰ ਮਾਰਦਾ ਹੈ। ਨਿੱਤ ਮਰ ਰਿਹਾ, ਕਿਸੇ ਨੂੰ ਕੋਈ ਫਰਕ ਨੀ ਪਿਆ। ਬੰਦਾ ਕਿਵੇਂ ਮਰਦੈ ਹੈ ,ਇਸ ਦੀ ਕਿਧਰੇ ਭਿਣਕ ਵੀ ਨੀ ਪੈਂਦੀ ਤੇ ਨਾ ਹੀ ਕੰਨੋਂ-ਕੰਨੀਂ ਖ਼ਬਰ ਨੀਂ ਹੁੰਦੀ ਹੈ। ਕਿਧਰੇ ਸ਼ੋਕ ਮਤੇ ਵੀ ਨੀ ਪੈਂਦੇ, ਅਖ਼ਬਾਰਾਂ ਨੂੰ ਬਿਆਨ ਵੀ ਜਾਰੀ ਨਹੀਂ ਹੁੰਦੇ। ਇੱਥੇ ਕਈ ਸਮਾਜ ਦੇ ਚੌਧਰੀ ਸਵੇਰੇ ਉਠ ਕੇ ਇਹ ਦੇਖਦੇ ਨੇ ਕਿਹੜਾ ਬਿਆਨ ਜਾਰੀ ਕਰਨਾ ਹੈ। ਇਹ ਕੰਮ ਸਿਆਸੀ ਆਗੂ ਕਰੇ ਤਾਂ ਕਰੇ, ਉਸ ਦੀ ਆਪਣੀ 'ਭੁੱਖ' ਹੋ ਸਕਦੀ ਹੈ, ਪਰ ਜਦੋਂ ਕੋਈ 'ਸਾਹਿਤ ਤੇ ਸਮਾਜ ਸੇਵੀ ਸੰਸਥਾ' ਇਹ ਸੋਚਣ ਲੱਗ ਪਏ ਕਿ 'ਘਬਰਾ ਨਾ ਤੇਰੀ ਮੌਤ' ਤੇ ਵੀ ਅਸੀਂ ਮਤਾ ਪਾ ਦਿਆਂਗੇ ਤੇ ਅਖ਼ਬਾਰ ਨੂੰ ਬਿਆਨ ਜਾਰੀ ਕਰ ਦਿਆਂਗੇ।

ਜਿਵੇਂ ਆਪ ਮਰਨਾ ਹੀ ਨੀ ਹੁੰਦਾ। ਬੰਦਾ ਸਰੀਰਕ ਮੌਤ ਤਾਂ ਇੱਕ ਦਿਨ ਮਰਦਾ ਪਰ ਮਾਨਸਿਕ ਤੌਰ ਤੇ ਪਲ ਪਲ ਮਰਦਾ। ਘਟਨਾ ਕੋਈ ਵੀ ਹੋਵੇ ,ਅੱਜ ਕੱਲ ਇਹੀ ਕੁੱਝ ਹੀ ਹੁੰਦਾ ਹੈ ਸਿਰਫ਼ ਬਿਆਨ ਹੀ ਜਾਰੀ ਹੁੰਦੇ ਹਨ। ਸਥਿਤੀ ਕਾਬੂ ਹੇਠ ਹੈ... ਜਾਂਚ ਕਮਿਸ਼ਨ ਬਣਾ ਦਿੱਤਾ।

ਹਕੀਕਤ ਵਿੱਚ ਕੁੱਝ ਨਹੀਂ ਹੁੰਦਾ। ਕਦੋ ਤੋਂ ਕਮਿਸ਼ਨ ਬਣ ਰਹੇ ਹਨ। ਸਰਕਾਰ ਦੇ ਸਿੱਟ ਆਈ ਹੈ ਬਹੁਤ ਫਿੱਟ... ਪਰ ਲੋਕ ਰਹੇ ਪਿੱਟ... ਕੀ ਹੈ ਇਹ ਵੀਹ ਬਾਰ ਬਣੀ ਆ ਸਿੱਟ? ਜਦੋਂ ਸਾਰੇ ਹੀ ਮੂੰਹ ਮੀਚ ਕੇ ਬਹਿ ਜਾਣ... ਸਰਾਣੇ ਬਾਂਹ ਰੱਖ ਕੇ ਪੈ ਜਾਣ ਤਾਂ ਕਿਸੇ ਨੂੰ ਤਾਂ ਬੋਲਣਾ ਪਵੇਗਾ ਤੇ ਫੇਰ ਕਿਸੇ ਨੂੰ ਤਾਂ ਲਿਖਣਾ ਪਊ?

ਕਈਆਂ ਨੂੰ ਇਹ ਭਰਮ ਹੈ ਕਿ ਅਸੀਂ 'ਚੌਧਰੀ' ਹਾਂ ਤੇ ਸਾਡੀ ਚੌਧਰ ਦਾ ਵਧੇਰੇ ਬੋਲਬਾਲਾ ਹੈ, ਉਹ ਹਰ ਥਾਂ ਚੌਧਰ ਘੋਟਦੇ ਹਨ ਤੇ ਆਪਣੇ ਪ੍ਰਵਚਨ ਸੁਣਾਉਂਦੇ ਹਨ। ਕੁਰਸੀ ਦੁਆਲੇ ਪੂਛ ਮਾਰਦੇ ਹਨ... ਕੁਰਸੀ ਤੇ ਜੀਭ ਫੇਰ ਕੇ ਸਾਫ ਕਰਦੇ ਹਨ ਤੇ ਝੋਲੀ ਭਰਦੇ ਹਨ।

ਕਈ ਵਾਰ ਭਰਮ ਵਿੱਚ ਜਾ ਸ਼ਰਮ ਵਿੱਚ ਮੀਸਣਾ ਹਾਸ ਹਸਦੇ ਹਨ।ਉਹਨਾਂ ਦੀਆਂ ਛੱਲ ਵਲੱਲੀਆਂ ਦਾ ਪਤਾ ਨੀ ਲੱਗਦੈ ਕਿ ਹੋ ਕੀ ਰਿਹਾ..?

ਉਹ ਆਪਣਿਆਂ ਨੂੰ ਹੀ ਨਹੀਂ ਸਗੋਂ ਬੇਗਾਨਿਆਂ ਨੂੰ ਅਜਿਹੇ ਹੁਕਮ ਕਰਨ ਲੱਗਦੇ ਹਨ ਕਿ ਸੁਣਨ ਵਾਲੇ ਨੂੰ ਸਮਝ ਨੀ ਪੈਂਦੀ ਇਹ 'ਸੱਜਣ ਪੁਰਸ਼' ਕੀ ਕਹਿ ਰਹੇ ਹਨ ? ਬਹੁਤਿਆਂ ਨੇ ਲਿਖਣਾ ਸ਼ੁਗਲ ਬਣਾ ਲਿਆ ਹੈ। ਉਹਨਾਂ ਸ਼ੌਕ ਪਾਲ ਲਿਆ ਜਿਵੇਂ ਕਬੂਤਰ ਪਾਲੀ ਦੇ ਹਨ।

ਹੁਣ ਉਹ ਸ਼ਰਾਬੀ ਵਾਂਗ ਕਿਤਾਬਾਂ ਦੀਆਂ 'ਉਲਟੀਆਂ' ਕਰੀ ਜਾ ਰਹੇ ਹਨ। ਉਨਾਂ ਦੀਆਂ ਕਿਤਾਬਾਂ ਕਿਸ ਦੀ 'ਜੇਬ' ਭਾਰੀ ਕਰਦੀਆਂ ਹਨ? ਇਹ ਤਾਂ ਉਹ ਜਾਣਦੇ ਹਨ, ਜਿਹੜੇ ਛਾਪਦੇ ਹਨ। ਜਿਸ ਤਰਾਂ ਹੁਣ ਸਮਾਜ ਵਿੱਚ ਇਨਾਂ 'ਉਲਟੀਧਾਰੀਆਂ' ਦਾ ਵਾਧਾ ਹੋਇਆ ਹੈ, ਇਸ ਨਾਲ ਆਲੇ-ਦੁਆਲੇ ਪ੍ਰਦੂਸ਼ਣ ਹੋਇਆ ਹੈ।

ਜਦੋਂ ਇਹੋ ਜਿਹੀਆਂ 'ਉਲਟੀਆਂ' ਨੂੰ ਲਿਪ ਪੋਚ ਕੇ ਲੋਕਾਂ ਨੂੰ 'ਵੱਡੇ' ਪੇਸ਼ ਕਰਨ ਤਾਂ ਸਮਝ ਨਹੀਂ ਆਉਂਦੀ ਕਿ ਅਸੀਂ ਕਿਹੜੇ ਸਮਿਆਂ 'ਚ ਕਿਹੜੇ ਕਵੀਆਂ ਦੇ ਘੇਰੇ ਵਿੱਚ ਫਸੇ ਬੈਠੇ ਹਾਂ। ਸ਼ਬਦਾਂ ਦੀਆਂ ਜੁਗਾਲੀਆਂ ਕਰਦਿਆਂ ਤੇ ਸੁਣਦਿਆਂ ਹੁਣ ਡਰ ਜਿਹਾ ਲੱਗਣ ਲੱਗ ਪਿਆ ਹੈ ਕਿ ਅਸੀਂ ਕਿਸ ਨੂੰ ਆਖੀਏ ਕਿ 'ਰਾਣੀਏ ਅੱਗਾ ਢੱਕ'।

ਹੁਣ ਤਾਂ ਚਿੱਟੀਆਂ ਮੁੱਛਾਂ ਵਾਲੇ 'ਰਾਣੀਆਂ' ਨੂੰ 'ਰਾਣੀਹਾਰ' ਪਾਉਣ ਦੇ ਲਈ ਪੱਬਾਂ ਭਾਰ ਹੋਏ ਆਪਣੇ ਕਾਰੋਬਾਰ ਹੀ ਬੰਦ ਕਰੀ ਜਾ ਰਹੇ ਹਨ। ਇਨਾਂ ਬੇਗ਼ਮਾਂ ਨੂੰ ਥਾਂ ਥਾਂ ਹੁੰਦੇ ਸ਼ਬਦਾਂ ਦੇ ਮੁਜਰਿਆਂ ਦੇ ਵਿੱਚ 'ਖਾਸ ਬੇਗ਼ਮ' ਦਾ ਖਿਤਾਬ ਦਿ-ਵਾਉਣ ਲਈ ਜੁਗਾੜਬੰਦੀ ਕਰਦੇ ਹਨ ਜੇ ਅਗਾਂਹ ਦਾਲ ਨਾ ਗਲੇ ਤਾਂ ਪੱਲਿਓਂ ਮਾਇਆ ਵੀ ਭੇਟ ਕਰੀ ਜਾ ਰਹੇ ਹਨ।

ਇਨਾਂ 'ਚਿੱਟੀਆਂ ਮੁੱਛਾਂ' ਵਾਲਿਆਂ ਨੇ ਸਾਹਿਤ ਦੀ ਬੜੀ ਸੇਵਾ ਕੀਤੀ ਹੈ। ਇਹ ਹਰ ਵੇਲੇ ਅਸਮਾਨ ਚੜੀ ਇੱਲ ਵਾਂਗ 'ਕੱਚੇ ਮਾਸ' 'ਤੇ ਨਿਗਾ ਰੱਖਦੇ ਹਨ। ਜਦੋਂ ਕਦੇ ਅਸੀਂ ਇਨਾਂ 'ਚਿੱਟੀਆਂ' ਦਾਹੜੀਆਂ ਦੇ ਕੁਰਸੀਨਾਮੇ ਵੇਖਦੇ ਹਾਂ ਤਾਂ ਸਮਝ ਆਉਂਦੀ ਹੈ ਕਿ 'ਜਿਹੇ ਕੁੱਜੇ ਤੇਹੇ ਆਲੇ' ਹਨ। ਉਹ ਆਪਣੇ ਆਲੇ ਦੁਆਲੇ ਜਿਹੜੇ 'ਗੜਵਈਆਂ' ਭੀੜ ਲਾਈ ਬੈਠੇ ਹਨ, ਜਦੋਂ ਉਹ ਪ੍ਰਵਚਨ ਕਰਦੇ ਹਨ ਕਿ ਸਾਡੇ ਆਲੇ ਦੁਆਲੇ ਸਮਾਜ ਵਿੱਚ ਏਨਾ ਪ੍ਰਦੂਸ਼ਣ ਵਧਾਉਣ ਵਾਲੀਆਂ ਸ਼ਕਤੀਆਂ ਪੈਦਾ ਹੋ ਗਈਆਂ ਹਨ, ਜਿਹੜੀਆਂ ਸਮਾਜ ਨੂੰ ਗਧਿਆਂ ਵਾਂਗ ਚਰੀ ਜਾ ਰਹੀਆਂ ਹਨ ਤਾਂ ਹਾਸਾ ਆਉਂਦਾ ਹੈ। ਇਹ ਹਾਸਾ ਰੋਣੇ ਵਰਗਾ ਹੁੰਦਾ ਹੈ ਪਰ ਇਸ ਰੋਣੇ ਨੂੰ ਕੋਈ ਸੁਣਦਾ ਨਹੀਂ। ਸਗੋਂ ਹਰ ਕੋਈ 'ਟਿੰਡ ਵਿੱਚ ਕਾਨਾ' ਪਾਈ ਬੈਠਾ ਆਪਣਾ-ਆਪਣਾ ਰਾਗ ਅਲਾਪ ਰਿਹਾ ਹੈ। ਇਹ ਰਾਗ ਕਿਹੜਾ ਹੈ?

ਇਸ ਦੀ ਨਾ ਤਾਂ ਉਨਾਂ ਨੂੰ ਸਮਝ ਹੈ ਤਾਂ ਨਾ ਹੀ ਸੁਣਨ ਵਾਲਿਆਂ ਨੂੰ ਸਮਝ ਆਉਂਦੀ ਹੈ।

ਸਮਾਜ ਵਿੱਚ ਵੱਧ ਰਹੇ ਸ਼ੋਰ ਕਰਕੇ 'ਮੁਰਾਰੀ ਲਾਲ' ਆਪਣੀ ਚੁੱਪ ਦੀ ਗੁਫ਼ਾ ਵਿੱਚ ਬੈਠਾ ਆਖੀ ਜਾ ਰਿਹਾ ਹੈ। 'ਭਾਊ ਤੈ ਕੀ ਲੈਣਾ ਐ'! ਢਕੀ ਰਿੱਝਣ ਦੇ।

ਪਰ ਚੌਕੀਦਾਰ ਕੀ ਕਹੇ? ਜਾਗਦੇ ਰਹੋ ਜਾਗਦੇ ਕਿ... ਚੋਰੋ ਆ ਜਾਓ ਤੇ ਘਰਾਂ ਵਾਲਿਓ ਸੌਂ ਜਾਓ ?। ...ਜਦੋਂ ਅੰਨ੍ਹੀ ਪੀਹਵੇ ਤੇ ਕੁੱਤਾ ਚੱਟੇ.. ਫਿਰ ਤਾਂ ਏਹੀ ਕਹਿਣ ਦੀ ਲੋੜ ਹੈ। ਚੌਕੀਦਾਰਾ ਲੈ ਮਿੱਤਰਾ... ਤੇਰੇ ਲੱਗਦੇ ਨੇ ਬੋਲ ਪਿਆਰੇ। ਪਿਆਰ, ਜੰਗ ਤੇ ਸਿਆਸਤ ਵਿੱਚ ਸਭ ਜਾਇਜ਼ ਨਹੀਂ ਹੁੰਦਾ ਸਭ ਕੁਝ ਨਜਾਇਜ਼ ਹੁੰਦਾ ਐ। ਪਰ ਸਾਹਿਤ ਤੇ ਇਤਿਹਾਸ ਦੇ ਦਰਬਾਰੀ ਲੇਖਕਾਂ ਨੇ ਸਭ ਕੁੱਝ ਸੱਤਾ ਦੇ ਇਸ਼ਾਰੇ ਝੂਠ ਨੂੰ ਸੱਚ ਬਣਾ ਦਿੱਤਾ ਐ। ਪਰ ਸਮੇਂ ਦੇ ਨਾਲ ਤਾਂ ਹੜ੍ਹ ਦਾ ਪਾਣੀ ਵੀ ਨਿੱਤਰ ਜਾਂਦਾ ਐ। ਪਰ ਹੁਣ ਤੇ ਮੀਡੀਆ ਕਰੋਨਾ ਵਾਇਰਸ ਦੀ ਪਰਲੋ ਲਿਆਉਣ ਉਤੇ ਲੱਗਿਆ ਐ।ਸਰਕਾਰ ਦਾ ਨੰਗ ਢਕੀ ਜਾ ਰਿਹਾ। ਮੂੰਹ ਉਤੇ ਲੱਗੀ ਕਾਲਖ ਧੋਣ ਲੱਗਿਆ ਪਿਆ ਐ। ਪਰ ਖੂਨ ਦੇ ਧੱਬੇ ਕਦੋਂ ਮਿੱਟਦੇ ਹਨ। ਖੈਰ ਬਾਕੀ ਤੁਸੀਂ ਆਪ ਸਿਆਣੇ ਓ। ਸਮਾਂ ਬੜਾ ਬਲਵਾਨ ਐ।

# ਪੰਜਾਬੀ ਅਤੇ ਪੰਜਾਬੀਆਂ ਦਾ 'ਅਸਲੀ ਗੁਰਦਾਸ'

ਮੰਡੀ ਦੇ ਅੱਜ ਦੇ ਦੌਰ ਵਿੱਚ ਜ਼ਿਆਦਾ ਚਰਚਾ ਉਸੇ ਦੀ ਹੁੰਦੀ ਹੈ, ਜੋ ਕਲਮ ਨੂੰ ਧੰਦਾ ਬਣਾ ਕੇ ਖੁੱਲ੍ਹੇਆਮ ਉਸ ਦਾ ਵਿਉਪਾਰ ਕਰਦਾ ਹੈ, ਚਾਹੇ ਉਹ ਸਾਹਿਤਕਾਰ ਹੋਵੇ ਜਾਂ ਗਾਇਕ। ਇਸ ਪੱਖੋਂ ਦੇਖਿਆ ਜਾਏ ਤਾਂ ਪੰਜਾਬੀਆਂ ਨੇ ਵੀ 'ਅਸਲੀ ਗੁਰਦਾਸ' ਨੂੰ ਸਮਝਣ ਵਿੱਚ ਗਲਤੀ ਕੀਤੀ ਹੈ। ਇਹ ਦੁੱਖ ਦੀ ਗੱਲ ਹੈ ਕਿ ਪੰਜਾਬੀਆਂ ਨੇ ਅਸਲੀ ਗੁਰਦਾਸ, ਜੋ ਕਿ ਮਾਂ ਬੋਲੀ ਦਾ ਨਿਸ਼ਕਾਮ ਸੇਵਕ ਸੀ ਉਸ ਨੂੰ ਵਿਸਾਰ ਦਿੱਤਾ ਅਤੇ ਨਕਲੀ ਗੁਰਦਾਸ, ਜਿਸ ਨੇ ਮਾਂ ਬੋਲੀ ਦੇ ਨਾਂ 'ਤੇ ਵਪਾਰ ਕੀਤਾ, ਉਸ ਨੂੰ ਅਥਾਹ ਸ਼ੋਹਰਤ ਦਿੱਤੀ।

ਪੰਜਾਬੀਆਂ ਦਾ 'ਅਸਲੀ ਗੁਰਦਾਸ' ਗੁਰਦਾਸ ਰਾਮ ਆਲਮ ਸੀ, ਜਿਸ ਨੇ ਪੰਜਾਬੀ ਮਾਂ ਬੋਲੀ ਦੇ ਸਤਿਕਾਰ ਨੂੰ ਸਿਖਰਾਂ ਤੱਕ ਪਹੁੰਚਾਇਆ। ''ਕਿਉਂ ਬਈ ਨਿਹਾਲਿਆ ਆਜ਼ਾਦੀ ਨਹੀਂ

ਡਾ ਗੁਰਵਿੰਦਰ ਸਿੰਘ

ਵੇਖੀ?'' ਵਰਗੀ ਗੁਰਦਾਸ ਰਾਮ ਆਲਮ ਦੀ ਲਿਖਤ, ਅੱਜ ਵੀ ਲੋਕ ਮਨਾਂ ਦਾ ਹਿੱਸਾ ਬਣੀ ਹੋਈ ਹੈ।

ਦੁੱਖ ਇਸ ਗੱਲ ਦਾ ਹੈ ਕਿ 'ਅਸਲੀ ਗੁਰਦਾਸ' ਨੂੰ ਭੁਲਾ ਕੇ ਪੰਜਾਬੀਆਂ ਨੇ 'ਨਕਲੀ ਗੁਰਦਾਸ' ਨੂੰ ਸਿਰੇ ਚੜ੍ਹਾਇਆ, ਜਿਸ ਨੇ 'ਮਾਂ ਤੇ ਮਾਸੀ' ਵਾਲਾ ਬਿਰਤਾਂਤ ਸਿਰਜਿਆ ਅਤੇ 'ਇਕ ਰਾਸ਼ਟਰ ਇਕ ਭਾਸ਼ਾ' ਦੀ ਗੱਲ ਵੱਲ ਹੋ ਤੁਰਿਆ। ਸਾਰੀ ਉਮਰ ਪੰਜਾਬੀ ਦੇ ਪੱਲਿਓਂ ਰੋਟੀਆਂ ਖਾ ਕੇ ਪੰਜਾਬੀ ਨੂੰ ਹੀ ਵਿਸਾਰ ਦਿੱਤਾ।

ਪੰਜਾਬੀ ਦੇ 'ਅਸਲੀ ਗੁਰਦਾਸ' ਬਾਰੇ ਗਿਆਨ ਦੇਣ ਦਾ ਇੱਕ ਚੰਗਾ ਉਪਰਾਲਾ 'ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕੈਨੇਡਾ' ਵੱਲੋਂ ਕੀਤਾ ਗਿਆ ਹੈ। ਜਿਸ ਰਾਹੀਂ ''ਪੰਜਾਬੀ ਕਵਿਤਾ ਦਾ ਮਾਣ: ਗੁਰਦਾਸ ਰਾਮ ਆਲਮ'' ਬੈਨਰ ਹੇਠ 9 ਅਕਤੂਬਰ ਦਿਨ ਐਤਵਾਰ ਨੂੰ 7050 ਸੀਨੀਅਰ ਸੈਂਟਰ ਸਰੀ ਵਿਖੇ ਸਾਹਿਤਕ ਸਮਾਗਮ ਅਤੇ ਕਵੀ ਦਰਬਾਰ ਬਾਅਦ ਦੁਪਹਿਰ ਇੱਕ ਵਜੇ ਤੋਂ ਤਿੰਨ ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਲੋਕ ਕਵੀ ਗੁਰਦਾਸ ਰਾਮ ਇਸ ਸਾਹਿਤਕ ਸਮਾਗਮ ਵਿੱਚ ਸਭ ਨੂੰ ਵੱਧ ਚੜ ਕੇ ਸ਼ਾਮਿਲ ਹੋਣ ਲਈ ਖੁੱਲ੍ਹਾ ਸੱਦਾ ਹੈ!

ਅਖੌਤੀ ਉੱਚ ਸਮਾਜ ਅਤੇ ਅਖੌਤੀ ਬ੍ਰਾਹਮਣੀ ਨਿਜ਼ਾਮ ਵੱਲੋਂ ਦੁਰਕਾਰੇ ਹੋਏ ਅਤੇ ਦੱਬੇ- ਕੁਚਲੇ ਲੋਕਾਂ ਦੀ ਗੱਲ ਕਰਨ ਵਾਲਾ ਅਤੇ ਮਨੁੱਖੀ ਬਰਾਬਰੀ ਦਾ ਹਾਮੀ ਲੋਕ ਕਵੀ ਗੁਰਦਾਸ ਰਾਮ ਆਲਮ (29 ਅਕਤੂਬਰ 1912 - 27 ਸਤੰਬਰ 1989) ਸਹੀ ਅਰਥਾਂ ਵਿੱਚ 'ਲੋਕ ਕਵੀ' ਹੈ। ਆਲਮ ਨੇ ਪੇਂਡੂ ਜੀਵਨ ਵਿੱਚ ਦਲਿਤ ਵਰਗ ਦੇ ਅਨੁਭਵਾਂ ਨੂੰ ਲੋਕ ਬੋਲੀ ਵਿੱਚ ਪੇਸ਼ ਕੀਤਾ ਹੈ। ਉਸ ਦਾ ਜਨਮ ਪਿੰਡ ਬੁੰਡਾਲਾ, ਜ਼ਿਲ੍ਹਾ ਜਲੰਧਰ (ਪੰਜਾਬ) ਵਿੱਚ ਮਾਤਾ ਜੀਉਣੀ ਤੇ ਪਿਤਾ ਸ੍ਰੀ ਰਾਮ ਦੇ ਘਰ ਹੋਇਆ। ਉਸ ਨੂੰ ਰਸਮੀ ਪੜ੍ਹਾਈ ਦਾ ਮੌਕਾ ਨਾ ਮਿਲ ਸਕਿਆ। ਫਿਰ ਵੀ ਗੁਰਦਾਸ ਰਾਮ ਆਲਮ ਨੇ ਆਪਣੇ ਸ਼ੌਕ ਸਦਕਾ ਆਪਣੇ ਦੋਸਤਾਂ ਕੋਲੋਂ ਹੀ ਚੰਗਾ-ਸੁਹਣਾ ਪੜ੍ਹਨਾ-ਲਿਖਣਾ ਸਿੱਖ ਲਿਆ। ਜਾਤ- ਪਾਤ, ਨਸਲਵਾਦ, ਫਾਸ਼ੀਵਾਦ ਅਤੇ ਕੱਟੜਵਾਦ ਵਿਰੋਧੀ ਗੁਰਦਾਸ ਰਾਮ ਆਲਮ ਦੀਆਂ ਰਚਨਾਵਾਂ ਹਨ: ਮੈਂ ਮਰ ਗਿਆ, ਅੱਲੇ ਫੱਟ, ਉਡਦੀਆਂ ਧੂੜਾਂ, ਆਪਣਾ ਆਪ ਅਤੇ ਆਲਮ ਕਾਵਿ।

ਮੈਂ ਆਪਣੇ ਆਪ ਨੂੰ ਸੁਭਾਗਾ ਸਮਝਦਾ ਹਾਂ ਕਿ ਸਕੂਲ ਸਮੇਂ ਮਹਾਨ ਸ਼ਾਇਰ ਗੁਰਦਾਸ ਰਾਮ ਆਲਮ ਦੇ ਕਈ ਵਾਰ ਦਰਸ਼ਨ ਕਰਨ ਦਾ ਸੁਭਾਗ ਮਿਲਿਆ। ਸੰਨ 1983 ਦੀ ਗੱਲ ਹੈ, ਜਦੋਂ ਸੀਨੀਅਰ ਸੈਕੰਡਰੀ ਸਕੂਲ ਲਾਡੋਵਾਲੀ ਰੋਡ ਜਲੰਧਰ ਪੜ੍ਹਦੇ ਸਾਂ, ਤਾਂ ਸਾਡੇ ਅਧਿਆਪਕ ਉਸਤਾਦ ਗ਼ਜ਼ਲਗੋ ਉਲਫ਼ਤ ਬਾਜਵਾ ਨੂੰ ਮਿਲਣ ਗੁਰਦਾਸ ਰਾਮ ਆਲਮ ਅਕਸਰ ਆਇਆ ਕਰਦੇ ਸਨ। ਓਦੋਂ ਹੀ ਬਾਜਵਾ ਸਾਹਿਬ ਨੇ ਪਹਿਲੀ ਵਾਰ ਮਹਾਨ ਸ਼ਾਇਰ ਗੁਰਦਾਸ ਰਾਮ ਹੁਰਾਂ ਨੂੰ ਮਿਲਾਇਆ।

ਉਸ ਸੁਭਾਗੀ ਘੜੀ ਸੀ, ਜਦੋਂ ਆਲਮ ਸਾਹਿਬ ਨੇ ਆਪਣੇ ਹੱਥੀਂ ਆਪਣੀ ਲਿਖਤ ''ਕਿਉਂ ਬਈ ਨਿਹਾਲਿਆ ਆਜ਼ਾਦੀ ਨਹੀਂ ਵੇਖੀ?'' ਮੈਨੂੰ ਦਿੱਤੀ ਅਤੇ ਥਾਪੜਾ ਦਿੰਦਿਆਂ ਇਹ ਕਵਿਤਾ ਚੇਤੇ ਕਰਨ ਲਈ ਉਤਸ਼ਾਹ ਵਧਾਇਆ। ਛੇਵੀਂ ਜਮਾਤ ਵਿੱਚ ਇਹ ਕਵਿਤਾ ਮੈਂ ਜ਼ਬਾਨੀ ਯਾਦ ਕਰ ਲਈ ਸੀ, ਜੋ ਹੁਣ ਵੀ ਹਰ ਘੜੀ ਜ਼ੁਬਾਨ 'ਤੇ ਰਹਿੰਦੀ ਹੈ।

ਆਜ਼ਾਦੀ ਤੋਂ ਤਿੰਨ ਵਰ੍ਹੇ ਮਗਰੋਂ ਲਿਖੀ ਇਹ ਕਵਿਤਾ ਅੱਜ ਦੇ ਕਾਲੇ ਦੌਰ 'ਤੇ ਵੀ ਹੂ-ਬ-ਹੂ ਢੁਕਦੀ ਹੈ। ਕੈਨੇਡਾ ਦੀ ਧਰਤੀ ਤੇ ਪ੍ਰਿੰਸੀਪਲ ਮਲੂਕ ਚੰਦ ਕਲੇਰ ਵੱਲੋਂ ਕੀਤੇ ਉਪਰਾਲੇ ਰਾਹੀਂ ਹੋ ਰਹੇ ਗੁਰਦਾਸ ਰਾਮ ਆਲਮ ਯਾਦਗਾਰੀ ਸਮਾਗਮ ਮੌਕੇ, 9 ਅਕਤੂਬਰ ਦਿਨ ਐਤਵਾਰ ਨੂੰ 7050 ਸੀਨੀਅਰ ਸੈਂਟਰ ਸਰੀ ਵਿਖੇ ਸਭ ਨੂੰ ਪਹੁੰਚਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਉਂਝ ਤਾਂ ਆਲਮ ਸਾਹਿਬ ਦੀ ਹਰ ਰਚਨਾ ਹੀ ਕਾਬਲੇ- ਤਾਰੀਫ਼ ਹੈ, ਪਰ ਕੁਝ -ਇਕ ਕਵਿਤਾਵਾਂ ਦੀ ਸਾਂਝ ਪਾਠਕਾਂ ਨਾਲ ਪਾ ਰਹੇ ਹਾਂ। ਪੰਜਾਬ, ਪੰਜਾਬੀ ਅਤੇ ਪੰਜਾਬੀਆਂ ਦੇ ਨੂੰਅਸਲੀ ਗੁਰਦਾਸ' ਬਾਰੇ ਖੁੱਲ੍ਹੀਆਂ ਗੱਲਾਂ ਇਸ ਸਾਹਿਤਕ ਸਮਾਗਮ ਮੌਕੇ ਹੋਣਗੀਆਂ।

**"ਕਿਉਂ ਬਈ ਨਿਹਾਲਿਆ"**

ਆਜ਼ਾਦੀ ਨਹੀਂ ਵੇਖੀ,
ਨਾ ਬਈ ਭਰਾਵਾ ਨਾ ਖਾਧੀ ਨਾ ਦੇਖੀ।
ਮੈਂ ਜੱਗੂ ਤੋਂ ਸੁਣਿਆ ਅੰਬਾਲੇ ਖੜ੍ਹੀ ਸੀ,
ਬੜੀ ਭੀੜ ਉਸਦੇ ਦੁਆਲੇ ਖੜ੍ਹੀ ਸੀ।
ਆਈ ਨੂੰ ਤਾਂ ਭਾਵੇਂ ਤੀਆ ਸਾਲ ਬੀਤਾ,
ਅਸੀਂ ਤਾਂ ਅਜੇ ਤੱਕ ਦਰਸ਼ਣ ਨਹੀਂ ਕੀਤਾ।
ਦਿੱਲੀ 'ਚ ਆਉਂਦੀ ਹੈ ਸਰਦੀ ਦੀ ਰੁੱਤੇ,
ਤੇ ਹਾੜਾਂ 'ਚ ਰਹਿੰਦੀ ਪਹਾੜਾਂ ਦੇ ਉੱਤੇ।
ਗ਼ਰੀਬਾਂ ਨਾਲ ਲਗਦੀ ਲੜੀ ਹੋਈ ਆ ਖ਼ਬਰੇ,
ਅਮੀਰਾਂ ਦੇ ਹੱਥੀਂ ਚੜ੍ਹੀ ਹੋਈ ਆ ਖ਼ਬਰੇ।
ਅਖ਼ਬਾਰਾਂ 'ਚ ਪੜ੍ਹਿਆ ਜਰਵਾਣੀ ਜਿਹੀ ਏ,
ਕੋਈ ਸੋਹਣੀ ਤਾਂ ਨਹੀਂ ਐਵੇਂ ਕਾਣੀ ਜਿਹੀ ਏ।
ਮੰਨੇ ਜੇ ਉਹ ਕਹਿਣਾ ਅਸੀਂ ਵੀ ਮੰਗਾਈਏ,
ਛੰਨਾਂ ਤੇ ਢਾਰਿਆਂ 'ਚ ਭੁੰਜੇ ਸਵਾਈਏ।
ਪਰ ਏਨਾ ਪਤਾ ਨਹੀਂ ਕੀ ਖਾਂਦੀ ਹੁੰਦੀ ਏ,
ਕਿਹੜੀ ਚੀਜ਼ ਤੋਂ ਦਿਲ ਚੁਰਾਂਦੀ ਹੁੰਦੀ ਏ।
ਸ਼ਿਮਲੇ ਤਾਂ ਓਸ ਅੱਗੇ ਆਂਡੇ ਹੁੰਦੇ ਨੇ,
ਬਈ ਸਾਡੀ ਤਾਂ ਖੁਰਲੀ 'ਚ ਟਾਂਡੇ ਹੁੰਦੇ ਨੇ।''
''ਮੈਂ ਇਕ ਹੱਥ ਫੜ ਲਈ ਦਾਤਰੀ ਤੇ ਦੂਜੇ ਹੱਥ ਵਿਦਾਨ।
ਮੈਂ ਕੱਠੇ ਕਰ ਲਏ ਮਿਹਨਤੀ,
ਕੁੱਲ ਕਾਮੇ ਤੇ ਕਿਰਸਾਨ।
ਮੈਂ ਸੱਭੇ ਫਾਹੀਆ ਤੋੜੀਆਂ,
ਫਿਰ ਮੈਂ ਜੋੜੇ ਲੋਕ ਮਹਾਨ।
ਮੈਂ ਪਉਣ ਨੂੰ ਗੰਢਾਂ ਮਾਰ ਕੇ,
ਕੀਤੇ ਪਿਛਲੇ ਰੱਦ ਅਖਾਣ।''
''ਓਏ ਕਵੀਆ ਮੇਰੀ ਕਲਾਸ ਦਿਆ,



ਛੱਡ ਆਦਤ ਨੱਚਣ ਗਾਣੇ ਦੀ।
ਜਾਂ ਬੈਠਾ ਰਹੁ ਮੂੰਹ ਬੰਦ ਕਰ ਕੇ,
ਜਾਂ ਗੱਲ ਕਰ ਕਿਸੇ ਟਿਕਾਣੇ ਦੀ।
ਕੀ ਲਿਖਦਾ, ਕਿਸ ਲਈ ਲਿਖਦਾ ਏਂ,
ਇਸ ਗੱਲ ਨੂੰ ਗਹੁ ਨਾਲ ਸੋਚ ਜ਼ਰਾ।
ਤੇਰੀ ਲਿਖਤ ਸਹਾਇਤਾ ਕਰਦੀ ਏ,
ਜਾਂ ਲਿੱਸੇ ਜਾਂ ਜਰਵਾਣੇ ਦੀ।''
''ਮੈਂ ਸ਼ਾਇਰ ਹਾਂ ਇਕ ਸ਼੍ਰੇਣੀ ਦਾ,
ਸੰਸਾਰ ਨੂੰ ਖੁਸ਼ ਨਹੀਂ ਕਰ ਸਕਦਾ।
ਮੈਂ ਲਿਖਦਾ ਹਾਂ ਮਜ਼ਦੂਰਾਂ ਲਈ,
ਜ਼ਰਦਾਰ ਨੂੰ ਖੁਸ਼ ਨਹੀਂ ਕਰ ਸਕਦਾ।
ਸੱਚ ਝੂਠ ਤੇ ਦੁਸ਼ਮਨ ਦੋਸਤ ਨੂੰ,
ਜਦ ਲੱਭ ਲਿਆ ਮੇਰੀਆਂ ਨਜ਼ਰਾਂ ਨੇ,
ਮੇਰੀ ਸੋਚ ਤੇ ਸੂਝ ਜਮਾਤੀ ਹੈ,
ਗੁਨਾਹਗਾਰ ਨੂੰ ਖੁਸ਼ ਨਹੀਂ ਕਰ ਸਕਦਾ।
ਸੱਚ ਕਹਿਣ ਦੀ ਮੇਰੀ ਆਦਤ ਹੈ,
ਮੈਂ ਵਲ ਪਾ ਕੇ ਗੱਲ ਕਰਦਾ ਨਹੀਂ
ਆਸ਼ਕ ਹਾਂ ਜੁਗ ਪਲਟਾਊ ਦਾ,
ਗੱਦਾਰ ਨੂੰ ਖੁਸ਼ ਨਹੀਂ ਕਰ ਸਕਦਾ।''
''ਸ਼ਾਇਰ ਓਹੀ ਜਹਾਨ 'ਤੇ ਹੋ ਸਕਦਾ,
ਜੋ ਸੋਨਾ ਸੋਨੇ ਨੂੰ, ਕੱਚ ਨੂੰ ਕੱਚ ਆਖੇ।
ਕਰੇ ਲੋਕਾਂ ਦੇ ਦਿਲਾਂ ਦੀ ਤਰਜਮਾਨੀ,
ਠੀਕ ਠੀਕ ਤੇ ਖੱਚ ਨੂੰ ਖੱਚ ਆਖੇ।
ਜੋ ਕੁਝ ਕਹਿਣਾ ਉਹ ਕਵ੍ਹੇ ਨਿਧੜਕ ਹੋ ਕੇ,
ਟੱਪ-ਟੱਪ ਆਖੇ, ਨੱਚ-ਨੱਚ ਆਖੇ।
'ਆਲਮ' ਓਸੇ ਦੀ ਰਹੇਗੀ ਅਮਰ ਕਵਿਤਾ,
ਜੋ ਝੂਠ ਨੂੰ ਝੂਠ, ਤੇ ਸੱਚ ਨੂੰ ਸੱਚ ਆਖੇ।''
''ਇਹ ਕੀ ਥੀਊਰੀ ਤੇ ਕੀ ਏ ਸਿਧਾਂਤ ਤੇਰਾ,
ਕਦਮ ਪੁੱਟਣਾ ਪਿੱਛੇ ਪਰਤਾਈ ਜਾਣਾ।
ਨਿਕਲੀ ਮੋਕ ਤੇ ਗਊ ਦਾ ਜਾਇਆ ਬਣਨਾ,
ਬੜ੍ਹਕ ਮਾਰ ਕੇ ਸਾਹਨ ਅਲਾਈ ਜਾਣਾ।
ਚੱਪਾ ਟੁੱਕ ਤੇ ਮੰਜੀ ਦੀ ਥਾਂ ਬਦਲੇ,
ਆਸਾ ਰਾਗ ਤਿਰਕਾਲਾਂ ਨੂੰ ਗਾਈ ਜਾਣਾ।
ਨਾਲੇ ਜਿਹਲ ਜੁਰਮਾਨੇ ਤੋਂ ਬਚੇ ਰਹਿਣਾ,
ਕਮਿਊਨਿਸਟ ਵੀ ਨਾਲੇ ਕਹਾਈ ਜਾਣਾ।
ਤੂੰ ਨਹੀਂ ਜਾਣਦਾ ਥੋਹੜਿਆਂ ਦਿਨਾਂ ਤੀਕਰ'',
ਆਲਮ ਤੈਥੋਂ ਹਿਸਾਬ ਵੀ ਮੰਗਣਾ ਏ।
ਚੁੱਕ ਕੇ ਟਿੰਡ-ਫਹੁੜੀ ਰਾਹ 'ਚੋਂ ਪਰ੍ਹੇ ਹੋ ਜਾ,
ਏਥੋਂ ਲੋਕਾਂ ਦਿਆਂ ਲੀਡਰਾਂ ਲੰਘਣਾ ਏ।

# ਸੋਸ਼ਲ ਮੀਡੀਆ ਰਾਹੀਂ ਵੀ ਸਾਹਿੱਤ ਚੇਤਨਾ ਸੰਚਾਰ ਕਰਕੇ ਪੁਸਤਕ ਸੱਭਿਆਚਾਰ ਦੀ ਉਸਾਰੀ ਸੰਭਵ ਹੈ- ਪ੍ਰੋ. ਗੁਰਭਜਨ ਗਿੱਲ





**ਲੁਧਿਆਣਾ 11 ਅਕਤੂਬਰ-** ਪੰਜਾਬ ਦੀ ਜਵਾਨੀ ਨੂੰ ਪੁਸਤਕ ਸਭਿਆਚਾਰ ਨਾਲੋਂ ਟੁੱਟ ਜਾਣ ਲਈ ਅਸੀਂ ਖੁਦ ਜ਼ਿੰ-ਮੇਵਾਰ ਹਾਂ। ਜ਼ਿਲ੍ਹਾ ਪੁਲੀਸ ਜਗਰਾਉਂ ਵੱਲੋਂ ਲਗਾਏ ਪੁਸਤਕ ਮੇਲੇ ਮੌਕੇ ਸੰਬੋਧਨ ਕਰਦਿਆਂ ਪੰਜਾਬੀ ਲੋਕ ਵਿਰਾਸਤ ਅਕ-ਾਡਮੀ ਦੇ ਚੇਅਰਮੈਨ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਨੌਜਵਾਨਾਂ ਦੇ ਰੋਲ ਮਾਡਲ ਅਧਿਆਪਕਾਂ ਦੇ ਖੁਦ ਹੱਥਾਂ 'ਚ ਹੀ ਕਿਤਾਬ ਨਹੀਂ ਰਹੀ।

ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਪੁਸਤਕ ਮੇਲੇ ਦੌਰਾਨ ਪੁਸਤਕ ਪ੍ਰੇਮੀਆਂ ਤੇ ਲੇਖਕਾਂ ਨੂੰ ਸੰਬੋਧਨ ਕਰਦਿਆਂ ਕਮਹਾ ਕਿ ਜਗਰਾਉਂ ਗਿਆਨ ਦੀ ਧਰਤੀ ਹੈ ਜਿੱਥੇ ਵਿਦਿਆ ਪ੍ਰਕਾਸ਼ ਵੰਡਣ ਵਾਲੇ ਅਦਾਰੇ ਤੇ ਵਿਅਕਤੀ ਬਹੁ ਗਿਣਤੀ ਵਿੱਚ ਹਨ। ਪੰਜਾਬ 'ਚ ਪਹਿਲਾ ਇਸਤਰੀ ਸਿੱਖਿਆ ਕਾਲਿਜ ਸਿੱਧਵਾਂ ਖੁਰਦ ਤੇ ਪਹਿਲਾ ਪੇਂਡੂ ਡਿਗਰੀ ਕਾਲਿਜ ਗੁਰੂ ਸਰ ਸਧਾਰ ਵਿਖੇ ਇਸੇ ਜ਼ਿਲ੍ਹੇ ਵਿੱਚ ਖੁੱਲ੍ਹੇ।

ਸ: ਗਿੱਲ ਨੇ ਕਿਹਾ ਕਿ ਸੋਸ਼ਲ ਮੀਡੀਆ ਜਾਣਕਾਰੀ ਤਾਂ ਦੇ ਸਕਦਾ ਹੈ ਪ੍ਰੰਤੂ ਗਿਆਨ ਸਿਰਫ਼ ਕਿਤਾਬਾਂ ਹੀ ਪੈਦਾ ਕਰ ਸਕਦੀਆਂ ਹਨ। ਸ: ਗਿੱਲ ਨੇ ਕਿਤਾਬਾਂ ਦਾ ਸੱਭਿਆਚਾਰ ਵਿਕਸਤ ਕਰਨ ਲਈ ਬਾਲ ਮਨਾਂ ਵਿਚ ਸਾਹਿਤ ਚੇਤਨਾ ਪੈਦਾ ਕਰਨ ਦੀ ਲੋੜ ਹੈ। ਇਸੇ ਦੌਰਾਨ ਹਾਜ਼ਰ ਲੇਖਕਾਂ ਤੇ ਪਾਠਕਾਂ ਦੀ ਮੰਗ 'ਤੇ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਭਰੂਣ ਹੱਤਿਆ ਖਿਲਾਫ਼ ਆਪਣੀ ਕਵਿਤਾ 'ਲੋਰੀ' ਪੇਸ਼ ਕਰਕੇ ਮਾਹੌਲ ਭਾਵੁਕ ਕਰ ਦਿੱਤਾ। ਉਨ੍ਹਾਂ ਆਪਣੀ ਤਾਜ਼ਾ ਕਾਵਿ ਪੁਸਤਕ ਚਰਖੜੀ ਸ. ਹਰਜੀਤ ਸਿੰਘ ਆਈ ਪੀ ਐੱਸ ਨੂੰ ਭੇਂਟ ਕੀਤੀ।

ਇਸ ਤੋਂ ਮਗਰੋਂ ਵਿਸ਼ੇਸ਼ ਤੌਰ 'ਤੇ ਪੁੱਜੇ ਗੀਤਕਾਰ ਤੇ ਸਾਹਿਤਕਾਰ ਪ੍ਰੀਤ ਸੰਘਰੇੜੀ ਨੇ ਆਪਣੀਆਂ ਸਾਹਿਤਕ ਕਵਿਤਾਵਾਂ 'ਬਾਪੂ, ਚੌਂਕੜਾ, ਮੱਘਰ ਸਿੰਘ ਤੇ ਪੰਜਾਬ ਸਿੰਘ' ਆਦਿ ਕਵਿਤਾਵਾਂ ਨਾਲ ਹਾਜ਼ਰ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਇਸ ਦੌਰਾਨ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਦੇ ਕਵਿਤਾ ਮੁਕਾਬਲੇ ਵੀ ਕਰਵਾਏ ਗਏ। ਕਵਿਤਾ ਪੇਸ਼ਕਾਰੀ ਦੌਰਾਨ ਵਿਦਿਆਰਥੀਆਂ ਨੇ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਕਰਕੇ ਪੁਸਤਕਾਂ ਪੜਨ ਦਾ ਹੋਕਾ ਦਿੱਤਾ। ਅੱਜ ਮੇਲੇ ਵਿੱਚ ਪੁਸਤਕ ਪ੍ਰੇਮੀਆਂ ਵਿਚ ਪੁਸਤਕਾਂ ਖਰੀਦਣ ਨੂੰ ਲੈ ਕੇ ਭਾਰੀ ਦਿਲਚਸਪੀ ਦੇਖਣ ਨੂੰ ਮਿਲੀ। ਇਸ ਉਪਰੰਤ ਖੁੱਲੇ ਕਵੀ ਦਰਬਾਰ ਵਿਚ ਅਜੀਤ ਪਿਆਸਾ, ਪ੍ਰਭਜੋਤ ਸਿੰਘ ਸੋਹੀ, ਰਾਜਦੀਪ ਤੂਰ, ਹਰਬੰਸ ਸਿੰਘ ਅਖਾੜਾ, ਕੁਲਦੀਪ ਸਿੰਘ ਲੋਹਟ, ਸਰਘੀ ਬੜਿੰਗ, ਰਣਜੀਤ ਸਿੰਘ ਹਠੂਰ, ਅਵਤਾਰ ਸਿੰਘ, ਮੇਜਰ ਸਿੰਘ ਛੀਨਾ, ਰਵੀ ਅਦੀਬ, ਡਾ: ਸੁਰਜੀਤ ਸਿੰਘ ਦੌਧਰ, ਪ੍ਰੋ: ਦਲਜੀਤ ਕੌਰ ਹਠੂਰ ਹਰੀ ਸਿੰਘ ਢੁੱਡੀਕੇ, ਏਐਸਆਈ ਜਸਵੀਰ ਸਿੰਘ ਆਦਿ ਨੇ ਆਪਣੀਆਂ ਰਚਨਾਵਾਂ ਪੇਸ਼ ਕਰਕੇ ਚੰਗਾ ਰੰਗ ਬੰਨਿਆ। ਦੇਰ ਸ਼ਾਮ ਐੱਸ।ਐੱਸ।ਪੀ ਸ: ਹਰਜੀਤ ਸਿੰਘ ਨੇ ਹਾਜ਼ਰ ਦਰਸ਼ਕਾਂ ਤੇ ਲੇਖਕਾਂ ਦੇ ਰੂਬਰੂ ਹੁੰਦਿਆਂ ਪੁਲਿਸ ਤੇ ਪਬਲਿਕ ਨਾਲ ਜੁੜੀਆਂ ਸਮੱਸਿਆਵਾਂ 'ਤੇ ਚਰਚਾ ਕੀਤੀ।

ਸ. ਹਰਜੀਤ ਸਿੰਘ ਨੇ ਹਰੇਕ ਸਵਾਲ ਦਾ ਜੁਆਬ ਬੇਬਾਕ ਤੇ ਸੰਜੀਦਗੀ ਨਾਲ ਦਿੱਤਾ। ਮੰਚ ਦਾ ਸੰਚਾਲਨ ਨਰੇਸ਼ ਵਰਮਾ ਤੇ ਦਮਨਦੀਪ ਕੌਰ ਨੇ ਸਾਂਝੇ ਤੌਰ 'ਤੇ ਕੀਤਾ। ਇਸ ਮੌਕੇ ਜਗਰਾਉਂ ਦੀ ਵਿਧਾਇਕ ਸਰਬਜੀਤ ਕੌਰ ਮਾਣੂਕੇ ਦੇ ਪਤੀ ਪ੍ਰੋ ਸੁਖਵਿੰਦਰ ਸਿੰਘ, ਸਿਟੀ ਕੌਂਸਲਰ ਰਵਿੰਦਰਪਾਲ ਸਿੰਘ ਰਾਜੂ ਐਡਵੋਕੇਟ, ਪ੍ਰੀਤਮ ਸਿੰਘ ਅਖਾੜਾ, ਨਾਟਕਕਾਰ ਮੋਹੀ ਅਮਰ-ਜੀਤ, ਹਰਦੀਪ ਸਿੰਘ, ਹਰਵਿੰਦਰ ਸਿੰਘ ਚੀਮਾ ਡੀ ਐੱਸ ਪੀ, ਪਰਦੀਪ ਸਿੰਘ ਸੰਧੂ ਡੀ ਐੱਸ ਪੀ ਤੇ ਗ ਸ ਵਿਰਕ ਡੀ ਐੱਸ ਪੀ ਤੇ ਪਰਮਜੀਤ ਸਿੰਘ ਚੀਮਾ ਵੀ ਹਾਜ਼ਰ ਸਨ।

*****

# "ਨਫਰਤੀ ਭਾਸ਼ਨਾਂ ਵਿਰੁੱਧ ਦੇਸ਼ ਦੀ ਸਿਖਰਲੀ ਅਦਾਲਤ ਦਾ ਸਖਤ ਰੁਖ"

## (ਜੇ ਸਰਕਾਰ ਕੁਝ ਨਹੀਂ ਕਰ ਸਕਦੀ ਤਾਂ ਅਸੀਂ ਸੇਧ ਦੇਈਏ?)

ਪ੍ਰੋ. ਜਸਵੰਤ ਸਿੰਘ ਗੰਡਮ 91-98766-55055

ਦੇਸ਼ ਦੀ ਸਿਖਰਲੀ ਅਦਾਲਤ ਨੇ 'ਵਿਯੂਅਲ ਮੀਡੀਆ' ਉਪਰ ਹੁੰਦੇ ਬਹਿਸ-ਮੁਬਾਹਸਿਆਂ ਰਾਹੀਂ ਕੀਤੇ ਜਾਂਦੇ ਨਫਰਤੀ ਭਾਸ਼ਨਾਂ ਉਪਰ ਆਪਣੇ ਰੰਜ ਅਤੇ ਨਾਰਾਜ਼ਗੀ ਦਾ ਪ੍ਰਗਟਾਵਾ ਕੀਤਾ ਹੈ ਅਤੇ ਨਾਲ ਹੀ ਇਸ ਸਥਿੱਤੀ ਉਪਰ ਸਰਕਾਰ ਦੁਆਰਾ ਮੂਕ ਦਰਸ਼ਕ ਬਣੇ ਰਹਿਣ ਤੇ ਸਵਾਲ ਖੜਾ ਕੀਤਾ ਹੈ।ਅਦਾਲਤ ਨੇ ਸਰਕਾਰ ਨੂੰ ਇਹ ਵੀ ਪੁੱਛਿਆ ਹੈ ਕਿ ਕੀ ਉਹ ਇਸ ਖਤਰਨਾਕ ਭੈੜ ਨੂੰ ਰੋਕਣ ਲਈ ਲਾਅ ਕਮਿਸ਼ਨ ਦੀਆਂ ਸਿਫਾਰਸ਼ਾਂ ਮੰਨ ਕੇ ਕੋਈ ਕਾਨੂੰਨ ਬਨਾਉਣ ਦਾ ਇਰਾਦਾ ਰਖਦੀ ਹੈ ਕਿ ਜਾਂ ਅਦਾਲਤ ਹੀ ਕੋਈ ਕਾਨੂੰਨ ਬਣਨ ਤੀਕ 'ਵਿਸ਼ਾਖਾ ਮਾਡਲ' ਵਾਂਗ ਕੋਈ ਸੇਧ ਦੇਵੇ ? (ਵਿਸ਼ਾਖਾ ਕੇਸ ਵਿਚ ਅਦਾਲਤ ਨੇ ਕੰਮ ਦੇ ਸਥਾਨਾਂ ਉਪਰ ਔਰਤਾਂ ਨੂੰ ਲਿੰਗ-ਆਧਾਰਤ ਪ੍ਰੇਸ਼ਾਨੀਆਂ ਸਬੰਧੀ ਗਾਈਡਲਾਈਨਾਂ ਦਿਤੀਆਂ ਸਨ)।

ਦੇਸ਼ ਦੀ ਸਰਬਉੱਚ ਅਦਾਲਤ ਦਾ ਇਕ ਦੋ-ਮੈਂਬਰੀ ਬੈਂਚ, ਜਿਸ ਦੀ ਅਗਵਾਈ ਜਸਟਿਸ ਕੇ.ਐਮ. ਜੋਸਫ ਕਰ ਰਹੇ ਹਨ ਅਤੇ ਜਿਸ ਦੇ ਦੂਸਰੇ ਮੈਂਬਰ ਜਸਟਿਸ ਰਿਸ਼ੀਕੇਸ਼ ਰੌਇ ਹਨ, 21 ਸਤੰਬਰ ਨੂੰ ਨਿੱਜੀ ਟੀਵੀ ਚੈਨਲਾਂ ਅਤੇ ਸੋਸ਼ਲ ਮੀਡੀਆ ਉਪਰ ਕੀਤੇ ਜਾਂਦੇ ਨਫਰਤੀ ਭਾਸ਼ਨਾਂ ਸਬੰਧੀ ਵੱਖ ਵੱਖ ਪੈਟੀਸ਼ਨਾਂ ਦੀ ਸੁਣਵਾਈ ਕਰ ਰਿਹਾ ਸੀ।


ਸੁਣਵਾਈ ਦੌਰਾਨ ਬੈਂਚ ਨੇ ਬੜਬੋਲੇ ਟੀਵੀ ਐਂਕਰਾਂ,ਨਫਰਤੀ ਭਾਸ਼ਨਾਂ ਅਤੇ ਸਰਕਾਰ ਦੀ ਇਸ ਸਬੰਧੀ ਮੂਕ ਦਰਸ਼ਤਾ ਦੀ ਖੂਬ ਖੁੰਬ ਠੱਪੀ। ਬੈਂਚ ਨੇ ਤਾਂ ਇਥੋਂ ਤਕ ਕਹਿ ਦਿਤਾ ਕਿ ਵਿਯੂਅਲ ਮੀਡੀਆ ਨਫਰਤੀ ਭਾਸ਼ਨਾਂ ਦਾ ਮੁੱਖ ਮਾਧਿਅਮ ਹੈ। ਉਹਨਾਂ ਨੇ ਸਰਕਾਰ ਨੂੰ ਇਸ ਗੰਭੀਰ ਮੁੱਦੇ ਨੂੰ ਸਾਧਾਰਨ ਜਿਹੀ ਗੱਲ ਸਮਝਣ ਲਈ ਵੀ ਘੇਰਿਆ। ਬੈਂਚ ਨੇ ਇਸ ਭੈੜ ਨੂੰ ਨੱਥ ਪਾਉਣ ਲਈ ਸਰਕਾਰ ਨੂੰ ਇਕ ਸੰਸਥਾਗਤ ਪ੍ਰਣਾਲੀ ਅਤੇ ਸਖਤ ਨਿਯਮਕਾਰੀ ਢਾਂਚਾ ਬਣਾਏ ਜਾਣ ਦਾ ਸੁਝਾ ਦਿਤਾ ਅਤੇ ਜਿੰਨੀ ਦੇਰ ਤੀਕ ਕੋਈ ਕਾਨੂੰਨ ਨਹੀਂ ਬਣ ਜਾਂਦਾ ਤਾਂ ਉਸ ਸਮੇਂ ਤੀਕਰ 'ਵਿਸ਼ਾਖਾ ਮਾਡਲ' ਵਾਂਗ ਗਾਈਡਲਾਈਨਾਂ ਦੇਣ ਦਾ ਇਰਾਦਾ ਪ੍ਰਗਟ ਕੀਤਾ।

ਜਸਟਿਸ ਜੋਸਫ ਨੇ ਕਿਹਾ,"ਨਫਰਤੀ ਭਾਸ਼ਨ ਸਮਾਜ ਦਾ ਤਾਣਾ-ਬਾਣਾ ਬੁਰੀ ਤਰ੍ਹਾਂ ਨਾਲ ਜ਼ਹਿਰੀਲਾ ਕਰ ਦਿੰਦੇ ਹਨ। ਇਸ ਦੀ ਆਗਿਆ ਨਹੀਂ ਦਿਤੀ ਜਾ ਸਕਦੀ। ਸਾਨੂੰ ਇਸ ਸਬੰਧੀ ਇਕ ਢੁਕਵਾਂ ਕਾਨੰਨੀ ਪ੍ਰਬੰਧ ਬਨਾਉਣਾ ਚਾਹੀਦਾ ਹੈ।ਜੇ ਅਸੀਂ ਨਫਰਤੀ ਭਾਸ਼ਨਾਂ ਉਪਰ ਹੀ ਪਲ ਰਹੇ ਹਾਂ ਤਾਂ ਫਿਰ ਸਾਡਾ ਰਾਸ਼ਟਰ ਕਿਧਰ ਨੂੰ ਜਾ ਰਿਹਾ ਹੈ?"

ਬੈਂਚ ਨੇ ਕਿਹਾ," ਇਕ ਐਂਕਰ ਦਾ ਰੋਲ ਬਹੁਤ ਮਹੱਤਵਪੂਰਨ ਹੁੰਦਾ ਹੈ।ਨਫਰਤੀ ਭਾਸ਼ਨ ਜਾਂ ਤਾਂ ਮੁੱਖਧਾਰਾਈ ਟੈਲੀਵਿਯਨਾਂ ਉਪਰ ਤੇ ਜਾਂ ਸੋਸ਼ਲ ਮੀਡੀਆ ਉਪਰ ਹੁੰਦੇ ਹਨ ਅਤੇ ਇਹ ਦੋਵੇਂ ਬੇਲਗਾਮ ਹਨ।ਜਿਥੋਂ ਤਕ ਮੁੱਖਧਾਰਾਈ ਟੈਲੀਵਿਯਨ ਚੈਨਲਾਂ ਦਾ ਸਬੰਧ ਹੈ,ਉਹਨਾਂ ਦਾ ਹਾਲਾਂ ਬਹੁਤ ਪ੍ਰਭਾਵ ਹੈ"।

ਬੈਂਚ ਨੇ ਅਗੋਂ ਕਿਹਾ," ਇਕ ਐਂਕਰ ਦਾ ਰੋਲ ਬੜਾ ਨਾਜ਼ੁਕ ਹੁੰਦਾ ਹੈ ਕਿਉਂਕਿ ਜਿਉਂ ਹੀ ਉਹ ਦੇਖਦੈ ਕਿ ਕੋਈ ਜਣਾ ਨਫਰਤੀ ਭਾਸ਼ਨ ਕਰਨ ਲਗੈ ਤਾਂ ਇਹ ਐਂਕਰ ਦਾ ਫਰਜ਼ ਹੈ ਕਿ ਉਹ ਅਜਿਹੇ ਬੰਦੇ ਨੂੰ ਫੌਰਨ ਰੋਕੇ। ਬਦਕਿਸਮਤੀ ਨਾਲ ਬਹੁਤੀ ਵਾਰ ਜਦ ਕੋਈ ਮਹਿਮਾਨ ਬੁਲਾਰਾ ਕੁਝ ਕਹਿਣਾ ਚਾਹੁੰਦੈ ਤਾਂ ਉਸ ਨੂੰ ਦਬਾ ਦਿਤਾ ਜਾਂਦੈ,ਉਸ ਨੂੰ ਯੋਗ ਸਮਾਂ ਨਹੀਂ ਦਿਤਾ ਜਾਂਦਾ 'ਤੇ ਉਸ ਨਾਲ ਸ਼ਿਸ਼ਟਾਚਾਰ ਵਾਲਾ ਵਿਵਹਾਰ ਵੀ ਨਹੀਂ ਕੀਤਾ ਜਾਂਦਾ"।

ਬੈਂਚ ਨੇ ਤਾਂ ਇਥੋਂ ਤਕ ਕਹਿ ਦਿਤਾ ਕਿ ਨਫਰਤੀ ਭਾਸ਼ਨਾਂ ਨਾਲ ਸਿਆਸਤਦਾਨਾਂ ਨੂੰ ਸਭ ਤੋਂ ਵਧੇਰੇ ਲਾਭ ਹੁੰਦਾ ਹੈ। ਜਦ ਸੀਨੀਅਰ ਐਡਵੋਕੇਟ ਸੰਜੇ ਹੈਗੜੇ ਨੇ ਕਿਹਾ ਕਿ ਕਿ ਚੈਨਲ ਅਤੇ ਸਿਆਸਤਦਾਨ ਅਜਿਹੀਆਂ ਸਪੀਚਾਂ ਉਪਰ ਪਲਦੇ ਹਨ, ਚੈਨਲ ਪੈਸੇ ਲੈਂਦੇ ਹਨ, ਬਹਿਸਾਂ 'ਚ 10 ਬੰਦੇ ਰਖਦੇ ਹਨ, ਚੈਨਲਾਂ ਦੀ ਟੀ. ਆਰ. ਪੀ. ਅਤੇ ਮੁਨਾਫਾ ਵਧਦੈ ਤਾਂ ਜਸਟਿਸ ਜੋਸਫ ਨੇ ਟਿੱਪਣੀ ਕੀਤੀ, "ਅਸੀਂ ਨਫਰਤ ਨੂੰ ਹਵਾ ਨਹੀਂ ਦੇ ਸਕਦੇ"।



ਬੈਂਚ ਨੇ ਕਿਹਾ ਕਿ 'ਸਿਆਸੀ ਪਾਰਟੀਆਂ ਤਾਂ ਆਉਂਦੀਆਂ ਜਾਂਦੀਆਂ ਰਹਿਣਗੀਆਂ' ਪਰ 'ਨੇਸ਼ਨ' (ਕੌਮ) ਸਦਾ ਰਹਿੰਦੀ ਹੈ"। (ਸਾਨੂੰ ਇਸ ਟਿੱਪਣੀ ਨੇ ਐਲਫਰੈਡ ਲਾਰਡ ਟੈਨੀਸਨ ਦੀ ਪ੍ਰਸਿੱਧ ਕਵਿਤਾ 'ਦਾ ਬਰੁੱਕ'(ਨਦੀ) ਦੀਆਂ ਅਮਰ ਸਤਰਾਂ ਚੇਤੇ ਕਰਵਾ ਦਿਤੀਆਂ-'ਬੰਦੇ ਤਾਂ ਆਉਂਦੇ ਜਾਂਦੇ ਰਹਿੰਦੇ ਹਨ/ ਪਰ ਮੈਂ ਨਿਰੰਤਰ ਪਰਵਾਹ 'ਚ ਵਹਿੰਦੀ ਰਹਿੰਦੀ ਹਾਂ')।

ਉਹਨਾਂ ਇਹ ਵੀ ਵਿਚਾਰ ਪ੍ਰਗਟ ਕੀਤੇ ਕਿ ਚਰਚਾ ਦਾ ਮਕਸਦ ਦਰਸ਼ਕਾਂ/ਸਰੋਤਿਆਂ ਤੀਕ ਅਪੜਨਾਂ ਹੁੰਦੈ ਪਰ ਜਦ ਚੁਫੇਰੇ ਕਾਂਵਾਂ ਰੌਲੀ ਪੈਣ ਲਗ ਪਏ ਅਤੇ ਬਹਿਸ ਦੇ ਨਾਮ ਤੇ ਬਾਂ ਬਾਂ ਹੋਣ ਲਗ ਪਵੇ ਤਾਂ ਕਿਸੇ ਦੇ ਪਲੇ ਕੱਖ ਨਹੀਂ ਪੈਂਦਾ। "ਇਕ ਜ਼ਿੰਮੇਵਾਰ ਲੋਕਤੰਤਰ ਵਿਚ ਜਵਾਬਦੇਹੀ ਉਪਰ ਬਹੁਤ ਜ਼ਿਆਦਾ ਜ਼ੋਰ ਦਿਤਾ ਜਾਂਦਾ ਹੈ," ਉਹਨਾਂ ਹੋਰ ਕਿਹਾ।

ਬੈਂਚ ਨੇ ਅਗੋਂ ਕਿਹਾ,"ਜੋ ਸਾਡੇ ਮਨ ਵਿਚ ਹੈ ਉਹ ਇਹ ਹੈ ਕਿ ਉਦਾਹਰਣ ਵਜੋਂ ਜਦ ਤੁਸੀਂ (ਐਂਕਰ) ਕੋਈ ਇੰਟਰਵਿਯੂ ਕਰਦੇ ਹੋ,ਤਾਂ ਜੋ ਮਹੱਤਵਪੂਰਨ ਹੈ ਉਹ ਹੈ ਇਕ ਵਿਧੀ-ਵਿਵਸਥਾ ਬਨਾਉਣਾ। ਇਹ ਤਰੀਕਾ-ਏ-ਕਾਰ ਕੁਝ ਇਉਂ ਹੋ ਸਕਦੈ-ਐਂਕਰ ਦਾ ਰੋਲ ਕੀ ਹੋਵੇ? ਜੇ ਐਂਕਰ ਹੀ ਚਰਚਾ ਦਾ ਬਹੁਤਾ ਸਮਾਂ ਲੈ ਜਾਏ, ਜੇ ਉਸ ਦਾ ਸਵਾਲ ਹੀ ਬਹੁਤ ਲੰਮਾ ਹੋਵੇ,ਤਾਂ ਆਖਿਰ ਵਿਚ ਜਵਾਬ ਦੇਣ ਵਾਲੇ ਮਹਿਮਾਨ ਬੁਲਾਰੇ ਲਈ ਬਹੁਤ ਥੋੜਾ ਸਮਾਂ ਬਚਦੈ। ਉਸ ਥੋੜੇ ਸਮੇਂ ਵਿਚ ਵੀ ਉਸ ਨੂੰ ਦਬਾ ਦਿਤਾ ਜਾਂਦੈ,ਉਸ ਨੂੰ ਇਕ ਕਿਸਮ ਦਾ ਬੁਰਾ ਬੰਦਾ ਬਣਾ ਦਿਤਾ ਜਾਂਦੈ (ਬੈਂਚ ਨੇ 'ਰੋਗ' ਸ਼ਬਦ ਵਰਤਿਆ ਜਿਸ ਦਾ ਅਰਥ ਬਦਮਾਸ਼ ਹੁੰਦੈ)। ਐਂਕਰ ਨੂੰ ਹਰ ਇਕ ਲਈ ਨਿਰਪੱਖ ਹੋਣਾ ਚਾਹੀਦੈ। ਨਫਰਤੀ ਭਾਸ਼ਨਾ ਤੋਂ ਇਲਾਵਾ ਬਸ ਅਸੀਂ ਇਹੀ ਕਹਿਣਾ ਚਾਹੁੰਦੇ ਹਾਂ"।

ਪਰ ਜਸਟਿਸ ਰੌਇ ਨੇ ਸਰਕਾਰਾਂ ਵਲੋਂ ਅਦਾਲਤਾਂ ਦੀਆਂ ਸਲਾਹਾਂ ਅਣਗੌਲਿਆਂ ਕੀਤੇ ਜਾਣ ਵਲ ਇਸ਼ਾਰਾ ਕਰਦਿਆਂ ਕਿਹਾ," ਜਿੰਨਾ ਚਿਰ ਅਦਾਲਤੀ ਸੁਝਾਵਾਂ ਦੀ ਉਲੰਘਣਾ ਕਰਨ ਵਾਲਿਆਂ ਨਾਲ ਸਖਤੀ ਨਹੀਂ ਹੁੰਦੀ ਤਾਂ ਇਹ ਸੰਦੇਸ਼ ਉਹਨਾਂ ਤੀਕ ਕਿਵੇਂ ਪੁੱਜੇਗਾ? ਅਦਾਲਤਾਂ ਨੇ ਅਨੇਕਾਂ ਹੁਕਮ ਦਿਤੇ,ਪਰ ਕੀ ਉਹਨਾਂ ਹੁਕਮਾਂ ਦਾ ਕੋਈ ਅਸਰ ਹੋਇਆ? ਨਫਰਤ ਟੀ.ਆਰ.ਪੀ ਅਤੇ ਮੁਨਾਫੇ ਨੂੰ ਬਲ ਦਿੰਦੀ ਹੈ।ਇਸ ਲਈ ਥੋੜੀ ਸਜ਼ਾ ਉਹਨਾਂ ਲਈ ਮੁਰਗੇ ਦੀ ਖੁਰਾਕ ਵਾਂਗ ਹੈ, ਇਸ ਨਾਲ ਉਹਨਾਂ ਦੀ ਜੇਭ 'ਚ ਮਾੜਾ ਜਿਹਾ ਵੀ ਛੇਕ ਨਹੀਂ ਹੁੰਦਾ'।

ਜਦ ਐਡਵੋਕੇਟ ਅਸ਼ਵਨੀ ਉਪਾਧਿਆਇ, ਜੋ ਪੈਟੀਸ਼ਨ ਕਰਤਾਵਾਂ ਵਿਚੋਂ ਇਕ ਹੈ, ਨੇ ਬੈਂਚ ਨੂੰ ਇਹ ਸੁਝਾ ਦਿਤਾ ਕਿ ਪਰਿੰਟ ਮੀਡੀਆ ਨੂੰ ਵੀ ਇਸ ਘੇਰੇ ਵਿਚ ਲਿਆਉਣ ਲਈ ਪਰੈਸ ਕੌਂਸਲ ਨੂੰ ਵੀ ਨੋਟਿਸ ਭੇਜਿਆ ਜਾਵੇ ਤਾ ਬੈਂਚ ਨੇ ਕਿਹਾ, "ਅਸੀਂ ਵਿਯੂਅਲ ਮੀਡੀਆ ਦਾ ਹਵਾਲਾ ਇਸ ਲਈ ਦਿਤਾ ਹੈ ਕਿਉਂਕਿ ਪ੍ਰਤੱਖ ਤੌਰ ਤੇ ਨਫਰਤੀ ਭਾਸ਼ਨਾਂ ਦਾ ਮੁੱਖ ਮਾਧਿਅਮ ਇਹੀ ਹੈ- ਇਸ ਕੋਲ ਇਕ ਤਾਕਤ ਹੈ। ਵਿਯੂਅਲ ਅਤੇ ਪਰਿੰਟ ਮੀਡੀਆ ਵਿਚਲਾ ਫਰਕ ਬੜਾ ਹੀ ਸਪਸ਼ਟ ਹੈ- ਕਿ ਇਸ(ਵਿਯੂਅਲ) ਦਾ ਪ੍ਰਭਾਵ ਬੜਾ ਹੀ ਵਿਨਾਸ਼ਕਾਰੀ ਹੈ"।

ਬੈਂਚ ਨੇ ਬਰਤਾਨੀਆਂ ਦੀ ਉਦਾਹਰਣ ਦਿਤੀ ਜਿਥੇ ਇਕ ਟੀ.ਵੀ. ਚੈਨਲ ਨੂੰ ਨਫਰਤੀ ਪ੍ਰੋਗਰਾਮ ਲਈ ਭਾਰੀ ਜੁਰਮਾਨਾ ਕੀਤਾ ਗਿਆ ਸੀ।" ਪਰ ਸਾਡੇ ਅਜਿਹੀ ਵਿਵਸਥਾ ਨਹੀਂ ਹੈ। ਉਹਨਾਂ (ਨਫਰਤੀ ਭਾਸ਼ਨਾਂ ਵਾਲੇ ਚੈਨਲਾਂ) ਨੂੰ ਸਖਤੀ ਨਾਲ ਨਹੀਂ ਨਜਿੱਠਿਆ ਜਾ ਰਿਹਾ।ਉਹਨਾਂ ਨੂੰ 'ਆਫ-ਏਅਰ'(ਪ੍ਰੋਗਰਾਮ ਦੇਣ ਤੇ ਰੋਕ) ਅਤੇ ਜੁਰਮਾਨਾ ਕੀਤਾ ਜਾ ਸਕਦੈ ਜੇ ਕਰ ਸਾਡੇ ਵੀ ਇਥੇ ਅਜਿਹਆਂ ਰੋਕਾਂ ਹੋਣ," ਬੈਂਚ ਨੇ ਕਿਹਾ।

ਕੇਸ ਦੀ ਅਗਲੀ ਸੁਣਵਾਈ 23 ਨਵੰਬਰ ਨੂੰ ਹੋਵੇਗੀ।

ਅਸੀਂ ਇਸ ਗੱਲ ਤੋਂ ਸੰਤੁਸ਼ਟ ਹਾਂ ਕਿ ਸਿਖਰਲੀ ਅਦਾਲਤ ਨੇ ਨਫਰਤੀ ਭਾਸ਼ਨਾਂ ਦਾ ਨੋਟਿਸ ਲਿਆ ਹੈ।ਨਿੱਜੀ ਚੈਨਲਾਂ ਉਪਰ ਬਹਿਸ ਦੇ ਨਾਮ ਤੇ ਚੀਖ-ਚਿਹਾੜਾ ਪਾਇਆ ਜਾਂਦੈ ਅਤੇ ਦਰਸ਼ਕਾਂ ਨੂੰ ਨਫਰਤ, ਅਸਹਿਣਸ਼ੀਲਤਾ, ਫਿਰਕੂ-ਵਾਦ ਪਰੋਸਿਆ ਜਾਂਦੈ-

"ਜਦ ਵੀ ਉਹ ਮੂੰਹ ਖੋਹਲੇ,
ਜ਼ਹਿਰ ਪਿਆਲੇ ਹੀ ਡੋਹਲੇ,
ਪਰ ਸਰਕਾਰ ਕੁਝ ਨਾ ਬੋਲੇ"।

ਸਤਿਕਾਰਯੋਗ ਜੱਜ ਸਾਹਿਬਾਨ! ਸਰਕਾਰ ਇਸ ਲਈ ਮੂਕ ਦਰਸ਼ਕ ਬਣੀ ਰਹਿੰਦੀ ਹੈ ਕਿਉਂਕਿ ਸਰਕਾਰ ਵੀ ਅਜਿਹਾ ਹੀ ਚਾਹੁੰਦੀ ਹੈ (ਐਂਵੇ ਤਾਂ ਨਹੀਂ ਵਡੇ ਨਿੱਜੀ ਚੈਨਲਾਂ ਨੂੰ ਗੋਦੀ ਮੀਡੀਆ ਕਿਹਾ ਜਾਂਦਾ)। ਵਖਰੇਵਾਂ, ਵੰਡਾਂ, ਵਿਰੋਧ-ਵਿਭਾਜਨ ਇਸ ਨੂੰ ਘਿਉ ਵਾਂਗ ਲਗਦੇ ਹਨ। (ਵੈਸੇ, ਜਨਾਬ! ਆਪ ਜੀ ਵੀ ਇਹ ਸਭ ਭਲੀ ਭਾਂਤ ਜਾਣਦੇ ਹੋ, ਇਸ ਕਰਕੇ ਹੀ ਤਾਂ ਆਪ ਜੀ ਨੇ ਨਫਰਤੀ ਭਾਸ਼ਨਾਂ ਦਾ ਨੋਟਿਸ ਲਿਐ ਅਤੇ ਆਲੰਕ੍ਰਿਤਕ ਸਵਾਲਾਂ ਰਾਹੀਂ ਸਾਰੇ ਜਵਾਬ ਵੀ ਦੇ ਦਿਤੇ!)।

ਮੌਜੂਦਾ ਸਰਕਾਰ ਦੀ ਖਾਮੋਸ਼ੀ ਤਤਕਾਲੀਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵਰਗੀ ਨਹੀਂ। ਆਪਣੀ ਦੂਸਰੀ ਟਰਮ ਦੇ ਆਖਿਰ ਵਿਚ ਮਨਮੋਹਨ ਸਿੰਘ ਨੇ ਸੰਸਦ ਵਿਚ ਬੋਲਦਿਆਂ ਕਿਹਾ ਸੀ-

"ਹਜ਼ਾਰੋਂ ਜਵਾਬੋਂ ਸੇ ਅੱਛੀ ਹੈ ਮੇਰੀ ਖਾਮੋਸ਼ੀ,
ਨਾ ਜਾਨੇ ਕਿਤਨੇ ਸਵਾਲੋਂ ਕੀ ਆਬਰੂ ਰਖੀ"!

ਪਰ ਮੌਜੂਦਾ ਸਰਕਾਰ ਦੀ ਖਾਮੋਸ਼ੀ ਸਾਜ਼ਿਸ਼ੀ ਹੈ।ਸਾਡੇ ਪ੍ਰਧਾਨ ਸੇਵਕ ਉਂਝ ਤਾਂ ਹਰ ਚੜ੍ਹਦੇ-ਲਹਿੰਦੇ ਸੂਰਜ ਧੜੱਲੇਦਾਰ ਭਾਸ਼ਨ ਕਰਦੇ ਰਹਿੰਦੇ ਹਨ, ਜੁਮਲੇਬਾਜ਼ੀ ਦੀਆਂ ਜ਼ਾਇਕੇਦਾਰ 'ਡਿਸ਼ਾਂ' ਪਰੋਸਦੇ ਰਹਿੰਦੇ ਹਨ ਪਰ ਮਜਾਲ ਐ ਕਿ ਉਹਨਾਂ ਕਦੀ ਨਫਰਤੀ ਭਾਸ਼ਨਾਂ ਉਪਰ ਇਕ ਸ਼ਬਦ ਵੀ ਬੋਲਿਆ ਹੋਵੇ।

ਸਿਆਣੇ ਕਹਿੰਦੇ ਹਨ-

"ਬਹੁਤਾ ਭਲਾ ਨਾਂ ਮੇਘਲਾ, ਬਹੁਤੀ ਭਲੀ ਨਾਂ ਧੁੱਪ
ਬਹੁਤਾ ਭਲਾ ਨਾਂ ਬੋਲਣਾ, ਬਹੁਤੀ ਭਲੀ ਨਾਂ ਚੁੱਪ"!

ਨਫਰਤੀ ਭਾਸ਼ਨਾਂ ਉਪਰ ਸਰਕਾਰੀ ਖਾਮੋਸ਼ੀ ਦੇਸ਼ ਨੂੰ ਨਿਘਾਰ ਵਲ ਲਿਜਾ ਰਹੀ ਹੈ। ਦੋ ਟੁੱਕੀਆਂ ਪੱਕੀਆਂ ਲਕੀਰਾਂ ਖਿੱਚੀਆਂ ਜਾ ਰਹੀਆਂ ਹਨ। ਭਾਈਚਾਰਕ ਸਾਂਝ ਦੇ ਵਿਹੜੇ ਸੇਹ ਦਾ ਤੱਕਲਾ ਗੱਡਿਆ ਜਾ ਰਿਹੈ। ਪਰ ਆਖਿਰਕਾਰ ਲੋਕ ਅਕਸਰ ਆਗੂ ਨੂੰ ਹੀ ਫੜਦੇ ਹਨ ਅਤੇ ਪੁੱਛਦੇ ਹਨ-

"ਤੂ ਇਧਰ ਉਧਰ ਕੀ ਨਾ ਬਾਤ ਕਰ,
ਯੇ ਬਤਾ ਕਿ ਕਾਰਵਾਂ ਕੈਸੇ ਲੁਟਾ
ਹਮੇਂ ਰਾਹਜ਼ਨੋਂ ਸੇ ਗਰਜ਼ ਨਹੀਂ,
ਤੇਰੀ ਰਾਹਬਰੀ ਕਾ ਸਵਾਲ ਹੈ"!

# ਚੀਨ ਨੂੰ ਪਛਾੜ ਵੀਅਤਨਾਮ ਬਣਿਆ ਏਸ਼ੀਆ ਦਾ ਮੋਹਰੀ: ਰਿਪੋਰਟ

ਵਿਸ਼ਵ ਬੈਂਕ ਨੇ ਏਸ਼ੀਆ-ਪ੍ਰਸ਼ਾਂਤ ਖੇਤਰ ਦੇ ਸਾਲਾਨਾ ਵਿਕਾਸ ਪਹਿਲੇ ਅਨੁਮਾਨ ਨੂੰ ਘੱਟ ਕੀਤਾ ਹੈ ਤਾਂ ਓਧਰ ਇਸ ਪੂਰੇ ਖੇਤਰ 'ਚ ਵੀਅਤਨਾਮ ਦੀ ਆਰਥਿਕ ਤਰੱਕੀ ਤੇਜ਼ ਰਫਤਾਰ ਨਾਲ ਅੱਗੇ ਨਿਕਲ ਰਹੀ ਹੈ ਅਤੇ ਦੂਜੇ ਪਾਸੇ ਚੀਨ ਆਪਣੀ ਮੰਦ ਪੈਂਦੀ ਆਰਥਿਕ ਵਿਕਾਸ ਦੀ ਰਫਤਾਰ ਨਾਲ ਇਸ ਦੌੜ 'ਚ ਪਛੜ ਰਿਹਾ ਹੈ। ਵਿਸ਼ਵ ਬੈਂਕ ਦੇ ਤਾਜ਼ਾ ਆਰਥਿਕ ਪਹਿਲੇ ਅਨੁਮਾਨ 'ਚ ਚੀਨ ਦੀ ਵਿਕਾਸ ਦਰ ਨੂੰ ਅਪ੍ਰੈਲ 'ਚ 5 ਤੋਂ ਘਟਾ ਕੇ 2,8 ਫੀਸਦੀ ਕਰ ਦਿੱਤਾ ਗਿਆ। ਇਸ ਦਾ ਕਾਰਨ ਪੂਰੇ ਏਸ਼ੀਆ-ਪ੍ਰਸ਼ਾਂਤ ਖੇਤਰ ਦੀ ਆਰਥਿਕ ਵਿਕਾਸ ਦਰ ਨੂੰ ਵਿਸ਼ਵ ਬੈਂਕ ਨੇ ਜਿੱਥੇ ਅਪ੍ਰੈਲ 'ਚ 5 ਫੀਸਦੀ ਰੱਖਿਆ ਸੀ ਜਿਸ ਨੂੰ ਡੇਗ ਕੇ 3,2 ਫੀਸਦੀ ਕਰ ਦਿੱਤਾ। ਵਿਸ਼ਵ ਬੈਂਕ ਦੀ ਇਹ ਰਿਪੋਰਟ ਪੂਰਬੀ ਏਸ਼ੀਆ, ਦੱਖਣੀ-ਪੂਰਬੀ ਏਸ਼ੀਆ ਅਤੇ ਪ੍ਰਸ਼ਾਂਤ ਟਾਪੂਆਂ ਨੂੰ ਨੱਥੀ ਕਰਦੀ ਹੈ ਪਰ ਇਸ ਰਿਪੋਰਟ 'ਚ ਜਾਪਾਨ ਅਤੇ ਦੋਵਾਂ ਕੋਰੀਆਵਾਂ ਨੂੰ ਨਹੀਂ ਜੋੜਿਆ ਗਿਆ ਹੈ।

ਇਸ ਰਿਪੋਰਟ ਦੇ ਅਨੁਸਾਰ ਵੀਅਤਨਾਮ ਇਸ ਪੂਰੇ ਖੇਤਰ 'ਚ ਨਾਇਕ ਵਾਂਗ ਨਿਕਲ ਕੇ ਸਾਹਮਣੇ ਆਇਆ ਹੈ ਜਿਸ ਦੀ ਸਾਲਾਨਾ ਵਿਕਾਸ ਦਰ 7,2 ਫੀਸਦੀ ਹੈ, ਅਪ੍ਰੈਲ 'ਚ ਇਸ ਦੀ ਵਿਕਾਸ ਦਰ 5।3 ਫੀਸਦੀ ਸੀ। ਓਧਰ ਵਿਸ਼ਵ ਬੈਂਕ ਦੀ ਇੰਡੋਨੇਸ਼ੀਆ ਰਿਪੋਰਟ 'ਚ ਕੋਈ ਤਬਦੀਲੀ ਨਹੀਂ ਕੀਤੀ ਗਈ, ਉਹ ਜਿਉਂ ਦੀ ਤਿਉਂ 5,1 ਫੀਸਦੀ ਤੱਕ ਟਿਕੀ ਹੋਈ ਹੈ। ਇਸ ਖੇਤਰ 'ਚੋਂ ਚੀਨ ਨੂੰ ਬਾਹਰ ਕੱਢਣ ਦੇ ਬਾਅਦ ਸਾਲ 2022 'ਚ ਆਰਥਿਕ ਵਿਕਾਸ ਦਰ 5,3 ਫੀਸਦੀ ਤੱਕ ਵਧਣ ਦੀ ਆਸ ਹੈ, ਇਸ 'ਚ ਮਲੇਸ਼ੀਆ, ਫਿਲੀਪੀਨਜ਼ ਅਤੇ ਥਾਈਲੈਂਡ ਦੇ ਅੰਦਾਜ਼ਿਆਂ ਨੂੰ ਹਟਾ ਲਿਆ ਗਿਆ ਹੈ। ਪੂਰਬੀ ਏਸ਼ੀਆ ਤੇ ਪ੍ਰਸ਼ਾਂਤ ਖੇਤਰ ਦੇ ਆਰਥਿਕ ਜਾਣਕਾਰਾਂ ਅਨੁਸਾਰ ਇਸ ਦੇਸ਼ ਦੇ ਵਿਕਾਸ ਲਈ ਪਾਬੰਦੀਮੁਕਤ ਵਾਤਾਵਰਣ ਦੀ ਵੱਡੀ ਭੂਮਿਕਾ ਰਹੀ ਹੈ ਜਿਸ ਦੇ ਲਈ ਇਨ੍ਹਾਂ ਦੇਸ਼ਾਂ ਨੂੰ ਪਾਬੰਦ ਕੀਤਾ ਗਿਆ ਸੀ ਪਰ ਇਨ੍ਹਾਂ ਦੇਸ਼ਾਂ ਨੇ ਆਪਣੇ ਬਾਜ਼ਾਰਾਂ ਨੂੰ ਕੋਰੋਨਾ ਮਹਾਮਾਰੀ ਦੇ ਬਾਅਦ ਦੇ ਦੌਰ 'ਚ ਪਾਬੰਦੀਆਂ ਤੋਂ ਮੁਕਤ ਰੱਖਦੇ ਹੋਏ ਮਹਾਮਾਰੀ 'ਤੇ ਕਾਬੂ ਪਾਇਆ ਅਤੇ ਵਿਕਾਸ ਵੀ ਕੀਤਾ।

ਏਸ਼ੀਆ-ਪ੍ਰਸ਼ਾਂਤ ਖੇਤਰ ਦੇ ਆਰਥਿਕ ਵਿਕਾਸ ਦੇ ਪਿੱਛੇ ਜੋ ਕਾਰਨ ਹਨ ਉਨ੍ਹਾਂ 'ਚ ਕੋਵਿਡ ਮਹਾਮਾਰੀ ਦੇ ਦੌਰਾਨ ਲੱਗੀਆਂ ਯਾਤਰਾ ਪਾਬੰਦੀਆਂ ਨੂੰ ਹਟਾਉਣਾ ਅਤੇ ਮਹਾਮਾਰੀ ਦੌਰਾਨ ਲੱਗੀਆਂ ਦੂਜੀਆਂ ਪਾਬੰਦੀਆਂ ਨੂੰ ਖਤਮ ਕਰਨਾ ਸ਼ਾਮਲ ਹੈ। ਓਧਰ ਦੂਜੇ ਪਾਸੇ ਚੀਨ ਆਪਣੀ ਜ਼ੀਰੋ-ਕੋਵਿਡ ਨੀਤੀ 'ਤੇ ਅੜਿਆ ਰਿਹਾ। ਇਸ ਦੇ ਨਾਲ ਹੀ ਚੀਨ ਨੇ ਕਈ ਲਾਕਡਾਊਨ ਵੀ ਆਪਣੇ ਪ੍ਰਮੁੱਖ ਸ਼ਹਿਰਾਂ 'ਤੇ ਲਾਈ ਰੱਖੇ ਜਿਸ ਨਾਲ ਨਾ ਸਿਰਫ ਸਪਲਾਈ ਲੜੀ ਟੁੱਟੀ ਸਗੋਂ ਵਿਨਿਰਮਾਣ ਦਾ ਕੰਮ ਵੀ ਰੁਕਿਆ ਹੋਇਆ ਹੈ ਅਤੇ ਇਨ੍ਹਾਂ ਦੋਵਾਂ ਦਾ ਰਲਵਾਂ-ਮਿਲਵਾਂ ਅਸਰ ਚੀਨ ਦੀ ਮੰਦੀ ਪੈਂਦੀ ਅਰਥਵਿਵਸਥਾ 'ਤੇ ਵੀ ਦੇਖਿਆ ਜਾ ਰਿਹਾ ਹੈ। ਆਰਥਿਕ ਜਾਣਕਾਰਾਂ ਵੱਲੋਂ ਕੀਤੇ ਗਏ ਇਕ ਸਰਵੇ ਅਤੇ ਉਨ੍ਹਾਂ ਦੀ ਰਿਪੋਰਟ ਅਨੁਸਾਰ ਇਸ ਸਾਲ ਦੇ ਅੰਤ ਤੱਕ ਥਾਈਲੈਂਡ, ਫਿਲੀਪੀਨਜ਼ ਅਤੇ ਕੰਬੋਡੀਆ ਕੋਵਿਡ ਮਹਾਮਾਰੀ ਤੋਂ ਪਹਿਲਾਂ ਦੀ ਆਰਥਿਕ ਰਫਤਾਰ ਨੂੰ ਵਾਪਸ ਹਾਸਲ ਕਰ ਲੈਣਗੇ ਪਰ ਚੀਨ ਦੀ ਅਰਥਵਿਵਸਥਾ ਜਿਸ ਨੇ ਥੋੜ੍ਹੇ ਸਮੇਂ ਲਈ ਤੇਜ਼ੀ ਫੜੀ ਸੀ, ਵਾਪਸ ਮੰਦੀ ਰਫਤਾਰ ਵੱਲ ਵਧ ਚੱਲੀ ਹੈ।



ਓਧਰ ਲਾਓਸ ਅਤੇ ਮੰਗੋਲੀਆ ਦੇ ਆਰਥਿਕ ਪਹਿਲੇ ਅਨੁਮਾਨਾਂ ਦੇ ਬਾਰੇ 'ਚ ਜਾਣਕਾਰਾਂ ਦਾ ਕਹਿਣਾ ਹੈ ਕਿ ਉੱਚੀ ਵਿਆਜ ਦਰ,ਕਮਜ਼ੋਰ ਮੁਦਰਾ ਅਤੇ ਮੁਦਰਾਸਫਿਤੀ ਇਨ੍ਹਾਂ ਦੀ ਅਰਥਵਿਵਸਥਾ ਨੂੰ ਮੱਠਾ ਕਰੇਗੀ। ਨਾਲ ਹੀ ਇਨ੍ਹਾਂ ਦੀ ਖਰਚ ਸ਼ਕਤੀ ਨੂੰ ਘਟਾਉਣ ਨਾਲ ਇਨ੍ਹਾਂ ਉਪਰ ਕਰਜ਼ੇ ਨੂੰ ਵਧਾਵੇਗੀ ਪਰ ਇਨ੍ਹਾਂ ਦੋਵਾਂ ਦੇਸ਼ਾਂ ਦੀ ਅਰਥਵਿਵਸਥਾ ਦੇ ਅਗਲੇ ਸਾਲ ਫਿਰ ਤੋਂ ਉਪਰ ਆਉਣ ਦੇ ਸੰਕੇਤ ਹਨ ਜਿੱਥੇ ਮੰਗੋਲੀਆ ਦੇ ਬਾਰੇ 'ਚ ਪਹਿਲਾ ਅਨੁਮਾਨ ਹੈ ਕਿ ਉਸ ਦੀ ਅਰਥਵਿਵਸਥਾ 5,5 ਫੀਸਦੀ ਦੀ ਰਫਤਾਰ ਨਾਲ ਅੱਗੇ ਵਧੇਗੀ ਤਾਂ ਲਾਓਸ ਦੀ ਅਰਥਵਿਵਸਥਾ 4,5 ਫੀਸਦੀ ਦੀ ਰਫਤਾਰ ਨਾਲ ਵਧੇਗੀ, ਨਾਲ ਹੀ ਚੀਨ ਦੀ ਅਰਥਵਿਵਸਥਾ ਵੀ 3,8 ਫੀਸਦੀ ਦੀ ਰਫਤਾਰ ਨਾਲ ਅੱਗੇ ਵਧੇਗੀ। ਆਰਥਿਕ ਮਾਮਲੇ ਦੇ ਜਾਣਕਾਰਾਂ ਅਨੁਸਾਰ ਲਾਓਸ ਅਤੇ ਮੰਗੋਲੀਆ ਦੇ ਇਲਾਵਾ ਵਧੇਰੇ ਇਲਾਕੇ ਅਮਰੀਕੀ ਫੈਡਰਲ ਰਿਜ਼ਰਵ ਬੈਂਕ ਦੀ ਤੇਜ਼ ਵਿਆਜ ਦਰ ਵਾਧਾ ਨੂੰ ਆਸ ਅਨੁਸਾਰ ਚੰਗੀ ਤਰ੍ਹਾਂ ਸਹਿਣ ਕਰਨ 'ਚ ਸਮਰੱਥ ਹੋਣਗੇ। ਪ੍ਰਸ਼ਾਂਤ ਖੇਤਰ ਦੇ ਟਾਪੂ ਦੇਸ਼ਾਂ 'ਚ ਸਭ ਤੋਂ ਚੰਗੀ ਕਾਰਗੁਜ਼ਾਰੀ ਫਿਜ਼ੀ ਤੋਂ ਦੇਖਣ ਨੂੰ ਮਿਲੇਗੀ ਜਿੱਥੇ ਪਹਿਲੇ ਅਨੁਮਾਨ ਅਨੁਸਾਰ 12 ਫੀਸਦੀ ਦਾ ਆਰਥਿਕ ਵਾਧਾ ਦੇਖਣ ਨੂੰ ਮਿਲੇਗਾ। ਉੱਥੇ ਹੀ ਸੋਲੋਮੋਨ ਟਾਪੂ, ਟੋਂਗਾ, ਸਾਮੋਆ ਅਤੇ ਮਾਈਕ੍ਰੋਨੇਸ਼ੀਆ ਦੀ ਅਰਥਵਿਵਸਥਾ ਸੁੰਗੜਣ ਵੱਲ ਵਧੇਗੀ।

ਮੁੱਲ ਵਾਧਾ, ਸਬਸਿਡੀ ਅਤੇ ਵਪਾਰ ਪਾਬੰਦੀ ਨੇ ਇਸ ਖੇਤਰ ਦੀ ਔਸਤ ਮੁਦਰਾਸਫਿਤੀ ਨੂੰ ਬਾਕੀ ਦੁਨੀਆ ਦੀ ਤੁਲਨਾ 'ਚ 4 ਫੀਸਦੀ ਦੇ ਹੇਠਾਂ ਬਣਾਈ ਰੱਖਿਆ ਹੈ ਪਰ ਖੁਰਾਕ ਉਤਪਾਦਨ 'ਚ ਕਮੀ ਅਤੇ ਉੱਚੀਆਂ ਕਾਰਬਨ ਗੈਸਾਂ ਦੀ ਨਿਕਾਸੀ ਕਾਰਨ ਲੰਬੀ ਮਿਆਦ 'ਚ ਆਰਥਿਕ ਤਰੱਕੀ 'ਤੇ ਲਗਾਮ ਲਗਾਵੇਗੀ। ਇਕ ਰਿਪੋਰਟ ਅਨੁਸਾਰ ਬਾਕੀ ਵਿਕਾਸਸ਼ੀਲ ਦੇਸ਼ਾਂ ਦੀ ਤੁਲਨਾ 'ਚ ਏਸ਼ੀਆ-ਪ੍ਰਸ਼ਾਂਤ ਖੇਤਰ ਨੇ ਵਧੇਰੇ ਵਸਤੂਆਂ ਕੀਮਤਾਂ ਦੇ ਵਧਣ 'ਤੇ ਆਪਣਾ ਕੰਟ੍ਰੋਲ ਬਣਾਈ ਰੱਖਿਆ ਹੈ, ਹਾਲਾਂਕਿ ਅਜਿਹਾ ਬਾਕੀ ਦੇਸ਼ ਨਹੀਂ ਕਰ ਸਕੇ ਜਿਨ੍ਹਾਂ 'ਚ ਮੱਧਪੂਰਬ ਅਤੇ ਉੱਤਰੀ ਅਫਰੀਕੀ ਦੇਸ਼ ਸ਼ਾਮਲ ਹਨ, ਮੁੱਲ ਸਮਰਥਨ ਦੇ ਉਪਾਅ ਚੌਲ ਅਤੇ ਹੋਰ ਅਨਾਜ ਕਿਸਾਨਾਂ ਦੇ ਪੱਖ 'ਚ ਝੁਕੇ ਹਨ ਹਾਲਾਂਕਿ ਖਪਤਕਾਰ ਦੀ ਮੰਗ ਫਲ, ਸਬਜ਼ੀ ਤੇ ਮੀਟ ਵੱਲ ਵੱਧ ਹੈ।

ਜਾਣਕਾਰਾਂ ਅਨੁਸਾਰ ਆਉਣ ਵਾਲੇ ਦਿਨਾਂ 'ਚ ਈਂਧਨ ਦੀਆਂ ਕੀਮਤਾਂ 'ਚ ਵਾਧਾ ਤੇ ਉਸ 'ਤੇ ਮਿਲਣ ਵਾਲੀ ਸਬਸਿਡੀ ਦੇ ਘਟਣ ਨਾਲ ਹਾਲਾਤ ਵੱਖ ਹੋ ਸਕਦੇ ਹਨ। ਹਾਲ ਦੇ ਦਿਨਾਂ 'ਚ ਮਲੇਸ਼ੀਆ ਅਤੇ ਇੰਡੋਨੇਸ਼ੀਆ ਦੀ ਜੀਵਾਸ਼ਮ ਈਂਧਨ 'ਤੇ ਮਿਲਣ ਵਾਲੀ ਸਬਸਿਡੀ ਸਾਲ 2020 'ਚ ਪੂਰੇ ਕੁਲ ਘਰੇਲੂ ਉਤਪਾਦ ਦਾ 1 ਫੀਸਦੀ ਸੀ, ਇਹ ਹੁਣ 2 ਫੀਸਦੀ ਹੋ ਗਈ ਹੈ। ਵਿਸ਼ਵ ਬੈਂਕ ਨੇ ਚਿਤਾਵਨੀ ਜਾਰੀ ਕਰਦੇ ਹੋਏ ਕਿਹਾ ਹੈ ਕਿ ਜੇਕਰ ਜੀਵਾਸ਼ਮ ਈਂਧਨ ਦੀਆਂ ਕੀਮਤਾਂ 'ਚ ਇੰਝ ਹੀ ਵਾਧਾ ਹੁੰਦਾ ਰਿਹਾ ਤਾਂ ਇਹ ਦੇਸ਼ ਆਪਣੀ ਵਿਕਾਸ ਦਰ ਨੂੰ ਕਾਇਮ ਰੱਖਦੇ ਹੋਏ ਕਾਰਬਨ ਗੈਸਾਂ ਦੀ ਨਿਕਾਸੀ ਦੇ ਮਾਮਲੇ 'ਤੇ ਸਮਝੌਤਾ ਕਰ ਸਕਦੇ ਹਨ ਜੋ ਉਨ੍ਹਾਂ ਨੂੰ ਜੀਵਾਸ਼ਮ ਈਂਧਨ 'ਤੇ ਹੋਰ ਵੱਧ ਨਿਰਭਰ ਬਣਾਵੇਗਾ। ਹਾਲਾਂਕਿ ਆਉਣ ਵਾਲੇ ਦਿਨਾਂ 'ਚ ਇਨ੍ਹਾਂ ਪ੍ਰੇਸ਼ਾਨੀਆਂ ਦੇ ਬਾਵਜੂਦ ਚੀਨ ਨੂੰ ਛੱਡ ਕੇ ਇਸ ਪੂਰੇ ਖੇਤਰ ਦੀ ਵਿਕਾਸ ਦਰ ਨੂੰ ਬਿਹਤਰ ਦਿਖਾਇਆ ਜਾ ਰਿਹਾ ਹੈ, ਨਾਲ ਹੀ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਹੁਣ ਏਸ਼ੀਆ ਦੇ ਚਮਕਦੇ ਸਿਤਾਰੇ ਇੰਡੋਨੇਸ਼ੀਆ, ਵੀਅਤਨਾਮ, ਮਲੇਸ਼ੀਆ, ਫਿਲੀਪੀਨਜ਼ ਅਤੇ ਥਾਈਲੈਂਡ ਹੋਣਗੇ ਭਾਵ ਸਾਰੇ ਥਪੇੜਿਆਂ ਦੇ ਬਾਵਜੂਦ ਇਨ੍ਹਾਂ ਦੇਸ਼ਾਂ ਦੀ ਅਰਥਵਿਵਸਥਾ ਵਧੀਆ ਪ੍ਰਦਰਸ਼ਨ ਕਰੇਗੀ ਅਤੇ ਚੀਨ ਦੀ ਆਰਥਿਕ ਰਫਤਾਰ ਤੋਂ ਤੇਜ਼ ਅੱਗੇ ਨਿਕਲੇਗੀ।

## ਕੋਲੰਬਸ ਦਿਵਸ 'ਤੇ...

# 'ਕ੍ਰਿਸਟੋਫਰ ਕੋਲੰਬਸ ਦੀ ਜੀਵਨੀ ਤੇ ਯਾਤਰਾਵਾਂ'



ਪ੍ਰੋ. ਐਚ. ਐਲ. ਕਪੂਰ

**ਕ੍ਰਿਸਟੋਫਰ** ਕੋਲੰਬਸ ਦਾ ਜਨਮ ਜੇਨੋਆ ਗਣਰਾਜ (ਉੱਤਰੀ-ਪੱਛਮੀ ਇਟਲੀ) ਵਿਖੇ 25 ਅਗਸਤ ਅਤੇ 31 ਅਕਤੂਬਰ 1451 ਦੇ ਵਿਚਕਾਰ ਮੰਨਿਆ ਜਾਂਦਾ ਹੈ ਤੇ ਉਨ੍ਹਾਂ ਦੀ ਮੌਤ 20 ਮਈ, 1506 ਈਸਵੀ ਹੈ। ਉਹ ਇਕ ਇਤਾਲਵੀ ਖੋਜੀ, ਬਸਤੀਵਾਦੀ ਤੇ ਮਲਾਹ ਸੀ। ਉਸ ਨੂੰ ਅਮਰੀਕਾ ਦੇ ਪ੍ਰਮੁੱਖ ਯੂਰਪੀ ਖੋਜਕਰਤਾ ਵਜੋਂ ਯਾਦ ਕੀਤਾ ਜਾਂਦਾ ਹੈ ਅਤੇ ਉਸ ਨੇ ਅਮਰੀਕਾ ਨੂੰ ਪੱਛਮੀ ਚੇਤਨਾ ਦੇ ਮੋਹਰੀ ਸਥਾਨ 'ਤੇ ਲਿਆਉਣ ਵਿਚ ਮਦਦ ਕੀਤੀ। ਉਸ ਨੇ ਚਾਰ ਸਪੇਨੀ ਆਧਾਰਿਤ ਸਮੁੰਦਰੀ ਯਾਤਰਾਵਾਂ ਕੀਤੀਆਂ। ਸਪੇਨ ਦੇ ਕੈਥੋਲਿਕ ਬਾਦਸ਼ਾਹਾਂ ਦੁਆਰਾ ਸਪਾਂਸਰ ਕੀਤੇ ਅਟਲਾਂਟਿਕ ਮਹਾਂਸਾਗਰ ਦੇ ਪਾਰ ਦੀਆਂ ਕੀਤੀਆਂ ਯਾਤਰਾਵਾਂ, ਅਮਰੀਕਾ ਦੇ ਵਿਆਪਕ ਯੂਰਪੀਅਨ ਖੋਜ ਅਤੇ ਬਸਤੀਕਰਨ ਲਈ ਰਾਹ ਖੋਲ੍ਹਦੀਆਂ ਹਨ। ਉਸ ਦੀਆਂ ਮੁਹਿੰਮਾਂ ਕੈਰੇਬੀਅਨ, ਮੱਧ ਅਮਰੀਕਾ ਅਤੇ ਦੱਖਣੀ ਅਮਰੀਕਾ ਨਾਲ ਪਹਿਲੇ ਜਾਣੇ ਜਾਂਦੇ ਯੂਰਪੀਅਨ ਸੰਪਰਕ ਸਨ। ਇਸ ਤਰ੍ਹਾਂ ਉਸ ਦੀਆਂ ਖੋਜਾਂ ਅਤੇ ਯਾਤਰਾਵਾਂ ਨੇ ਲਾਤੀਨੀ ਅਤੇ ਉੱਤਰੀ ਅਮਰੀਕਾ ਦੇ ਬਾਅਦ ਦੇ ਯੂਰਪੀਅਨ ਬਸਤੀਵਾਦ ਲਈ ਢਾਂਚਾ ਰੱਖਿਆ।

ਕੋਲੰਬਸ ਦੇ ਪਿਤਾ ਇਕ ਮੱਧ-ਸ਼੍ਰੇਣੀ ਦੇ ਉਨ ਦੇ ਵਿਉਪਾਰੀ ਸਨ, ਹਾਲਾਂਕਿ ਇਹ ਉਸ ਲਈ ਮੁਕਾਬਲਤਨ ਨਿਮਰ ਸ਼ੁਰੂਆਤ ਸੀ ਜੋ ਉਹ ਬਾਅਦ ਵਿਚ ਬਣਿਆ। ਕੋਲੰਬਸ ਨੇ ਛੋਟੀ ਉਮਰ ਤੋਂ ਹੀ ਸਮੁੰਦਰੀ ਸਫ਼ਰ ਕਰਨਾ ਸਿੱਖਿਆ ਅਤੇ ਬਾਅਦ ਵਿਚ ਇਕ ਵਪਾਰਕ ਏਜੰਟ ਵਜੋਂ ਕੰਮ ਕੀਤਾ, ਯੂਰਪੀ ਦੇ ਆਲੇ-ਦੁਆਲੇ ਇੰਗਲੈਂਡ, ਆਇਰਲੈਂਡ ਅਤੇ ਬਾਅਦ ਵਿਚ ਅਫ਼ਰੀਕਾ ਦੇ ਪੱਛਮੀ ਤਟ ਦੇ ਨਾਲ-ਨਾਲ ਯਾਤਰਾ ਕੀਤੀ। ਉਹ ਕੋਈ ਉੱਚ ਕੋਟੀ ਦਾ ਵਿਦਵਾਨ ਨਹੀਂ ਸੀ ਪਰ ਇਕ ਉਤਸ਼ਾਹੀ ਤੇ ਸਵੈ-ਪੜ੍ਹਿਆ ਸਧਾਰਨ ਵਿਅਕਤੀ ਸੀ, ਜਿਸ ਨੇ ਖਗੋਲ-ਵਿਗਿਆਨ, ਵਿਗਿਆਨ ਅਤੇ ਮਲਾਹਗਿਰੀ ਬਾਰੇ ਵਿਸਥਾਰ ਨਾਲ ਪੜ੍ਹਿਆ ਸੀ। ਉਹ ਲਾਤੀਨੀ, ਪੁਰਤਗਾਲੀ ਅਤੇ ਸਪੈਨਿਸ਼ ਵਿਚ ਵੀ ਮੁਹਾਰਤ ਹਾਸਲ ਕਰ ਗਿਆ।

ਕ੍ਰਿਸਟੋਫਰ ਕੋਲੰਬਸ ਸੰਸਾਰ ਦੇ ਗੋਲਾਕਾਰ ਸੁਭਾਅ ਵਿਚ ਵਿਸ਼ਵਾਸ ਰੱਖਦਾ ਸੀ (ਕੁਝ ਇਸਾਈ ਮੱਤ ਵਿਚ ਵਿਸ਼ਵਾਸ ਰੱਖਣ ਵਾਲੇ ਅਜੇ ਵੀ ਇਹ ਵਿਸ਼ਵਾਸ ਰੱਖਦੇ ਹਨ ਕਿ ਸੰਸਾਰ ਭਾਵ ਧਰਤੀ ਸਮਤਲ ਹੈ) ਇਕ ਅਭਿਲਾਸ਼ੀ ਆਦਮੀ, ਕ੍ਰਿਸਟੋਫਰ ਕੋਲੰਬਸ ਨੇ ਏਸ਼ੀਆ ਵਿਚ ਮੁਨਾਫ਼ੇ ਵਾਲੇ ਮਸਾਲਾ ਬਾਜ਼ਾਰਾਂ ਲਈ ਇਕ ਪੱਛਮੀ ਵਪਾਰਕ ਰਸਤਾ ਲੱਭਣ ਦੀ ਉਮੀਦ ਕੀਤੀ ਸੀ। ਪੂਰਬ ਵੱਲ ਸਫ਼ਰ ਕਰਨ ਦੀ ਬਜਾਏ, ਉਸਨੇ ਉਮੀਦ ਕੀਤੀ ਕਿ ਪੱਛਮ ਦਾ ਸਫ਼ਰ ਜਾਪਾਨ ਅਤੇ ਚੀਨ ਵਰਗੇ ਦੇਸ਼ਾਂ ਵੱਲ ਲੈ ਜਾਵੇਗਾ।

ਆਪਣੀਆਂ ਯਾਤਰਾਵਾਂ ਲਈ ਲੋੜੀਂਦੇ ਫੰਡ ਅਤੇ ਸਹਾਇਤਾ ਪ੍ਰਾਪਤ ਕਰਨ ਲਈ, ਉਸਨੇ ਸਪੇਨ ਦੇ ਕੈਥੋਲਿਕ ਰਾਜਿਆਂ ਕੋਲ ਪਹੁੰਚ ਕੀਤੀ। ਆਪਣੀ ਪੇਸ਼ਕਸ਼ ਦੇ ਹਿੱਸੇ ਵਜੋਂ, ਉਸ ਨੇ ਕਿਹਾ ਕਿ ਉਸ ਨੂੰ ਉਮੀਦ ਹੈ ਕਿ ਉਹ ਪੂਰਬ ਵਿਚ 'ਅਧਰਮੀ ਦੇਸ਼ਾਂ' ਵਿਚ ਇਸਾਈ ਧਰਮ ਨੂੰ ਫੈਲਾਉਣ ਦੇ ਯੋਗ ਹੋਵੇਗਾ। ਸਪੇਨੀ ਬਾਦਸ਼ਾਹ ਕੋਲੰਬਸ ਨੂੰ ਫੰਡ ਦੇਣ ਲਈ ਸਹਿਮਤ ਹੋ ਗਏ, ਅੰਸ਼ਕ ਤੌਰ 'ਤੇ ਈਸਾਈ ਮਿਸ਼ਨਰੀ ਯਤਨਾਂ 'ਤੇ, ਪਰ ਨਾਲ ਹੀ ਮੁਨਾਫ਼ੇ ਵਾਲੇ ਵਪਾਰਕ ਬਾਜ਼ਾਰਾਂ ਵਿਚ ਉੱਚਾ ਹੱਥ ਹਾਸਲ ਕਰਨ ਦੀ ਉਮੀਦ ਵੀ ਰੱਖਦੇ ਸਨ। ਪੱਛਮ ਵੱਲ ਦੀ ਖੋਜ ਦਾ ਇਕ ਫਾਇਦਾ ਇਹ ਹੈ ਕਿ ਇਸ ਨੇ ਪੂਰਬ ਵਿਚ ਓਟੋਮੈਨਾਂ ਦੀ ਵਧ ਰਹੀ ਸ਼ਕਤੀ ਨਾਲ ਟਕਰਾਅ ਤੋਂ ਬਚਿਆ।

''ਮੈਨੂੰ ਜ਼ਮੀਨੀ ਰਸਤੇ ਪੂਰਬ ਵੱਲ ਨਹੀਂ ਜਾਣਾ ਚਾਹੀਦਾ, ਜਿਵੇਂ ਕਿ ਰਿਵਾਜ ਹੈ, ਪਰ ਇਕ ਪੱਛਮੀ ਰਸਤੇ ਦੁਆਰਾ, ਜਿਸ ਦਿਸ਼ਾ ਵਿਚ ਸਾਡੇ ਕੋਲ ਅਜੇ ਤੱਕ ਕੋਈ ਸਬੂਤ ਨਹੀਂ ਹੈ ਕਿ ਕੋਈ ਗਿਆ ਹੈ'' (ਪਹਿਲੀ ਯਾਤਰਾ ਦਾ ਦਾ ਜਰਨਲ 3 ਅਗਸਤ 1492 ਡਾਇਰੀ ਐਂਟਰੀ)

**ਅਮਰੀਕਾ ਦੀਆਂ ਯਾਤਰਾਵਾਂ:** 1492 ਤੋਂ 1504 ਵਿਚਕਾਰ ਕ੍ਰਿਸਟੋਫਰ ਕੋਲੰਬਸ ਦੀਆਂ ਚਾਰ ਯਾਤਰਾਵਾਂ ਪਹਿਲੀ: 1492-1493, ਦੂਸਰੀ: 1493-1496, ਤੀਸਰੀ: 1498-1500 ਤੇ ਚੌਥੀ: 1502-1504 ਕੀਤੀਆਂ। ਇਹ ਯਾਤਰਾਵਾਂ ਸਪੇਨ ਅਤੇ ਅਮਰੀਕਾ ਦੇ ਵਿਚਕਾਰ ਸਨ। ਹਰ ਇਕ ਯਾਤਰਾ ਕੈਸਟਾਈਲ ਦੇ ਤਾਜ ਦੁਆਰਾ ਸਪਾਂਸਰ ਕੀਤੀ ਜਾ ਰਹੀ ਸੀ। ਆਪਣੀ ਪਹਿਲੀ ਯਾਤਰਾ 'ਤੇ ਉਹ ਅਮਰੀਕਾ ਪਹੁੰਚਿਆ, ਯੂਰਪੀਅਨ ਖੋਜ ਅਤੇ ਮਹਾਂਦੀਪ ਦੀ ਬਸਤੀਕਰਨ ਦੇ ਨਾਲ-ਨਾਲ ਕੋਲੰਬੀਅਨ ਐਕਸਚੇਂਜ ਦੀ ਸ਼ੁਰੂਆਤ ਕੀਤੀ। ਇਤਿਹਾਸ ਵਿਚ ਉਸ ਦੀ ਭੂਮਿਕਾ ਇਸ ਤਰ੍ਹਾਂ ਖੋਜ ਦੇ ਯੁੱਗ, ਪੱਛਮੀ ਇਤਿਹਾਸ ਅਤੇ ਮਨੁੱਖੀ ਇਤਿਹਾਸ ਦੇ ਵੱਡੇ ਪੱਧਰ ਲਈ ਮਹੱਤਵਪੂਰਨ ਹੈ।

ਸਪੇਨ ਵਿਚ ਆਪਣੀ ਪਹਿਲੀ ਵਾਪਸੀ ਤੋਂ ਬਾਅਦ ਪ੍ਰਕਾਸ਼ਿਤ ਪਹਿਲੀ ਸਮੁੰਦਰੀ ਯਾਤਰਾ 'ਤੇ ਕੋਲੰਬਸ ਦੇ ਪੱਤਰ ਵਿਚ, ਉਸ ਨੇ ਦਾਅਵਾ ਕੀਤਾ ਕਿ ਉਹ ਏਸ਼ੀਆ ਪਹੁੰਚ ਗਿਆ ਸੀ, ਜਿਵੇਂ ਕਿ ਪਹਿਲਾਂ ਮਾਰਕੋ ਪੋਲੋ ਅਤੇ ਹੋਰ ਯੂਰਪੀਅਨਾਂ ਦੁਆਰਾ ਵਰਣਨ ਕੀਤਾ ਗਿਆ ਸੀ। ਆਪਣੀਆਂ ਅਗਲੀਆਂ ਸਫ਼ਰਾਂ ਦੌਰਾਨ ਕੋਲੰਬਸ ਨੇ ਇਸ ਗੱਲ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਉਸ ਨੇ ਜਿਨ੍ਹਾਂ ਜ਼ਮੀਨਾਂ ਦਾ ਦੌਰਾ ਕੀਤਾ ਸੀ ਅਤੇ ਸਪੇਨ ਲਈ ਦਾਅਵਾ ਕੀਤਾ ਸੀ ਉਹ ਏਸ਼ੀਆ ਦਾ ਹਿੱਸਾ ਨਹੀਂ ਸਨ। ਇਸ ਦੇ ਉਲਟ ਸਬੂਤਾਂ ਦੇ ਮੱਦੇਨਜ਼ਰ। ਇਹ ਵਿਆਖਿਆ ਕਰ ਸਕਦਾ ਹੈ, ਕੁਝ ਹੱਦ ਤੱਕ, ਅਮਰੀਕੀ ਮਹਾਂਦੀਪ ਦਾ ਨਾਮ ਫਲੋਰੇਂਟਾਈਨ ਖੋਜੀ ਅਮੇਰੀਗੋ ਵੇਸਪੂਚੀ ਦੇ ਨਾਮ 'ਤੇ ਕਿਉਂ ਰੱਖਿਆ ਗਿਆ ਸੀ- ਜਿਸ ਨੇ ਇਸ ਨੂੰ ''ਨਵੀਂ ਦੁਨੀਆਂ'' ਵਜੋਂ ਮਾਨਤਾ ਦੇਣ ਦਾ ਸਿਹਰਾ ਪ੍ਰਾਪਤ ਕੀਤਾ- ਨਾ ਕਿ ਕੋਲੰਬਸ ਦੇ ਬਾਅਦ।

ਕੋਲੰਬਸ ਦੀ ਪਹਿਲੀ ਸਮੁੰਦਰੀ ਯਾਤਰਾ 1492-1493 ਵਿਚ ਪੂਰੀ ਹੋਈ ਸੀ। ਉਹ ਜਾਪਾਨ ਜਾਣ ਦਾ ਇਰਾਦਾ ਰੱਖਦੇ ਸਨ ਪਰ ਬਹਾਮਾਸ ਵਿਚ ਜਾ ਕੇ ਸਮਾਪਤ ਹੋਈ, ਜਿਸਦਾ ਨਾਮ ਉਸ ਨੇ ਸਲਵਾਡੋਰ ਰੱਖਿਆ।

ਕੋਲੰਬਸ ਨੇ ਚਾਰ ਯਾਤਰਾਵਾਂ ਕੀਤੀਆਂ, ਜਿੱਥੇ ਉਨ੍ਹਾਂ ਨੇ ਕਿਊਬਾ, ਜਮੈਕਾ, ਬਹਾਮਾਸ ਦੇ ਕੈਰੇਬੀਅਨ ਟਾਪੂਆਂ ਅਤੇ ਪਨਾਮਾ ਵਰਗੇ ਸਥਾਨਾਂ ਲਈ ਮੁੱਖ ਭੂਮੀ ਤੱਕ ਵਿਆਪਕ ਤੌਰ 'ਤੇ ਸਮੁੰਦਰ ਸਫ਼ਰ ਕੀਤਾ।

ਕੋਲੰਬਸ ਅਮਰੀਕਾ ਪਹੁੰਚਣ ਵਾਲਾ ਪਹਿਲਾ ਵਿਅਕਤੀ ਨਹੀਂ ਸੀ। ਪਿਛਲੀਆਂ ਸਫਲ ਯਾਤਰਾਵਾਂ ਵਿਚ ਲੀਫ ਅਰਿਕਸਨ ਦੀ ਅਗਵਾਈ ਵਿਚ ਇਕ ਨੋਰਸ ਮੁਹਿੰਮ ਸ਼ਾਮਲ ਸੀ। ਹਾਲਾਂਕਿ ਕੋਲੰਬਸ ਦੀ ਯਾਤਰਾ ਕਰਨ ਅਤੇ ਸਥਾਈ ਬਸਤੀਆਂ ਸਥਾਪਤ ਕਰਨ ਵਾਲਾ ਪਹਿਲਾ ਵਿਅਕਤੀ ਸੀ। ਕੋਲੰਬਸ ਦੀਆਂ ਯਾਤਰਾਵਾਂ ਅਤੇ ਰਿਪੋਰਟਾਂ, ਅਗਲੇ 400 ਸਾਲਾਂ



ਵਿਚ ਸਾਰੀਆਂ ਪ੍ਰਮੁੱਖ ਯੂਰਪੀਅਨ ਸ਼ਕਤੀਆਂ ਨੂੰ ਅਮਰੀਕਾ ਦੇ ਕੁਝ ਹਿੱਸਿਆਂ ਵਿਚ ਬਸਤੀ ਬਣਾਉਣ ਦੀ ਕੋਸ਼ਿਸ਼ ਕਰਨ ਲਈ ਉਤਸ਼ਾਹਿਤ ਕਰਦੀਆਂ ਹਨ।

ਕੋਲੰਬਸ ਖੋਜ ਦੀਆਂ ਸੰਭਾਵਨਾਵਾਂ ਵਿਚ ਅਥਾਹ ਵਿਸ਼ਵਾਸ ਵਾਲਾ ਇਕ ਕੁਸ਼ਲ ਮਲਾਹਪੁਣਾ ਸੀ। ਉਸਨੇ ਆਪਣੀ ਡਾਇਰੀ ਐਂਟਰੀਆਂ ਵਿਚ ਦਾਅਵਾ ਕੀਤਾ, ਉਸ ਦੀ ਸਟੀਲੀ ਨੇ ਚਾਲਕ ਦਲ ਨੂੰ ਇਕੱਠਿਆਂ ਰੱਖਿਆ ਜਦੋਂ ਉਨ੍ਹਾਂ ਨੂੰ ਡਰ ਸੀ ਕਿ ਉਹ ਕਦੇ ਵੀ ਜ਼ਮੀਨ 'ਤੇ ਨਹੀਂ ਪਹੁੰਚਣਗੇ।

ਉਹ ਆਪਣੀ ਡਾਇਰੀ ਐਂਟਰੀ 'ਚ ਲਿਖਦੇ ਹਨ- ''ਇੱਥੇ ਆਦਮੀਆਂ ਨੇ ਸਾਰਾ ਧੀਰਜ ਗੁਆ ਦਿੱਤਾ ਅਤੇ ਸਮੁੰਦਰੀ ਸਫ਼ਰ ਦੀ ਲੰਬਾਈ ਦੀ ਸ਼ਿਕਾਇਤ ਕੀਤੀ, ਪਰ ਐਡਮਿਰਲ ਨੇ ਉਨ੍ਹਾਂ ਨੂੰ ਸਭ ਤੋਂ ਵਧੀਆ ਢੰਗ ਨਾਲ ਉਤਸ਼ਾਹਿਤ ਕੀਤਾ, ਜੋ ਉਹ ਮੁਨਾਫ਼ੇ ਪ੍ਰਾਪਤ ਕਰਨ ਜਾ ਰਹੇ ਸਨ, ਦੀ ਨੁਮਾਇੰਦਗੀ ਕਰਦੇ ਹੋਏ, ਅਤੇ ਕਿਹਾ ਕਿ ਸ਼ਿਕਾਇਤ ਕਰਨ ਦਾ ਕੋਈ ਮਕਸਦ ਨਹੀਂ ਸੀ, ਇੰਨੀ ਦੂਰ ਆ ਜਾਓ, ਉਨ੍ਹਾਂ ਕੋਲ ਇੰਡੀਜ਼ ਨੂੰ ਜਾਰੀ ਰੱਖਣ ਤੋਂ ਇਲਾਵਾ ਹੋਰ ਕੁਝ ਨਹੀਂ ਸੀ, ਜਦੋਂ ਤੱਕ ਸਾਡੇ ਪ੍ਰਭੂ ਦੀ ਮਦਦ ਨਾਲ, ਉਹ ਉੱਥੇ ਪਹੁੰਚ ਜਾਣ। (ਡਾਇਰੀ ਐਂਟਰੀ 10 ਅਕਤੂਬਰ 1492)

ਹਾਲਾਂਕਿ ਉਸਦੀ ਤਾਨਾਸ਼ਾਹੀ ਸ਼ੈਲੀ ਨੇ ਉਨ੍ਹਾਂ ਕਿਸ਼ਤੀਆਂ 'ਤੇ ਰਗੜ ਪੈਦਾ ਕੀਤੀ ਜੋ ਉਸਨੇ ਮਾਰਗਦਰਸ਼ਨ ਕੀਤੀਆਂ। ਕੋਲੰਬਸ ਇਕ ਡੂੰਘਾ ਧਾਰਮਿਕ ਵਿਰਤੀ ਵਾਲਾ ਇਨਸਾਨ ਸੀ ਅਤੇ ਨਿੱਜੀ ਅਸਫਲਤਾਵਾਂ ਦਾ ਪਵਿੱਤਰ ਅਤੇ ਨਿਰਣਾ ਕਰਨ ਦਾ ਉਸਦਾ ਰੁਝਾਨ ਮਲਾਹਾਂ ਵਿਚ ਪ੍ਰਸਿੱਧ ਨਹੀਂ ਸੀ ਜੋ ਜੀਵਨ ਪ੍ਰਤੀ ਵਧੇਰੇ ਮਿੱਟੀ ਅਤੇ ਯਥਾਰਥਵਾਦੀ ਪਹੁੰਚ ਅਪਣਾਉਂਦੇ ਸਨ। ਫਿਰ ਵੀ, ਜਦੋਂ ਕਿ ਉਹ ਕੁਝ ਮਾਮਲਿਆਂ ਵਿਚ ਪਵਿੱਤਰ ਸੀ, ਉਸਨੇ ਇਹ ਵਿਚਾਰ ਵੀ ਸਾਂਝਾ ਕੀਤਾ, ਜੋ ਉਸ ਸਮੇਂ ਆਮ ਸੀ ਕਿ ਯੂਰਪੀਨ ਇਸਾਈਆਂ ਨੂੰ ਇਕ ਸੱਚੇ ਵਿਸ਼ਵਾਸ ਦੀ ਪਾਲਣਾ ਕਰਨ ਕਰਕੇ ਇਕ ਨੈਤਿਕ ਉੱਤਮਤਾ ਪ੍ਰਾਪਤ ਸੀ। ਹਾਲਾਂਕਿ ਕੋਲੰਬਸ ਨੇ ਆਪਣੇ ਮਲਾਹਾਂ ਦੀਆਂ ਕੁਝ ਸਭ ਤੋਂ ਭੈੜੀਆਂ ਵਧੀਕੀਆਂ ਨੂੰ ਰੋਕ ਲਿਆ ਸੀ। ਉਸਨੇ ਮਨੁੱਖੀ ਗੁਲਾਮਾਂ ਨੂੰ ਵਾਪਸ ਲਿਆ ਅਤੇ ਆਦਿਵਾਸੀ ਲੋਕਾਂ ਤੋਂ ਜਾਇਦਾਦ ਲੁੱਟ ਲਈ।

ਸੌਦੇ ਦੇ ਹਿੱਸੇ ਵਜੋਂ, ਸਪੈਨਿਸ਼ ਰਾਜਸ਼ਾਹੀ ਨੇ ਹਿਸਪੈਨੀਓਲਾ ਟਾਪੂ ਵਿਚ ਕੋਲੰਬਸ ਵਾਇਸਰਾਏ ਅਤੇ ਇੰਡੀਜ਼ ਦਾ ਗਵਰਨਰ ਨਿਯੁਕਤ ਕੀਤਾ। ਉਸ ਨੇ ਆਪਣੇ ਭਰਾਵਾਂ ਨੂੰ ਗਵਰਨਰਸ਼ਿਪ ਵੀ ਸੌਂਪੀ। ਹਾਲਾਂਕਿ 1500 ਵਿਚ, ਸਪੇਨੀ ਰਾਜਸ਼ਾਹੀ ਦੇ ਹੁਕਮਾਂ 'ਤੇ ਕੋਲੰਬਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਜੰਜ਼ੀਰਾਂ ਵਿਚ ਪਾ ਦਿੱਤਾ ਗਿਆ। ਨਵੀਆਂ ਕਲੋਨੀਆਂ ਦੀ ਗਵਰਨਰਸ਼ਿਪ ਵਿਚ ਅਯੋਗਤਾ, ਕੁਸ਼ਾਸਨ ਅਤੇ ਬਰਬਰ ਪ੍ਰਥਾਵਾਂ ਦੇ ਦੋਸ਼ ਸਨ। ਕਈ ਹਫ਼ਤਿਆਂ ਦੀ ਜੇਲ੍ਹ ਵਿਚ ਰਹਿਣ ਤੋਂ ਬਾਅਦ, ਕੋਲੰਬਸ ਅਤੇ ਉਸਦੇ ਭਰਾਵਾਂ ਨੂੰ ਰਿਹਾਅ ਕਰ ਦਿੱਤਾ ਗਿਆ ਸੀ, ਪਰ ਕੋਲੰਬਸ ਨੂੰ ਹੁਣ ਹਿਸਪੈਨੀਓਲਾ ਦਾ ਗਵਰਨਰ ਬਣਨ ਦੀ ਇਜਾਜ਼ਤ ਨਹੀਂ ਸੀ।

ਆਪਣੇ ਜੀਵਨ ਦੇ ਅੰਤ ਤੱਕ, ਕੋਲੰਬਸ ਵੱਧ ਤੋਂ ਵੱਧ ਧਾਰਮਿਕ ਹੋ ਗਿਆ। ਖ਼ਾਸ ਤੌਰ 'ਤੇ, ਉਹ ਬਾਈਬਲ ਦੀਆਂ ਭਵਿੱਖਬਾਣੀਆਂ ਨਾਲ ਆਕਰਸ਼ਿਤ ਹੋ ਗਿਆ ਅਤੇ ਉਸਨੇ ਆਪਣੀ (ਬੁਕ ਆਫ਼ ਪ੍ਰੋਫੇਸੀਜ਼' (1505) ਲਿਖੀ। ਉਹ ਆਪਣੀ ਜਨਤਕ ਮਾਨਤਾ ਦੀ ਘਾਟ ਅਤੇ ਸਪੇਨੀ ਬਾਦਸ਼ਾਹਾਂ ਦੀਆਂ ਨਜ਼ਰਾਂ ਵਿਚ ਨਿਰਾਸ਼ਾਜਨਕ ਪ੍ਰਤੀਤ ਹੋਣ ਕਾਰਨ ਵੀ ਨਿਰਾਸ਼ ਸੀ। 1503 ਵਿਚ, ਉਸ ਨੇ ਬਾਦਸ਼ਾਹ ਨੂੰ ਇਕ ਚਿੱਠੀ ਲਿਖੀ ਜਿਸ ਵਿਚ ਉਸ ਦੀ ਅਪ੍ਰਸ਼ੰਸਾਯੋਗ ਕੁਰਬਾਨੀ ਦੀ ਭਾਵਨਾ ਪ੍ਰਗਟ ਕੀਤੀ ਗਈ।

''ਮੈਂ 28 ਸਾਲ ਦੀ ਉਮਰ ਵਿਚ ਤੁਹਾਡੀ ਸੇਵਾ ਕਰਨ ਆਇਆ ਸੀ ਅਤੇ ਹੁਣ ਮੇਰੇ ਉੱਤੇ ਇਕ ਵੀ ਵਾਲ ਨਹੀਂ ਹੈ ਜੋ ਸਫੈਦ ਨਹੀਂ ਹੈ, ਅਤੇ ਮੇਰਾ ਸਰੀਰ ਕਮਜ਼ੋਰ ਅਤੇ ਥੱਕਿਆ ਹੋਇਆ ਹੈ। ਜੋ ਕੁਝ ਮੇਰੇ ਅਤੇ ਭਰਾਵਾਂ ਲਈ ਛੱਡਿਆ ਗਿਆ ਸੀ, ਉਹ ਖੋਹ ਲਿਆ ਗਿਆ ਹੈ ਅਤੇ ਵੇਚ ਦਿੱਤਾ ਗਿਆ ਹੈ, ਇੱਥੋਂ ਤੱਕ ਕਿ ਉਸ ਚਾਦਰ ਨੂੰ ਵੀ ਜੋ ਮੈਂ ਪਹਿਨਿਆ ਸੀ, ਬਿਨਾਂ ਸੁਣਵਾਈ ਜਾਂ ਸੁਣਵਾਈ ਦੇ ਮੇਰੀ ਵੱਡੀ ਬੇਇੱਜ਼ਤੀ ਲਈ।'' (ਲੇਟਰੇਰਾ ਗਰਿਸਿਮਾ ਟੂਦੀ ਸੋਵਰੇਨਜ਼, ਚੌਥੀ ਯਾਤਰਾ, 7 ਜੁਲਾਈ 1503।)

**ਆਖਰੀ ਜੀਵਨ, ਬਿਮਾਰੀ ਤੇ ਮੌਤ:** ਕੋਲੰਬਸ ਨੇ ਹਮੇਸ਼ਾ ਦਾਅਵਾ ਕੀਤਾ ਸੀ ਕਿ ਗੈਰ-ਵਿਸ਼ਵਾਸੀਆਂ ਦਾ ਧਰਮ ਪਰਿਵਰਤਨ ਉਸ ਦੀਆਂ ਖੋਜਾਂ ਦਾ ਇਕ ਕਾਰਨ ਸੀ, ਅਤੇ ਉਹ ਆਪਣੇ ਬਾਅਦ ਦੇ ਸਾਲਾਂ ਵਿਚ ਵੱਧ ਤੋਂ ਵੱਧ ਧਾਰਮਿਕ ਹੋ ਗਿਆ। ਸੰਭਵ ਤੌਰ 'ਤੇ ਆਪਣੇ ਪੁੱਤਰ ਡਿਏਗੋ ਅਤੇ ਉਸਦੇ ਦੋਸਤ ਕਾਰਥੂਸੀਅਨ ਭਿਕਸ਼ੂ ਗੈਸਪਰ ਗੋਰਸੀਓ ਦੀ ਸਹਾਇਤਾ ਨਾਲ, ਕੋਲੰਬਸ ਨੇ ਆਪਣੇ ਬਾਅਦ ਦੇ ਸਾਲਾਂ ਦੌਰਾਨ ਦੋ ਕਿਤਾਬਾਂ ਤਿਆਰ ਕੀਤੀਆਂ: 'ਵਿਸ਼ੇਸ਼ ਅਧਿਕਾਰਾਂ ਦੀ ਕਿਤਾਬ' (1502), ਸਪੇਨੀ ਤਾਜਤੋਂ ਮਿਲੇ ਇਨਾਮਾਂ ਦਾ ਵੇਰਵਾ ਅਤੇ ਦਸਤਾਵੇਜ਼ੀ ਤੌਰ 'ਤੇ ਜਿਸ ਵਿਚ ਉਹ ਵਿਸ਼ਵਾਸ ਕਰਦਾ ਸੀ। ਉਹ ਅਤੇ ਉਸਦੇ ਵਾਰਸ ਹੱਕਦਾਰ ਸਨ ਅਤੇ 'ਭਵਿੱਖਬਾਣੀਆਂ ਦੀ ਕਿਤਾਬ' (1505), ਜਿਸ ਵਿਚ ਬਾਈਬਲ ਦੇ ਹਵਾਲੇ ਉਸ ਦੀਆਂ ਪ੍ਰਾਪਤੀਆਂ ਨੂੰ 'ਈਸਾਈ ਈਸਕਾਟੋਲੋਜੀ' ਦੇ ਸੰਦਰਭ ਵਿਚ ਇਕ ਖੋਜੀ ਵਜੋਂ ਰੱਖਣ ਲਈ ਵਰਤਿਆ ਗਿਆ ਸੀ।

ਆਪਣੇ ਬਾਅਦ ਦੇ ਸਾਲਾਂ ਵਿਚ, ਕੋਲੰਬਸ ਨੇ ਮੰਗ ਕੀਤੀ ਕਿ ਕਾਸਟਾਈਲ ਦੇ ਤੇਜ ਨੇ ਉਸ ਨੂੰ ਨਵੀਆਂ ਜ਼ਮੀਨਾਂ ਦੁਆਰਾ ਪੈਦਾ ਹੋਣ ਵਾਲੀ ਸਾਰੀ ਦੌਲਤ ਅਤੇ ਵਪਾਰਕ ਮਾਲ ਦਾ ਦਸਵਾਂ ਹਿੱਸਾ ਦਿੱਤਾ, ਜਿਵੇਂ ਕਿ 'ਸੈਂਟਾ ਫੇ ਦੇ ਕੈਪੀਟਿਊਲੇਸ਼ਨਜ਼' ਵਿਚ ਨਿਰਧਾਰਿਤ ਕੀਤਾ ਗਿਆ ਹੈ ਕਿਉਂਕਿ ਉਹ ਗਵਰਨਰ ਵਜੋਂ ਆਪਣੇ ਫਰਜ਼ਾਂ ਤੋਂ ਮੁਕਤ ਹੋ ਗਿਆ ਸੀ, ਤਾਜ ਨੇ ਉਸ ਇਕਰਾਰਨਾਮੇ ਨਾਲ ਬੰਨ੍ਹਿਆ ਮਹਿਸੂਸ ਨਹੀਂ ਕੀਤਾ ਅਤੇ ਉਸ ਦੀਆਂ ਮੰਗਾਂ ਨੂੰ ਰੱਦ ਕਰ ਦਿੱਤਾ ਗਿਆ। ਉਸ ਦੀ ਮੌਤ ਤੋਂ ਬਾਅਦ, ਉਸ ਦੇ ਵਾਰਸਾਂ ਨੇ ਅਮਰੀਕਾ ਨਾਲ ਵਪਾਰ ਤੋਂ ਮੁਨਾਫ਼ੇ ਦੇ ਇਕ ਹਿੱਸੇ ਦੇ ਨਾਲ-ਨਾਲ ਹੋਰ ਇਨਾਮਾਂ ਲਈ ਤਾਜ ਉੱਤੇ ਮੁਕੱਦਮਾ ਕੀਤਾ। ਇਸ ਨਾਲ ਕਾਨੂੰਨੀ ਝਗੜਿਆਂ ਦੀ ਇਕ ਲੰਮੀ ਲੜੀ ਸ਼ੁਰੂ ਹੋਈ, ਜਿਸ ਨੂੰ 'ਪਲੇਟੋਸ ਕੋਲੰਬੀਨੋਸ' (ਕੁਲੰਬੀਆ ਮੁਕੱਦਮੇ) ਵਜੋਂ ਜਾਣਿਆ ਜਾਂਦਾ ਹੈ।

ਆਪਣੀ ਪਹਿਲੀ ਵਾਪਸੀ ਦੀ ਯਾਤਰਾ 'ਤੇ ਇਕ ਹਿੰਸਕ ਤੂਫਾਨ ਦੇ ਦੌਰਾਨ, ਕੋਲੰਬਸ ਫਿਰ 41, ਨੂੰ ਇਕ ਅਜਿਹਾ ਹਮਲਾ ਹੋਇਆ ਸੀ, ਜਿਸ ਨੂੰ ਉਸ ਸਮੇਂ ਗਾਊਟ ਮੰਨਿਆ ਜਾਂਦਾਸੀ। ਬਾਅਦ ਦੇ ਸਾਲਾਂ ਵਿਚ, ਉਹ ਇਨਫਲੂਐਂਜ਼ਾ ਅਤੇ ਹੋਰ ਬੁਖਾਰ, ਅੱਖਾਂ ਵਿਚੋਂ ਖੂਨ ਵੱਗਣ, ਅਸਥਾਈ ਅੰਨ੍ਹੇਪਣ ਅਤੇ ਗਠੀਆ ਦੇ ਲੰਬੇ ਸਮੇਂ ਤੱਕ ਹਮਲਿਆਂ ਨਾਲ ਗ੍ਰਸਤ ਸੀ। ਹਮਲਿਆਂ ਦੀ ਮਿਆਦ ਅਤੇ ਤੀਬਰਤਾ ਵਿਚ ਵਾਧਾ ਹੋਇਆ, ਕਈ ਵਾਰ ਕੋਲੰਬਸ ਨੂੰ ਇਕ ਸਮੇਂ ਵਿਚ ਮਹੀਨਿਆਂ ਲਈ ਬਿਸਤਰੇ 'ਤੇ ਛੱਡ ਦਿੱਤਾ ਗਿਆ ਅਤੇ 14 ਸਾਲਾਂ ਬਾਅਦ ਉਸਦੀ 20 ਮਈ 1506 ਈਸਵੀ ਨੂੰ ਮੌਤ ਹੋ ਗਈ।

ਕੋਲੰਬਸ ਦੀ ਜੀਵਨ ਸ਼ੈਲੀ ਅਤੇ ਵਰਣਿਤ ਲੱਛਣਾਂ ਦੇ ਆਧਾਰ 'ਤੇ ਕੁਝ ਆਧੁਨਿਕ ਟਿੱਪਣੀਕਾਰਾਂ ਨੂੰ ਸ਼ੱਕ ਹੈ ਕਿ ਉਹ ਗਠੀਏ ਦੀ ਬਜਾਏ ਪ੍ਰਤੀਕਿਰਿਆਸ਼ੀਲ ਗਠੀਏ ਤੋਂ ਪੀੜਤ ਸੀ। ਪ੍ਰਤੀਕਿਰਿਆਸ਼ੀਲ ਗਠੀਆ ਇਕ ਸੰਯੁਕਤ ਸੋਜਿਸ਼ ਹੈ ਜੋ ਅੰਤੜੀਆਂ ਦੇ ਬੈਕਟੀਰੀਆ ਦੀ ਲਾਗ ਕਾਰਨ ਹੁੰਦੀ ਹੈ ਜਾਂ ਕੁਝ ਜਿਨਸੀ ਤੌਰ 'ਤੇ ਸੰਚਾਰਿਤ ਬਿਮਾਰੀਆਂ (ਮੁੱਖ ਤੌਰ 'ਤੇ ਕਲੈਮੀਡੀਆ ਜਾਂ ਗੋਨੋਰੀਆ) ਪ੍ਰਾਪਤ ਕਰਨ ਤੋਂ ਬਾਅਦ ਹੁੰਦੀ ਹੈ।

ਆਪਣੀ ਚੌਥੀ ਯਾਤਰਾ (ਅਤੇ ਮਹਾਰਾਣੀ ਇਜ਼ਾਬੇਲਾ ਦੀ ਮੌਤ) ਤੋਂ ਸਾਨਲੂਕਰ ਪਹੁੰਚਣ ਤੋਂ ਬਾਅਦ, ਇਕ ਬਿਮਾਰ ਕੋਲੰਬਸ ਅਪ੍ਰੈਲ 1505 ਵਿਚ ਸੇਵਿਲ ਵਿਚ ਵੱਸ ਗਿਆ। ਉਸਨੇ ਆਪਣੀ ਨਿੱਜੀ ਵਿਸ਼ੇਸ਼ ਅਧਿਕਾਰਾਂ ਅਤੇ ਆਪਣੇ ਪਰਿਵਾਰ ਦੇ ਬਚਾਅ ਲਈ ਕ੍ਰਾਊਨ ਨੂੰ ਬੇਨਤੀਆਂ ਕਰਨੀਆਂ ਜਾਰੀ ਰੱਖੀਆਂ। ਉਹ 1506 ਦੇ ਆਰੰਭ ਵਿਚ ਇਕ ਖੱਚਰ ਉੱਤੇ ਸੇਗੋਵੀਆ (ਜਿੱਥੇ ਉਸ ਸਮੇਂ ਅਦਾਲਤ ਸੀ) ਚਲੇ ਗਏ। 1506 ਵਿਚ ਵੈਲਾਡੋਲਿਡ, ਸਪੇਨ ਵਿਚ 'ਜਰਮੇਨ ਆਫ਼ ਫੋਇਕਸ' ਨਾਲ ਰਾਜਾਫਰਡੀਨੈਂਡ ਦੇ ਵਿਆਹ ਦੇ ਮੌਕੇ 'ਤੇ, ਕੋਲੰਬਸ ਆਪਣੀਆਂ ਮੰਗਾਂ ਨੂੰ ਜਾਰੀ ਰੱਖਣ ਲਈ ਉਹ ਸ਼ਹਿਰ ਵਿਚ ਚਲਾ ਗਿਆ। 20 ਮਈ, 1506 ਈਸਵੀ ਨੂੰ, 54 ਸਾਲ ਦੀ ਉਮਰ ਵਿਚ, ਕੋਲੰਬਸ ਦੀ ਵੈਲਾਡੋਲਿਡ ਵਿਖੇ ਮੌਤ ਹੋ ਗਈ।

**ਕੋਲੰਬਸ ਦਿਵਸ:** ਇਤਿਹਾਸ ਵਿਚ 12 ਅਕਤੂਬਰ, 1492 ਦਾ ਦਿਵਸ ਇਕ ਮਹੱਤਵਪੂਰਨ ਸਥਾਨ ਰੱਖਦਾ ਹੈ। ਇਸ ਦਿਨ ਦੀ ਸਵੇਰ ਨੂੰ, ਪਿੰਟਾ ਦੀ ਧਰਤੀ 'ਤੇ ਸਵਾਰ ਇਕ ਮਲਾਹ ਜਿਸ ਦਾ ਨਾਂ ਕ੍ਰਿਸਟੋਫਰ ਕੋਲੰਬਸ ਸੀ ਨੇ ਯੂਰਪੀਅਨ ਖੋਜ ਅਤੇ ਵਿਸਥਾਰ ਦੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ। ਅਗਲੇ ਦਿਨ, ਕੋਲੰਬਸ ਦੇ ਤਿੰਨ ਜਹਾਜ਼ ਫਲੀਟ ਦੇ ਨੱਬੇ ਚਾਲਕ ਦਲ ਦੇ ਮੈਂਬਰਾਂ ਨੇ ਬਹਾਮੀਅਨ ਟਾਪੂ ਉੱਤੇ ਉੱਦਮ ਕੀਤਾ ਜਿਸ ਨੂੰ ਉਸਨੇ ਸਾਲ ਸਲਵਾ-ਡੋਰ (ਹੁਣ ਵਾਟਲਿੰਗ ਆਈਲੈਂਡ ਅਤੇ ਫਿਰ ਮੂਲ ਨਿਵਾਸੀਆਂ ਦੁਆਰਾ ਗੁਆਨਾਹਾਨੀ ਕਿਹਾ ਜਾਂਦਾ ਹੈ) ਦਾ ਨਾਮ ਦਿੱਤਾ ਗਿਆ, ਪਾਲੋਸ ਵਿਚ ਲਗਭਗ ਦਸ ਹਫਤੇ ਪਹਿਲਾਂ ਸ਼ੁਰੂ ਕੀਤੀ ਗਈ ਇਕ ਸਮੁੰਦਰੀ ਯਾਤਰਾ ਨੂੰ ਖਤਮ ਕੀਤਾ, ਸਪੇਨ।

ਉਸਦੀ ਕੀਮਤ ਖੋਜ ਦੇ ਇਨਾਮ ਵਜੋਂ, ਸਪੈਨਿਸ਼ ਤਾਜ ਨੇ ਕੋਲੰਬਸ ਨੂੰ ਹਥਿਆਰ ਚੁੱਕਣ ਦਾ ਅਧਿਕਾਰ ਦਿੱਤਾ। ਉਸਦੇ ਨਵੇਂ ਹਥਿਆਰਾਂ ਦੇ ਕੋਟ ਨੇ ਕੈਸਟੀਲ ਅਤੇ ਲਿਓਨ ਦੇ ਸ਼ਾਹੀ ਦੋਸ਼ਾਂ ਅਤੇ ਟਾਪੂਆਂ ਦੀ ਇਕ ਤਸਵੀਰ ਨੂੰ ਉਸਦੇ ਪ੍ਰੰਪਰਾਗਤ ਪਰਿਵਾਰਕ ਸਿਰੇ ਵਿਚ ਸ਼ਾਮਲ ਕੀਤਾ। ਕੋਲੰਬਸ ਨੇ ਚਿੱਤਰ ਵਾਲੇ ਟਾਪੂਆਂ ਦੇ ਨਾਲ ਇਕ ਮਹਾਂਦੀਪ ਨੂੰ ਸ਼ਾਮਲ ਕਰਨ ਲਈ ਡਿਜ਼ਾਇਨ ਵਿਚ ਹੋਰ ਸੋਧ ਕੀਤੀ।

ਆਪਣੀ ਅੰਤਿਮ ਯਾਤਰਾ ਤੋਂ ਪਹਿਲਾਂ, ਸਪੇਨੀ ਬਾਦਸ਼ਾਹਾਂ ਨੇ ਵਿਸ਼ੇਸ਼ ਅਧਿਕਾਰਾਂ ਦੀ ਇਕ ਕਿਤਾਬ ਤਿਆਰ ਕੀਤੀ, ਸਮਝੌਤਿਆਂ ਦਾ ਇਕ ਸੰਗ੍ਰਹਿ ਇਹ ਦਰਸਾਉਂਦਾ ਹੈ ਕਿ ਕੋਲੰਬਸ ਨੂੰ ਉਸ ਦੀ ਖੋਜ ਲਈ ਕਿਵੇਂ ਮਿਹਨਤਾਨਾ ਦਿੱਤਾ ਗਿਆ ਸੀ। 1502 ਵਿਚ, ਕਿਤਾਬ ਦੀਆਂ ਚਾਰ ਕਾਪੀਆਂ ਮੌਜੂਦ ਹੋਣ ਲਈ ਜਾਣੀਆਂ ਜਾਂਦੀਆਂ ਸਨ। ਇਸ ਕੰਮ ਦੀ 'ਲਾਇਬ੍ਰੇਰੀ ਆਫ਼ ਕਾਂਗਰਸ' ਦੀ ਕਾਪੀ ਆਨਲਾਈਨ ਪ੍ਰਦਰਸ਼ਨੀ 'ਅਮਰੀਕਨ ਟ੍ਰੇਜ਼ਰਜ਼ ਆਫ਼ ਕਾਂਗਰਸ' ਦੀ ਲਾਇਬ੍ਰੇਰੀ ਵਿਚ ਸ਼ਾਮਲ ਚੋਟੀ ਦੇ ਖਜ਼ਾਨਿਆਂ ਵਿਚੋਂ ਇਕ ਹੈ।

ਸੰਯੁਕਤ ਰਾਜ ਵਿਚ ਕੋਲੰਬਸ ਦਿਵਸ ਦਾ ਪਹਿਲਾ ਰਿਕਾਰਡ ਕੀਤਾ ਗਿਆ ਜਸ਼ਨ 12 ਅਕਤੂਬਰ, 1792 ਨੂੰ ਹੋਇਆ ਸੀ। 'ਸੋਸਾਇਟੀ ਆਫ਼ ਸੇਂਟ ਟੈਮਨੀ' ਦੁਆਰਾ ਆਯੋਜਿਤ ਕੀਤਾ ਗਿਆ, ਜਿਸ ਨੂੰ 'ਕੋਲੰਬੀਅਨ ਆਰਡਰ' ਵੀ ਕਿਹਾ ਜਾਂਦਾ ਹੈ, ਇਸ ਨੇ ਕੋਲੰਬਸ ਦੇ ਉਤਰਨ ਦੀ 300ਵੀਂ ਵਰ੍ਹੇਗੰਢ ਦੀ ਯਾਦਗਾਰ ਮਨਾਈ।

ਇਵੈਂਟ ਦੀ 400 ਵੀ ਵਰ੍ਹੇਗੰਢ ਨੇ ਸੰਯੁਕਤ ਰਾਜ ਅਮਰੀਕਾ ਵਿਚ ਪਹਿਲੀ ਅਧਿਕਾਰਿਤ ਕੋਲੰਬਸ ਦਿਵਸ ਦੀ ਛੁੱਟੀ ਨੂੰ ਪ੍ਰੇਰਿਤ ਕੀਤਾ। ਰਾਸ਼ਟਰਪਤੀ ਬੈਂਜਾਮਿਨ ਹੈਰੀਸਨ ਨੇ 1892 ਵਿਚ ਇਕ ਘੋਸ਼ਣਾ ਜਾਰੀ ਕੀਤੀ, ''ਲੋਕਾਂ ਨੂੰ ਅਮਰੀਕਾ ਦੀ ਖੋਜ ਦੀ 400 ਵੀਂ ਵਰ੍ਹੇਗੰਢ ਦੇ ਉਹਨਾਂ ਦੇ ਸਾਰੇ ਖੇਤਰਾਂ ਵਿਚ ਮਨਾਉਣ ਦੀ ਸਿਫਾਰਸ਼ ਕੀਤੀ'' ਅਤੇ ਕੋਲੰਬਸ ਨੂੰ ''ਪ੍ਰਗਤੀ ਅਤੇ ਗਿਆਨ ਦੇ ਮੋਢੀ ਵਜੋਂ ਵਰਣਨ ਕੀਤਾ ਉਦੋਂ ਤੋਂ, ਕੋਲੰਬਸ ਦੇ ਜਸ਼ਨ ਵਿਚ ਦੇਸ਼ ਭਰ ਵਿਚ ਸਕੂਲੀ ਪ੍ਰੋਗਰਾਮ, ਨਾਟਕਾਂ ਅਤੇ ਭਾਈਚਾਰਕ ਤਿਉਹਾਰਾਂ ਦਾ ਆਯੋਜਨ ਕੀਤਾ ਗਿਆ ਹੈ। ਕੋਲੰਬਸ ਅਮਰੀਕਾ ਦੀ ਖੋਜ, 'ਇਮਰੇ ਕਿਰਾਲਫੀ' ਦਾ 'ਸ਼ਾਨਦਾਰ ਨਾਟਕੀ ਓਪਰੇਟਿਕ, ਅਤੇ ਬੈਲੇ ਤਮਾਸ਼ਾ'', ਇਸ ਯਾਦਗਾਰ ਲਈ ਬਣਾਈਆਂ ਗਈਆਂ ਵਧੇਰੇ ਵਿਸਤ੍ਰਿਤ ਸ਼ਰਧਾਂਜਲੀਆਂ ਵਿਚੋਂ ਇਕ ਹੈ, ਵਿਸ਼ਵ ਦੀ ਕੋਲੰਬੀਅਨ ਪ੍ਰਦਰਸ਼ਨੀ ਜਾਂ ਸ਼ਿਕਾਗੋ ਦਾ ਵਿਸ਼ਵ ਮੇਲਾ ਜੋ ਕਿ 1893 ਦੀਆਂ ਸਰਗਰਮੀਆਂ ਵਿਚ ਖੁੱਲ੍ਹਿਆ ਸੀ, ਨੂੰ 400 ਸਾਲ ਪਹਿਲਾਂ ਕੋਲੰਬਸ ਦੀ ਨਵੀਂ ਦੁਨੀਆਂ ਦੀ ਖੋਜ ਦੀ ਯਾਦ ਵਿਚ ਤਿਆਰ ਕੀਤਾ ਗਿਆ ਸੀ।

ਉਸ ਤੋਂ ਬਾਅਦ ਦੇ ਦਹਾਕਿਆਂ ਵਿਚ, ਕੋਲੰਬਸ ਦੇ ਨਾਈਟਸ, ਇਕ ਅੰਤਰ ਰਾਸ਼ਟਰੀ ਰੋਮਨ ਕੈਥੋਲਿਕ ਭਾਈਚਾਰਕ ਲਾਭ ਸਮਾਜ, ਨੇ 12 ਅਕਤੂਬਰ ਨੂੰ ਕਾਨੂੰਨੀ ਛੁੱਟੀ ਘੋਸ਼ਿਤ ਕਰਨ ਲਈ ਰਾਜ ਵਿਧਾਨ ਸਭਾਵਾਂ ਦੀ ਲਾਬਿੰਗ ਕੀਤੀ। ਕੋਲੋਰਾਡੋ 1 ਅਪ੍ਰੈਲ, 1907 ਨੂੰ ਅਜਿਹਾ ਕਰਨ ਵਾਲਾ ਪਹਿਲਾ ਰਾਜ ਸੀ। ਨਿਊਯਾਰਕ ਨੇ 1909 ਵਿਚ ਕੋਲੰਬਸ ਦਿਵਸ ਨੂੰ ਛੁੱਟੀ ਘੋਸ਼ਿਤ ਕੀਤਾ ਅਤੇ 12 ਅਕਤੂਬਰ 1909 ਨੂੰ, ਨਿਊਯਾਰਕ ਦੇ ਗਵਰਨਰ ਚਾਰਲਸ ਇਵਾਨਸ ਹਿਊਜ਼ ਨੇ ਇਕ ਪਰੇਡ ਦੀ ਅਗਵਾਈ ਕੀਤੀ, ਜਿਸ ਵਿਚ ਦੋ ਇਤਾਲਵੀ ਜਹਾਜ਼ਾਂ ਦੇ ਅਮਲੇ, ਕਈ ਇਤਾਲਵੀ ਲੋਕ ਸ਼ਾਮਲ ਸਨ। ਅਮਰੀਕਨ ਸੁਸਾਇਟੀਆਂ ਅਤੇ ਕੋਲੰਬਸ ਦੇ ਨਾਈਟਸ ਦੇ ਫੌਜੀ। ਰਾਸ਼ਟਰਪਤੀ ਫਰੈਂਕਲਿਨ ਡੇਨਾਲੋ ਰੂਜ਼ਵੈਲਟ ਨੇ 1934 ਵਿਚ 'ਕੋਲੰਬਸ ਡੇਅ' (ਫਿਰ 12 ਅਕਤੂਬਰ ਨੂੰ ਮਨਾਇਆ ਜਾਂਦਾ ਸੀ) ਨੂੰ ਇਕ ਰਾਸ਼ਟਰੀ ਛੁੱਟੀ ਵਜੋਂ ਮਨੋਨੀਤ ਕੀਤਾ।

1971 ਤੋਂ, ਜਦੋਂ ਕੋਲੰਬਸ ਦਿਵਸ ਅਕਤੂਬਰ ਦੇ ਦੂਜੇ ਸੋਮਵਾਰ ਨੂੰ ਮਨੋਨੀਤ ਕੀਤਾ ਗਿਆ ਸੀ, ਇਸ ਨੂੰ ਸੰਘੀ ਛੁੱਟੀ ਵਜੋਂ ਮਨਾਇਆ ਜਾਂਦਾ ਸੀ। ਦੇਸ਼ ਭਰ ਵਿਚ ਬਹੁਤ ਸਾਰੇ ਸਥਾਨਾਂ ਵਿਚ ਅਮਰੀਕੀ ਇਸ ਦਿਨ ਦੀ ਯਾਦ ਵਿਚ ਪਰੇਡ ਕਰਦੇ ਹਨ। ਕੋਲੰਬਸ ਨੂੰ ਬਹੁਤ ਸਾਰੇ ਯੂਰਪੀਅਨ ਅਮਰੀਕੀਆਂ ਦੁਆਰਾ ਉਸ ਵਿਅਕਤੀ ਦੇ ਰੂਪ ਵਿਚ ਪੂਜਿਆ ਜਾਂਦਾ ਹੈ, ਜਿਸਨੇ ਅਮਰੀਕਾ ਨੂੰ ਦੁਨੀਆਂ ਦੇ ਨਕਸ਼ੇ 'ਤੇ ਲਿਆਉਣ ਵਿਚ ਸਹਾਇਤਾ ਕੀਤੀ ਸੀ। ਕੋਲੰਬਸ ਦਿਵਸ 12 ਅਕਤੂਬਰ ਨੂੰ ਸਪੇਨ ਅਤੇ ਪੂਰੇ ਅਮਰੀਕਾ ਵਿਚ ਮਨਾਇਆ ਜਾਂਦਾ ਹੈ। ਦੂਸਰੇ ਕੋਲੰਬਸ ਬਾਰੇ ਵਧੇਰੇ ਆਲੋਚਨਾਤਮਕ ਦ੍ਰਿਸ਼ਟੀਕੋਣ ਲੈਂਦੇ ਹਨ ਕਿ ਉਸ ਦੀ ਖੋਜ ਅਸਲ ਵਿਚ ਇਕ ਖੋਜ ਨਹੀਂ ਸੀ ਕਿਉਂਕਿ ਜ਼ਮੀਨ ਪਹਿਲਾਂ ਹੀ ਆਬਾਦੀ ਵਾਲੀ ਸੀ ਅਤੇ ਉਸਦੇ ਕੰਮਾਂ ਦੁਆਰਾ ਆਉਣ ਵਾਲੇ ਯੂਰਪੀਅਨ ਬਸਤੀਵਾਦ ਨੇ ਮੂਲ ਅਮਰੀਕੀ ਲੋਕਾਂ ਨਾਲ ਦੁਰਵਿਵਹਾਰ ਅਤੇ ਨਸਲਕੁਸ਼ੀ ਕੀਤੀ ਜੋ ਪਹਿਲਾਂ ਹੀ ਉੱਥੇ ਰਹਿੰਦੇ ਸਨ।

# ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਆਦਿ ਧਰਮ ਅੰਦੋਲਨ



**ਫਤਿਹਜੰਗ ਸਿੰਘ**
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

ਡਾ. ਅੰਬਡਕਰ ਨੇ ਕਿਹਾ ਸੀ ਕਿ ''ਸਾਡੇ ਸਮਾਜ ਦੇ ਦੋ ਮੁੱਖ ਭਾਗ ਰਹੇ ਹਨ। ਇਕ ਰਾਜ ਕਰਨ ਵਾਲਿਆਂ ਦਾ ਹੈ ਅਤੇ ਦੂਜਾ ਉਹਨਾਂ ਦੀ ਪਰਜਾ ਦਾ। ਸਦੀਆਂ ਤੋਂ ਇਹ ਵਿਵਸਥਾ ਚਲੀ ਆ ਰਹੀ ਹੈ ਪਰ ਇਹ ਸਦੀਵੀ ਨਹੀਂ ਰਹਿਣੀ ਚਾਹੀਦੀ।'' ਇਸ ਅਵਸਥਾ ਨੂੰ ਬਦਲਣ ਲਈ ਹੀ ਬਾਬਾ ਸਾਹਿਬ ਨੇ ਤਾ-ਉਮਰ ਸੰਘਰਸ਼ ਕੀਤਾ। ਰਾਜ ਕਰਨ ਵਾਲੀ ਸ਼੍ਰੇਣੀ ਨੇ ਆਪਣੇ ਨਿੱਜੀ ਘਟੀਆ ਸਵਾਰਥਾਂ ਕਾਰਨ ਸਮਾਜ ਦੇ ਇਕ ਵੱਡੇ ਹਿੱਸੇ ਨੂੰ ਜਾਤਪਾਤ ਤੇ ਊਚ-ਨੀਚ ਦੀਆਂ ਵੰਡੀਆਂ ਪਾ ਕੇ ਲੀਰੋ ਲੀਰ ਕਰੀ ਰੱਖਿਆ, ਜਿਸ ਕਰਕੇ ਕੁਦਰਤੀ ਸਾਧਨਾਂ ਵਿਚ ਸਰਵ ਸੰਪੰਨ ਇਹ ਦੇਸ਼ ਕਮਜ਼ੋਰ ਤੇ ਗਰੀਬ ਹੀ ਬਣਿਆ ਰਿਹਾ। ਸਦੀਆਂ ਤੱਕ ਸਮਾਜ ਦੇ ਇਸ ਹਿੱਸੇ ਨੂੰ ਸ਼ੂਦਰ ਦਾ ਨਾਂ ਦੇ ਕੇ ਰੱਬ ਅਤੇ ਧਰਮ ਦੇ ਅੰਧ-ਵਿਸ਼ਵਾਸੀ ਕਰੂਰ ਡੰਡੇ ਦੇ ਜ਼ੋਰ ਨਾਲ ਅਜਿਹਾ ਲੁੱਟਿਆ ਅਤੇ ਨਚੋੜਿਆ ਗਿਆ ਕਿ ਇਸਦੇ ਵਾਸੀ ਭੁੱਲ ਹੀ ਗਏ ਕਿ ਉਹ ਵੀ ਮਨੁੱਖ ਹੀ ਹਨ। ਮਨੁੱਖਾਂ ਦੇ ਅਧਿਕਾਰ ਦੀ ਗੱਲ ਸੋਚਣੀ ਤਾਂ ਬਹੁਤ ਦੂਰ ਦੀ ਗੱਲ ਸੀ। ਅਜਿਹੀ ਹਾਲਤ ਦੇ ਝੰਬੇ ਸਮਾਜ ਦੇ ਲੋਕਾਂ ਨੂੰ ਅੱਜ ਵੀ ਆਜ਼ਾਦੀ ਤੇ ਲੋਕਰਾਜ ਸਥਾਪਤੀ ਦੀ ਲੱਗਭੱਗ ਪੌਣੀ ਸਦੀ ਆਜ਼ਾਦੀ ਜਾਂ ਮਨੁੱਖੀ ਅਧਿਕਾਰਾਂ ਦਾ ਪੂਰਨ ਅਹਿਸਾਸ ਕਰਵਾਉਣ ਵਿਚ ਅਸਫਲ ਰਹੀ ਹੈ। ਅਜਿਹੀ ਵਿਵਸਥਾ ਦੀਆਂ ਸਥਾਪਤ ਕੀਤੀਆਂ ਗਲਤ ਕਦਰਾਂ-ਕੀਮਤਾਂ ਤੇ ਖਿਲਾਫ ਜਦੋਂ ਬਾਬਾ ਸਾਹਿਬ ਸਾਰੇ ਦੇਸ਼ ਵਿਚ ਆਪਣੇ ਘੋਲ ਦੀਆਂ ਜੜ੍ਹਾਂ ਫੈਲਾ ਰਹੇ ਸਨ ਤਾਂ ਉਹਨਾਂ ਦੇ ਹੀ ਸਮਕਾਲੀ ਬਾਬੂ ਮੰਗੂ ਰਾਮ ਮੁਗੋਵਾਲੀਆ ਪੰਜਾਬ ਵਿਚ ਆਪਣੇ ਆਦਿ ਧਰਮ ਅੰਦੋਲਨ ਦੇ ਜ਼ਰੀਏ ਇਸ ਵਿਵਸਥਾ ਵਿਰੁੱਧ ਜੰਗ ਲੜ ਰਹੇ ਸਨ। ਉਹਨਾਂ ਨੇ ਬਾਬਾ ਸਾਹਿਬ ਦੇ ਘੋਲ ਦਾ ਸਮਰਥਨ ਕੀਤਾ ਤੇ ਸਮੇਂ-ਸਮੇਂ 'ਤੇ ਡਟਕੇ ਪੂਰਾ ਸਹਿਯੋਗ ਵੀ ਦਿੱਤਾ। ਇਹ ਉਹਨਾਂ ਵੱਲੋਂ ਤਿਆਰ ਕੀਤੀ ਹੋਈ ਜ਼ਮੀਨ ਹੀ ਸੀ ਜਿਸ ਵਿਚ ਬਾਬਾ ਸਾਹਿਬ ਦਾ ਅੰਦੋਲਨ ਪੰਜਾਬ ਵਿਚ ਠਾਠਾਂ ਮਾਰ ਵਧਣ ਲੱਗਾ ਸੀ।

ਇਸ ਸੰਘਰਸ਼ਸ਼ੀਲ ਸ਼ਖਸੀਅਤ ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 14 ਜਨਵਰੀ 1886 ਨੂੰ ਮੁਗੋਵਾਲ (ਹੁਸ਼ਿਆਰਪੁਰ) ਵਿਚ ਸ੍ਰੀ ਹਰਨਾਮ ਦਾਸ ਇਕ ਦਲਿਤ ਦੇ ਘਰ ਜਨਮ ਲਿਆ। ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ ਬਾਕੀ ਦੇਸ਼ ਨਾਲੋਂ ਬਹੁਤ ਦੇਰ ਬਾਅਦ ਹੋਇਆ ਸੀ। ਅੰਗਰੇਜ਼ਾਂ ਦੇ ਆਉਣ ਨਾਲ ਜੋ ਵਿੱਦਿਆ ਸਦੀਆਂ ਤੱਕ ਅਛੂਤ ਸਮਾਜ ਤੋਂ ਦੂਰ ਰਹੀ, ਉਹ ਅੰਗਰੇਜ਼ਾਂ ਕਾਰਨ ਸ਼ੁਰੂ ਤਾਂ ਤਾਂ ਹੋ ਗਏ. ਪਰ ਛੂਤਛਾਤ ਦਾ ਪਰਛਾਵਾਂ ਸਕੂਲਾਂ 'ਤੇ ਵੀ ਬੁਰੀ ਤਰ੍ਹਾਂ ਛਾਇਆ ਹੋਇਆ ਸੀ। ਬੁਰੇ ਵਿਵਹਾਰ ਦੇ ਹੁੰਦਿਆਂ ਵੀ ਬਾਬੂ ਮੰਗੂ ਰਾਮ ਵਰਗੇ ਵਿਰਲੇ ਟਾਂਵੇ ਸਕੂਲਾਂ ਵਿਚ ਦਾਖਲ ਹੋ ਹੀ ਰਹੇ ਸਨ। ਛੂਤਛਾਤ ਦਾ ਇਹ ਹਾਲ ਸੀ ਕਿ ਬਾਬੂ ਜੀ ਆਪਣਾ ਵੱਖਰਾ ਟਾਟ ਅਤੇ ਇਕ ਛਤਰੀ ਨਾਲ ਲੈ ਕੇ ਜਾਂਦੇ ਸਨ। ਗਰਮੀਆਂ ਵਿਚ ਬਾਕੀ ਵਿਦਿਆਰਥੀ ਛਾਵੇਂ ਬੈਠੇ ਹੁੰਦੇ ਪਰ ਬਾਬੂ ਮੰਗੂ ਰਾਮ ਨੇ ਧੁੱਪ ਵਿਚ ਆਪਣੀ ਛਤਰੀ ਲੈ ਕੇ ਬੈਠਣ ਲਈ ਮਜਬੂਰ ਹੁੰਦੇ। ਸਰਦੀਆਂ ਵਿਚ ਬਾਕੀ ਧੁੱਪ ਵਿਚ ਬੈਠਦੇ ਤਾਂ ਇਹਨਾਂ ਨੂੰ ਛਾਂ ਵਿਚ ਗਰਮ ਕੱਪੜਿਆਂ ਦੀ ਅਣਹੋਂਦ ਕਾਰਨ ਠੁਰ-ਠੁਰ ਕਰਦਿਆਂ ਪੜ੍ਹਨਾ ਪੈਂਦਾ। ਫਿਰ ਇਕ ਦਿਨ ਤਾਂ ਇੰਤਹਾ ਹੀ ਹੋ ਗਈ ਜਦੋਂ ਤੁਫਾਨ ਤੇ ਰਾਜਿਆਂ ਕਾਰਨ ਛਤਰੀ ਟੁੱਟ ਗਈ। ਇਹ ਦੌੜ ਕੇ ਕਮਰੇ ਅੰਦਰ ਮਨਾਹੀ ਦੇ ਬਾਵਜੂਦ ਵੀ ਜਾ ਵੜੇ। ਮਾਸਟਰ ਨੇ ਇਸ ਅਵੱਗਿਆ ਕਾਰਨ ਬਹੁਤ ਬੁਰੀ ਤਰ੍ਹਾਂ ਕੁੱਟਿਆ ਤੇ ਨਾਲ ਹੀ ਆਖ ਰਿਹਾਸੀ ਕਿ ਜੇ ਇਹ ਚਮਾਰ-ਚੂਹੜੇ ਪੜ੍ਹਨ ਲੱਗ ਪਏ ਤਾਂ ਸਾਡੀਆਂ ਜੁੱਤੀਆਂ ਕੌਣ ਕਰੇਗਾ? ਅਗਲੇ ਦਿਨ ਸਾਰੇ ਕਮਰੇ ਨੂੰ ਗੰਗਾਜਲ ਨਾਲ ਪਵਿੱਤਰ ਕੀਤਾ ਗਿਆ। ਬਾਬੂ ਮੰਗੂ ਰਾਮ ਦੇ ਦਿਲ 'ਤੇ ਗਹਿਰੀ ਸੱਟ ਲੱਗੀ। ਸਕੂਲ ਜਾਣਾ ਬੰਦ ਕਰ ਦਿੱਤਾ ਤੇ ਨਿਰਾਸ਼ ਰਹਿਣ ਲੱਗ ਪਏ।

ਉਹਨਾਂ ਦਿਨਾਂ ਵਿਚ ਬਾਹਰ ਜਾਣ ਲਈ ਪਾਸਪੋਰਟ ਜਾਂ ਵੀਜ਼ੇ ਦੀ ਲੋੜ ਨਹੀਂ ਸੀ ਹੁੰਦੀ। ਰੁਜ਼ਗਾਰ ਲਈ ਲੋਕੀ ਦੂਰ-ਦੂਰ ਤੱਕ ਦੂਜੇ ਦੇਸ਼ਾਂ ਵਿਚ ਚਲੇ ਜਾਂਦੇ ਸਨ। ਬਾਬੂ ਜੀ ਵੀ 1909 ਵਿਚ ਅਮਰੀਕਾ ਚਲੇ ਗਏ। ਉਥੇ ਲਾਲਾ ਹਰਦਿਆਲ ਨਾਲ ਮੇਲ ਹੋਇਆ ਤਾਂ ਉਹਨਾਂ ਦੀ ਗਦਰ ਪਾਰਟੀ ਲਈ ਕੰਮ ਕਰਦੇ ਰਹੇ। ਉਥੋਂ ਦੇ ਜਾਤਪਾਤ ਰਹਿਤ ਸਮਾਜ ਤੋਂ ਉਹ ਬਹੁਤ ਪ੍ਰਭਾਵਿਤ ਹੋਏ। ਫਿਰ 1915 ਵਿਚ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੀ ਸਲਾਹ ਨਾਲ ਆਜ਼ਾਦੀ ਦੀ ਜੰਗ ਤੇਜ਼ ਕਰਨ ਲਈ ਉਹ ਚਾਰ ਸਾਥੀਆਂ ਸਮੇਤ ਜਹਾਜ਼ ਵਿਚ ਹਥਿਆਰ ਭਰ ਕੇ ਭਾਰਤ ਲਿਆ ਰਹੇ ਸਨ ਕਿ ਅਮਰੀਕਨਾਂ ਨੇ ਛਾਪਾ ਮਾਰ ਕੇ ਫੜ ਲਿਆ। ਮੌਤ ਦੀ ਸਜ਼ਾ ਹੋ ਗਈ। ਪਰ ਰਾਜ ਬਿਹਾਰੀ ਬੋਸ ਅਤੇ ਕੁਝ ਜਰਮਨਾਂ ਦੀ ਮਦਦ ਨਾਲ ਜੇਲ੍ਹ ਵਿਚੋਂ ਭੱਜ ਨਿਕਲੇ। ਮਨੀਲਾ ਤੇ ਫਿਲਪਾਈਨ ਆਦਿ ਤੋਂ ਹੁੰਦੇ ਹੋਏ ਲੁਕਦੇ ਛਿਪਦੇ 1925 ਵਿਚ ਭਾਰਤ ਪੁੱਜ ਗਏ। ਇੱਥੇ ਜਾਤਪਾਤੀ ਵਿਤਕਰਾ ਜਿਉਂ ਦੀ ਤਿਉਂ ਵੇਖ ਕੇ ਉਹ ਹੋਰ ਉਦਾਸ ਹੋ ਗਏ। ਫਿਰ ਇਕ ਦਿਨ ਇਹਨਾਂ ਦੇ ਸਾਹਮਣੇ ਇਥ ਜ਼ਿਮੀਦਾਰ ਦੇ ਖੇਤ ਵਿਚ ਲਾਗਿਉਂ ਇਕ ਅਛੂਤ ਨੂੰ ਖਾਲ ਵਿਚੋਂ ਪੱਠੇ ਵੱਢਣ ਕਾਰਨ ਜ਼ਿਮੀਦਾਰ ਵੱਲੋਂ ਉਸਨੂੰ ਬਹੁਤ ਮਾਰ ਪਈ ਜੋ ਉਹਨਾਂ ਦਿਨਾਂ ਵਿਚ ਆਮ ਹੋ ਗਈ ਸੀ। ਬਾਬੂ ਜੀ ਦਾ ਦਿਲ ਸਹਾਰ ਨਾ ਸਕਿਆ। ਨਿਰਾਸ਼ਤਾ ਵਿਚ ਪੰਜਾਬ ਤਿਆਗ ਦਿੱਤਾ। ਲਾਲਾ ਹਰਦਿਆਲ ਨੂੰ ਲਿਖਿਆ ਕਿ ਜਦੋਂ ਤੱਕ ਸਮਾਜ ਵਿਚ ਛੂਤਛਾਤ ਦਾ ਬੋਲਬਾਲਾ ਰਹੇਗਾ ਦੇਸ਼ ਕਦੇ ਵੀ ਆਜ਼ਾਂਦ ਨਹੀਂ ਹੋ ਸਕੇਗਾ। ਫਿਰ ਬੰਬਈ, ਸਿਤਾਰਾ, ਪੂਨਾ, ਨਾਗਪੁਰ, ਮਦਰਾਸ, ਕਲਕੱਤਾ, ਮਥਰਾ, ਦੇਹਰਾਦੂਨ ਆਦਿ ਥਾਵਾਂ ਤੇ ਗਏ ਅਤੇ ਵੇਖਿਆ ਕਿ ਦੇਸ਼ ਦੇ ਕਈ ਹਿੱਸਿਆਂ ਵਿਚ ਅਛੂਤ ਉਧਾਰ ਦੇ ਅੰਦੋਲਨ ਚੱਲ ਰਹੇ ਹਨ। ਮਹਾਂਰਾਸ਼ਟਰ ਵਿਚ ਡਾ. ਅੰਬੇਡਕਰ ਦੀ 'ਬਹਿਸਕ੍ਰਿਤ ਹਿਤਕਾਰਨੀ ਸਭਾ' ਦੇ ਕੰਮ ਤੋਂ ਬਹੁਤ ਪ੍ਰਭਾਵਿਤ ਹੋਏ। ਸਭਾ ਵੱਲੋਂ ਅਛੂਤ ਵਿਦਿਆਰਥੀਆਂ ਲਈ ਇਕ ਹੋਸਟਲ ਚਲਾਇਆ ਜਾ ਰਿਹਾ ਸੀ ਜਿਸ ਵਿਚ ਰਿਹਾਇਸ਼, ਖਾਣਾ ਤੇ ਕੱਪੜਾ ਮੁਫਤ ਦਿੱਤਾ ਜਾਂਦਾ ਸੀ। ਇਸਤੋਂ ਉਹ ਹੋਰ ਵੀ ਪ੍ਰਭਾਵਿਤ ਹੋ ਗਏ।

ਇਸ ਉਪਰੰਤ ਵਾਪਸ ਘਰ ਪਰਤ ਆਏ। ਪਿੰਡ-ਪਿੰਡ ਘੁੰਮ ਕੇ ਅਛੂਤ ਉਧਾ ਦੇ ਪ੍ਰੋਗਰਾਮ ਸ਼ੁਰੂ ਕੀਤੇ। ਇਹਨਾਂ ਦੀ ਸਿਖਰ ਇਹ ਸੀ ਕਿ 11-12 ਜੂਨ 1926 ਨੂੰ ਸਾਰੀਆਂ ਅਛੂਤ ਜਾਤੀਆਂ ਨਾਲ ਸਬੰਧਤ ਲੋਕਾਂ ਦੀ ਇਕ ਬਹੁਤ ਵੱਡੀ ਕਾਨਫਰੰਸ ਪਿੰਡ ਮੂਗੋਵਾਲ (ਹੁਸ਼ਿਆਰਪੁਰ) ਵਿਚ ਸੱਦੀ ਗਈ। ਇਹ ਇਕ ਨਿਵੇਕਲਾ ਤੇ ਇਨਕਲਾਬੀ ਕਦਮ ਸੀ। ਇਸ ਵਿਚ ਹਿੰਦੂ ਧਰਮ ਦੇ ਜਾਤਪਾਤੀ ਵਿਤਕਰੇ ਤੋਂ ਛੁਟਕਾਰਾ ਪਾਉਣ ਲਈ ਇਕ ਵੱਖਰੇ ਧਰਮ 'ਆਦਿ ਧਰਮ' ਦੀ ਨੀਂਹ ਰੱਖੀ ਗਈ। ਸਾਰੀਆਂ ਅਛੂਤ ਜਾਤੀਆਂ ਨੂੰ ਪ੍ਰੇਰਿਤ ਕੀਤਾ ਗਿਆ ਕਿ ਉਹ ਆਪਣੇ ਹੋਰ ਧਰਮ ਭੁਲਾ ਕੇ ਇਸ ਇਕੋ ਧਰਮ ਨੂੰ ਅਪਣਾਉਣ ਅਤੇ ਆਪਸ ਵਿਚ ਭਰਾਤਰੀ ਪ੍ਰੇਮ ਭਾਵ ਪੈਦਾ ਕਰਨ। ਹਿੰਦੂ ਧਰਮ ਵੱਲੋਂ ਫੈਲਾਏ ਅੰਧ ਵਿਸ਼ਵਾਸ, ਫਜ਼ੂਲ ਦੇ ਰਸਮੋ-ਰਿਵਾਜ਼ ਅਤੇ ਵਹਿਮਾਂ-ਭਰਮਾਂ ਨੂੰ ਤਿਲਾਂਜਲੀ ਦੇ ਕੇ ਸਾਦਾ ਤੇ ਸਹੀ ਸੋਚ ਵਾਲਾ ਜੀਵਨ ਬਤੀਤ ਕੀਤਾ ਜਾਵੇ। ਉਸ ਵਿਚ ਪਾਸ ਕੀਤੇ ਕੁੱਲ 25 ਮਤਿਆਂ ਦਾ ਨਚੋੜ ਇਸ ਤਰ੍ਹਾਂ ਸੀ,



ਆਦਿ ਧਰਮ ਮੰਡਲ ਦੀ ਸਥਾਪਨਾ ਹੋ ਚੁੱਕੀ ਹੈ, ਜਿਸਦਾ ਗ੍ਰੰਥ 'ਆਦਿ ਪ੍ਰਕਾਸ਼', ਪਵਿੱਤਰ ਸ਼ਬਦ 'ਸੋਹੰ' ਹੈ। ਹੁਣ ਸਭਨੇ ਆਪਸ ਵਿਚ ਮਿਲਣ ਉਤੇ 'ਜੈ ਗੁਰਦੇਵ' ਹੀ ਕਹਿਣਾ ਹੈ। ਇਸਦਾ ਮੁੱਖ ਦਫਤਰ ਜਲੰਧਰ ਵਿਚ ਹੋਵੇਗਾ। ਇਸਦੇ ਬਾਨੀ ਵਾਲਮੀਕ ਜੀ, ਰਵਿਦਾਸ ਜੀ, ਕਬੀਰ ਜੀ, ਨਾਮਦੇਵ ਜੀ ਹਨ। ਆਦਿ-ਧਰਮ ਵਿਚ ਸਭ ਇਕਮੁੱਠ ਹੋ ਕੇ ਭੀੜ ਪੈਣ ਤੇ ਇਕ-ਦੂਜੇ ਦੀ ਰੱਖਿਆ ਕਰਨਗੇ। ਜੋ ਗ੍ਰੰਥ ਅਤੇ ਸ਼ਾਸਤਰ ਅਛੂਤਾਂ ਨੂੰ ਗੁਲਾਮ ਦੱਸਦੇ ਹਨ ਉਹਨਾਂ ਦਾ ਬਾਈਕਾਟ ਕੀਤਾ ਜਾਵੇਗਾ। ਅਛੂਤ ਬੱਚੇ ਘੱਟੋ-ਘੱਟ ਪ੍ਰਾਇਮਰੀ ਵਿੱਦਿਆ ਜ਼ਰੂਰ ਗ੍ਰਹਿਣ ਕਰਨਗੇ। ਗਰੀਬੀ ਕਾਰਨ ਕਿਉਂਕਿ ਮਾਪੇ ਪੜ੍ਹਾਉਣ ਦੇ ਸਮਰੱਥ ਨਹੀਂ ਹਨ, ਇਸ ਲਈ ਸਿੱਖਿਆ ਮੰਤਰੀ ਲਾਹੌਰ ਨੂੰ ਵਜ਼ੀਫਿਆਂ ਅਤੇ ਗਰਾਂਟਾਂ ਆਦਿ ਦਾ ਪ੍ਰਬੰਧ ਕਰਨ ਲਈ ਆਖਿਆ ਜਾਵੇਗਾ। ਇਸੇ ਤਰ੍ਹਾਂ ਸਰਕਾਰ ਨੂੰ ਕਿਹਾ ਜਾਵੇਗਾ ਕਿ ਖਾਲੀ ਜ਼ਮੀਨਾਂ ਅਛੂਤਾਂ ਵਿਚ ਵੰਡਣ ਅਤੇ ਰਈਅਤਨਾਮਾ (ਜਿਸਦੇ ਅਧੀਨ ਅਛੂਤ ਦੇ ਮਕਾਨ ਦੀ ਜ਼ਮੀਨ 'ਤੇ ਉਸਦੀ ਮਲਕੀਅਤ ਨਹੀਂ ਸੀ ਹੁੰਦੀ), ਖਤਮ ਕਰਕੇ ਅਛੂਤਾਂ ਨੂੰ ਆਪਣੇ ਮਕਾਨਾਂ ਦੇ ਮਾਲਕ ਬਣਾਇਆ ਜਾਵੇ। ਜਨਗਣਨਾ ਵਿਚ 'ਆਦਿ ਧਰਮ' ਨੂੰ ਵੱਖ ਧਰਮ ਲਿਖਿਆ ਜਾਵੇ। ਨੌਕਰੀਆਂ, ਵਿਧਾਨ ਸਭਾਵਾਂ, ਪੁਲਿਸ ਅਤੇ ਫੌਜ ਵਿਚ ਬਣਦੀ ਨੁਮਾਇੰਦਗੀ ਦਿੱਤੀ ਜਾਵੇ। ਅਛੂਤਾਂ ਨੂੰ ਦੂਜਿਆਂ ਦੇ ਬਰਾਬਰ ਲਿਆਉਣ ਤੱਕ ਦੇਸ਼ ਨੂੰ ਸਵਰਾਜ ਨਾ ਦਿੱਤਾ ਜਾਵੇ। 'ਦਇਆ ਨੰਦ ਦਲਿਤ ਉਧਾਰ ਮੰਡਲ', 'ਪਤਿਤ ਉਧਾਰ ਮੰਡਲ', 'ਅੰਤਜ ਉਧਾਰ ਮੰਡਲ', 'ਅਛੂਤ ਉਧਾਰ ਮੰਡਲ' ਆਦਿ ਅਸਲ ਵਿਚ ਅਛੂਤਾਂ ਦੇ ਉਧਾਰ ਲਈ ਨਹੀਂ ਹਨ ਸਗੋਂ ਉਹਨਾਂ ਨਾਲ ਧੋਖਾ ਹੈ, ਇਸ ਲਈ ਇਹਨਾਂ ਨੂੰ ਸਰਕਾਰ ਸਾਡੇ ਨੁਮਾਇੰਦੇ ਨਾ ਸਮਝੇ। ਉੱਚ ਜਾਤੀਆਂ ਵੱਲੋਂ ਅਛੂਤਾਂ ਦੇ ਲਾਲ ਰੰਗ ਪਹਿਨਣ ਉਤੇ ਲੱਗੀ ਪਾਬੰਦੀ ਉਠਾਈ ਜਾਵੇ। ਮਨੂੰ ਸਿਮਰਤੀ ਵਰਗੇ ਅਛੂਤਾਂ ਨੂੰ ਗੁਲਾਮ ਮੰਨਦੇ ਗ੍ਰੰਥਾਂ ਉਤੇ ਪਾਬੰਦੀ ਲਗਾਈ ਜਾਵੇ। ਬੇਗਾਰ ਬੰਦ ਕੀਤੀ ਜਾਵੇ। ਅਜਿਹਾ ਕਰਨ ਵਾਲੀ ਸਰਕਾਰ ਦੇ ਹੀ ਅਛੂਤ ਸ਼ੁਭਚਿੰਤਕ ਰਹਿਣਗੇ।

ਇੰਝ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਦੀ ਅਗਵਾਈ ਵਿਚ 11-12 ਜੂਨ 1926 ਨੂੰ ਇਹ ਇਕ ਇਨਕਲਾਬੀ ਕਦਮ ਚੁੱਕਿਆ, ਜਿਸ ਕਰਕੇ ਆਦਿ ਧਰਮ ਇਕ ਧਰਮ ਨਾ ਹੋ ਕੇ ਜ਼ਬਰਦਸਤ ਅੰਦੋਲਨ ਦੀ ਸ਼ੁਰੂਆਤ ਹੋ ਨਿਬੜਿਆ। ਅਛੂਤਾਂ ਵਿਚ ਇਕ ਨਵਾਂ ਜੋਸ਼, ਨਵੀਂ ਉਮੰਗ ਠਾਠਾਂ ਮਾਰਨ ਲੱਗੀ। ਜਿੱਥੇ ਵੀ ਜਾਂਦੇ ਜਾਂ ਮੋਰਚਾ ਲਾਉਂਦੇ ਲਾਲ ਪੱਗਾਂ ਦਾ ਹੜ੍ਹ ਜਿਹਾ ਆ ਜਾਂਦਾ।ਵਿਰੋਧੀ ਬੁਰੀ ਤਰ੍ਹਾਂ ਘਬਰਾ ਗਏ। ਅੰਦੋਲਨ ਦੇ ਪ੍ਰਚਾਰ ਪ੍ਰਸਾਰ ਲਈ ਇਕ ਪੰਜਾਬੀ ਅਤੇ ਉਰਦੂ ਵਿਚ ਹਫਤਾਵਾਰੀ ਅਖਬਾਰ 'ਆਦਿ ਡੰਕਾ' ਸ਼ੁਰੂ ਕੀਤਾ, ਜਿਸਨੇ ਅਛੂਤਾਂ ਵਿਚ ਇਕ ਨਵੀਂ ਹੀ ਸੋਚ ਭਰ ਦਿੱਤੀ। ਅਛੂਤਾਂ ਦੀ ਬੇਗਾਰ ਵਿਰੁੱਧ ਧਰਮਸ਼ਾਲਾ (ਹਿਮਾਚਲ) ਵਿਚ ਮੋਰਚਾ ਲਾਇਆ ਗਿਆ, ਜਿਸਦੇ ਫਲਸਰੂਪ ਬੇਗਾਰ ਬੰਦ ਹੋਈ ਅਤੇ ਮਜ਼ਦੂਰੀ ਇਕ ਆਨੇ ਤੋਂ ਡੇਢ ਰੁਪਿਆ ਕਰਵਾ ਦਿੱਤੀ ਗਈ।

ਬਾਬੂ ਮੰਗੂ ਰਾਮ ਨੇ ਅਛੂਤਾਂ ਨਾਲ ਸਬੰਧਤ ਸਥਾਨਕ ਅਤੇ ਕੌਮੀ ਮੁੱਦਿਆਂ ਉਤੇ ਮੋਰਚੇ ਅਤੇ ਕਾਨਫਰੰਸਾਂ ਨਾਲ ਹਮਲਾ ਬੋਲ ਦਿੱਤਾ। 1928 ਵਿਚ ਸਾਈਮਨ ਕਮਿਸ਼ਨ ਅੱਗੇ ਡੈਪੂਟੇਸ਼ਨ ਲੈ ਕੇ ਪੇਸ਼ ਹੋਏ ਅਤੇ ਅਛੂਤਾਂ ਦੀਆਂ ਤਕਲੀਫਾਂ ਸਾਹਮਣੇ ਰੱਖੀਆਂ। ਉਹਨਾਂ ਨੇ ਕਮਿਸ਼ਨ ਨੂੰ ਅਹਿਸਾਸ ਕਰਵਾਇਆ ਕਿ ਅਛੂਤਾਂ ਨੂੰ ਕੋਈ ਹੱਕ ਨਹੀਂ ਦਿੱਤਾ ਗਿਆ, ਉਹਨਾਂ ਨੂੰ ਕੁੱਤੇ ਬਿੱਲਿਆਂ ਤੋਂ ਵੀ ਭੈੜਾ ਗਿਣਿਆ ਜਾਂਦਾ ਹੈ। ਅਛੂਤ ਵੱਖਰੇ ਧਰਮ ਦੇ ਅਨੁਆਈ ਹਨ, ਉਹਨਾਂ ਨੂੰ ਹਿੰਦੂ, ਮੁਸਲਿਮ ਜਾਂ ਇਸਾਈ ਨਾ ਸਮਝਿਆ ਜਾਵੇ ਅਤੇ ਵੱਖਰਿਆਂ ਰੱਖ ਕੇ ਹੀ ਬਰਾਬਰ ਦੇ ਅਧਿਕਾਰ ਦਿੱਤੇ ਜਾਣ। ਫਿਰ 1929 ਵਿਚ ਬਾਬੂ ਜੀ ਗਵਰਨਰ ਪੰਜਾਬ ਨੂੰ 300 ਦਾ ਜਥਾ ਲੈ ਕੇ ਉਹਨਾਂ ਨੂੰ ਜਲੰਧਰ ਆਉਣ 'ਤੇ ਮਿਲੇ ਅਤੇ ਅਛੂਤਾਂ ਨੂੰ ਦਰਪੇਸ਼ ਔਕੜਾਂ ਸਬੰਧੀ ਇਕ ਯਾਦਪੱਤਰ ਦਿੱਤਾ। 1931 ਦੀ ਮਰਦਮਸ਼ੁਮਾਰੀ ਵਿਚ ਬਾਬੂ ਜੀ ਦੇ ਅੰਦੋਲਨ ਕਰਕੇ ਵੱਖਰਾ ਧਰਮ 'ਆਦਿ ਧਰਮ' ਲਿਖਵਾਉਣ ਸਦਕਾ ਦੇਸ਼ ਦੇ 7 ਕਰੋੜ ਅਛੂਤ ਜਿਹਨਾਂ ਨੂੰ ਹਿੰਦੂ ਅਤੇ ਮੁਸਲਮਾਨਾਂ ਵਿਚ ਵੰਡਣ ਦੀ ਸਾਜਿਸ਼ ਰਚੀ ਗਈ ਸੀ, ਉਹ ਸਾਜਿਸ਼ ਫੇਲ੍ਹ ਹੋ ਗਈ।

ਬਾਬੂ ਮੰਗੂ ਰਾਮ ਨੇ ਹੁਣ ਉਹ ਮੁਕਾਮ ਹਾਸਲ ਕਰ ਲਿਆ ਸੀ ਕਿ ਪੰਜਾਬ ਦੇ ਅਛੂਤ ਉਹਨਾਂ 'ਤੇ ਅਥਾਹ ਵਿਸ਼ਵਾਸ ਕਰਨ ਲੱਗ ਪਏ, ਜਿਸ ਕਰਕੇ ਉਹ ਜਿੱਧਰ ਵੀ ਮੂੰਹ ਕਰਦੇ ਸਫਲਤਾ ਹੀ ਸਫਲਤਾ ਮਿਲਣ ਲੱਗੀ। ਉਹਨਾਂ ਦੀ ਇਕ ਬਹੁਤ ਵੱਡੀ ਪ੍ਰਾਪਤੀ ਇਹ ਵੀ ਸੀ ਕਿ ਉਹਨਾਂ ਨੇ ਡਾ. ਅੰਬੇਡਕਰ ਦੇ ਦੇ ਅੰਦੋਲਨ ਨੂੰ ਸਹੀ ਅਰਥਾਂ ਵਿਚ ਸਮਝ ਕੇ ਉਹਨਾਂ ਦਾ ਭਰਵਾਂ ਸਾਥ ਦਿੱਤਾ। ਅੰਗਰੇਜ਼ੀ ਸਰਕਾਰ ਵੱਲੋਂ ਭਾਰਤ ਦੇ ਹਕੂਮਤੀ ਢਾਂਚੇ ਵਿਚ ਕੁਝ ਵੱਡੀਆਂ ਤਬਦੀਲੀਆਂ ਕਰਨ ਦੇ ਇਰਾਦੇ ਨਾਲ ਲਾਰਡ ਲੋਥੀਅਨ ਦੀ ਪ੍ਰਧਾਨਗੀ ਹੇਠ ਫਰੈਂਚਾਈਜ਼ ਕਮੇਟੀ ਬਣਾਈ ਗਈ ਸੀ, ਜਿਸਨੇ ਹਿੰਦੂ, ਸਿੱਖ, ਇਸਾਈ, ਅਛੂਤ ਅਤੇ ਮੁਸਲਮਾਨਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਕੇ ਕੁਝ ਨਿਰਣੇ ਕਰਨੇ ਸਨ। ਅਛੂਤਾਂ ਵੱਲੋਂ ਡਾ. ਅੰਬੇਡਕਰ ਨੂੰ ਨੁਮਾਇੰਦਾ ਲਿਆ ਗਿਆ ਸੀ। ਜਦੋਂ ਇਹ ਕਮੇਟੀ ਪੰਜਾਬ ਆਈ ਤਾਂ ਅਛੂਤਾਂ ਦੀ ਨਿਘਰੀ ਹੋਈ ਭਿਆਨਕ ਹਾਲਤ ਬਿਆਨ ਕਰਨ ਲਈ 'ਆਦਿ ਧਰਮ ਮੰਡਲ' ਵੱਲੋਂ ਬਾਬੂ ਮੰਗੂ ਰਾਮ ਪ੍ਰਧਾਨ, ਉਪ ਪ੍ਰਧਾਨ ਬਾਬੂ ਹੰਸ ਰਾਜ ਤੇ ਜਨਰਲ ਸਕੱਤਰ ਹਜ਼ਾਰਾ ਰਾਮ ਦੀ ਰਹਿਨੁਮਾਈ ਵਿਚ ਮੁਲਾਕਾਤ ਲਈ ਗਏ। ਨਾਲ 10 ਮੈਂਬਰੀ ਕਮੇਟੀ ਵੀ ਸੀ। ਇਹਨਾਂ ਵੱਲੋਂ ਫਰੈਂਚਾਈਜ਼ ਕਮੇਟੀ ਦੇ ਸੁਆਲਾਂ ਦੇ ਬੜੀ ਦ੍ਰਿੜ੍ਹਤਾ ਨਾਲ ਵਿਸਥਾਰ ਵਿਚ ਢੁਕਵੇਂ ਜਵਾਬ ਦਿੱਤੇ ਗਏ ਅਤੇ ਕਮੇਟੀ ਨੂੰ ਇਹ ਮੰਨਣ ਲਈ ਮਜਬੂਰ ਕਰ ਦਿੱਤਾ ਕਿ ਅਛੂਤ ਅਸਲ ਵਿਚ ਹੀ ਹਿੰਦੂ ਧਰਮ ਦਾ ਅੰਗ ਨਹੀਂ ਹਨ। ਸਗੋਂ ਇਹ ਤਾਂ ਉਹ ਲੋਕ ਹਨ ਜੋ ਹਿੰਦੂਆਂ ਹੱਥੋਂ ਹੀ ਅਣਮਨੁੱਖੀ ਵਰਤਾਓ ਕਾਰਨ ਲਗਾਤਾਰ ਅੱਨਿਆ ਤੇ ਅੱਤਿਆਚਾਰ ਸਹਿੰਦੇ ਆ ਰਹੇ ਹਨ।

ਉਹਨਾਂ ਨੇ ਆਦਿ ਧਰਮ ਮੰਡਲ ਦੀ ਵੀ ਵੱਖਰੇ ਰੀਤੀ ਰਿਵਾਜ਼, ਵੱਖਰਾ ਧਾਰਮਿਕ ਗ੍ਰੰਥ, ਵੱਖਰੇ ਰਹਿਬਰ ਦਰਸਾ ਕੇ ਉਸਦੀ ਵੱਖਰੀ ਪਛਾਣ ਸਾਬਤ ਕਰ ਦਿੱਤੀ। ਉਹਨਾਂ ਨੇ ਅਸੈਂਬੀ ਦੀ ਚੋਣ ਲਈ ਵੋਟਰ ਦੀਆਂ ਅਛੂਤਾਂ ਦੇ ਪ੍ਰਤੀਕੂਲ ਮੁਸ਼ਕਿਲ ਸ਼ਰਤਾਂ ਬਦਲ ਕੇ ਅਛੂਤਾਂ ਦੇ ਅਨੁਕੂਲ ਬਣਾਓਣ ਲਈ ਨਵੀਆਂ ਸ਼ਰਤਾਂ ਪੇਸ਼ ਕੀਤੀਆਂ। ਪਹਿਲੀਆਂ ਸ਼ਰਤਾਂ ਅਨੁਸਾਰ ਜ਼ੈਲਦਾਰ, ਸਫੈਦਪੋਸ਼ ਜਾਂ ਘੱਟੋ ਘੱਟ ਦਸ ਏਕੜ ਦਾ ਮਾਲਕ ਜ਼ਿਮੀਦਾਰ ਜਾਂ ਦਸਵੀਂ ਪਾਸ ਜਾਂ ਤਿੰਨ ਹਜ਼ਾਰ ਰਿਹਾਇਸ਼ੀ ਮਕਾਨ ਦੀ ਮਲਕੀਅਤੀ ਵਾਲਾ ਜਾਂ ਟੈਕਸ ਭਰਨ ਵਾਲਾ ਹੀ ਵੋਟਰ ਬਣ ਸਕਦਾ ਸੀ। ਇਹਨਾਂ ਵਿਚੋਂ ਅਛੂਤ ਕੋਈ ਵੀ ਸ਼ਰਤ ਪੂਰੀ ਨਹੀਂ ਸੀ ਕਰਦਾ, ਜਿਸ ਕਰਕੇ ਉਸਨੂੰ ਵੋਟ ਪਾਉਣ ਦਾ ਅਧਿਕਾਰ ਹੀ ਨਹੀਂ ਸੀ।

ਨਵੀਆਂ ਸ਼ਰਤਾਂ ਵਿਚ ਪੇਸ਼ ਕੀਤਾ ਗਿਆ ਕਿ ਜਿਸਦੇ ਮਕਾਨ ਦਾ ਮਲਬਾ ਘੱਟੋ ਘੱਟ ਪੰਜਾਹ ਰੁਪਏ ਦਾ ਹੋਵੇ ਜਾਂ ਜੋ ਆਪਣੇ ਦਸਤਖਤ ਕਰ ਸਕਦਾ ਹੋਵੇ ਜਾਂ ਜੋ ਹੈਸੀਅਤ ਟੈਕਸ ਦਿੰਦਾ ਹੋਵੇ, ਉਹ ਵੋਟਰ ਬਣ ਸਕਦਾ ਹੈ।

ਬਾਬੂ ਮੰਗੂ ਰਾਮ ਜੀ ਦੀ ਇਹ ਗੱਲ ਹਮੇਸ਼ਾ ਯਾਦ ਰੱਖਣ ਯੋਗ ਹੋਵੇਗੀ ਕਿ ਜਦੋਂ 1931 ਵਿਚ ਅਛੂਤਾਂ ਨੂੰ ਹੱਕ ਦਿੱਤੇ ਜਾਣ ਲਈ ਲੰਡਨ ਵਿਚ ਦੂਜੀ ਗੋਲਮੇਜ਼ ਕਾਨਫਰੰਸ ਹੋਣ ਵਾਲੀ ਸੀ ਤਾਂ ਅਛੂਤਾਂ ਦੇ ਨੁਮਾਇੰਦੇ ਦੇ ਸਵਾਲ ਤੇ ਹੋਏ ਬਵਾਲ ਵਿਚ ਬਾਬੂ ਜੀ ਨੇ ਡਾ. ਅੰਬੇਡਕਰ ਦਾ ਡੱਟ ਕੇ ਸਾਥ ਦਿੱਤਾ। ਕਾਂਗਰਸ ਵੱਲੋਂ ਮਹਾਤਮਾ ਗਾਂਧੀ ਨੂੰ ਅਛੂਤਾਂ ਦਾ ਨੁਮਾਇੰਦਾ ਬਣਾ ਕੇ ਭੇਜਿਆ ਗਿਆ ਸੀ, ਜਦੋਂ ਕਿ ਡਾ. ਅੰਬੇਡਕਰ ਪਹਿਲੀ ਕਾਨਫਰੰਸ ਵਿਚ ਅਛੂਤਾਂ ਦੀ ਵਧੀਆ ਨੁਮਾਇੰਦਗੀ ਕਰ ਚੁੱਕੇ ਸਨ ਤੇ ਹੁਣ ਫਿਰ ਅਛੂਤਾਂ ਦੇ ਨੁਮਾਇੰਦੇ ਵਜੋਂ ਪੇਸ਼ ਹੋ ਰਹੇ ਸਨ। ਝਗੜੇ ਕਾਰਨ ਫੈਸਲਾ ਵੋਟਾਂ ਤੇ ਰੱਖਿਆ ਗਿਆ। ਬਾਬੂ ਜੀ ਵੱਲੋਂ ਤੁਰੰਤ ਕਾਰਵਾਈ ਕਰਕੇ 'ਆਦਿ ਧਰਮ ਮੰਡਲ' ਵੱਲੋਂ ਥਾਂ-ਥਾਂ ਤੋਂ ਡਾ. ਅੰਬੇਡਕਰ ਹੀ ਹੈ। ਨਤੀਜੇ ਵਜੋਂ ਹੋਰ ਵੋਟਾਂ ਦੇ ਨਾਲ ਨਾਲ 'ਆਦਿ ਧਰਮ' ਦੀਆਂ ਵੋਟਾਂ ਵੀ ਪੈਣ ਕਰਕੇ ਡਾ. ਅੰਬੇਡਕਰ ਜਿੱਤ ਗਏ ਅਤੇ ਉਹਨਾਂ ਨੇ ਹੀ ਕਾਨਫਰੰਸ ਵਿਚ ਸ਼ਮੂਲੀਅਤ ਕੀਤੀ। ਗਾਂਧੀ ਅੱਗ ਬਬੂਲਾ ਹੋ ਕੇ ਭਾਰਤ ਵਾਪਸ ਪਰਤ ਆਏ। ਇਹਨਾਂ ਕਾਨਫਰੰਸਾਂ ਵਿਚ ਹੀ ਡਾ. ਅੰਬੇਡਕਰ ਨੇ ਅੰਗਰੇਜ਼ਾਂ ਨੂੰ ਆਪਣੀਆਂ ਅਕੱਟ ਦਲੀਲਾਂ ਨਾਲ ਮੰਨਵਾ ਕੇ ਅਛੂਤਾਂ ਲਈ ਕਮਿਊਨਲ ਐਵਾਰਡ ਪ੍ਰਾਪਤ ਕੀਤਾ। ਇਸ ਸੰਘਰਸ਼ ਵਿਚ ਬਾਬੂ ਜੀ ਦੇ ਇਸ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਕਮਿਊਨਲ ਐਵਾਰਡ ਦੇ ਵਿਰੁੱਧ ਗਾਂਧੀ ਨੇ ਮਰਨ ਵਰਤ ਰੱਖ ਦਿੱਤਾ ਕਿ ਉਹ ਅਛੂਤਾਂ ਨੂੰ ਵੱਖਰੇ ਅਧਿਕਾਰ ਨਹੀਂ ਲੈਣ ਦੇਣਗੇ ਕਿਉਂਕਿ ਉਹ ਹਿੰਦੂ ਸਮਾਜ ਦਾ ਹੀ ਇਕ ਅੰਗ ਹਨ। ਪਰ ਡਾ. ਅੰਬੇਡਕਰ ਨੇ ਅੰਗਰੇਜ਼ਾਂ ਤੋਂ ਇਹ ਗੱਲ ਮੰਨਵਾ ਲਈ ਸੀ ਕਿ ਅਛੂਤ ਹਿੰਦੂ ਨਹੀਂ ਹਨ, ਇਹਨਾਂ ਨੂੰ ਵੱਖਰੇ ਅਧਿਕਾਰ ਦਿੱਤੇ ਜਾਣ ਕਿਉਂਕਿ ਇਹ ਇਕ ਲੰਮੇ ਸਮੇਂ ਤੋਂ ਹਿੰਦੂਆਂ ਦੇ ਹੱਥੋਂ ਹੀ ਅੱਤਿਆਚਾਰਾਂ ਦੇ ਸ਼ਿਕਾਰ ਹੁੰਦੇ ਆ ਰਹੇ ਹਨ। ਗਾਂਧੀ ਦੇ ਮਰਨ ਵਰਤ ਦੇ ਐਲਾਨ ਦੇ ਵਿਰੋਧ ਵਿਚ ਬਾਬੂ ਮੰਗੂ ਰਾਮ ਨੇ ਵੀ ਮਰਨ ਵਰਤ ਦੀ ਧਮਕੀ ਦੇ ਦਿੱਤੀ। ਬਹੁਤ ਦੇਰ ਦੀ ਜੱਦੋ ਜਹਿਦ ਤੋਂ ਬਾਅਦ ਉਪਜੇ ਅਣਸੁਖਾਵੇਂ ਹਾਲਾਤ ਕਾਰਨ ਡਾ. ਅੰਬੇਡਕਰ ਨੂੰ ਕੁਝ ਮਜ਼ਬੂਰੀਆਂ ਕਾਰਨ ਗਾਂਧੀ ਨਾਲ 'ਪੂਨਾ ਪੈਕਟ' ਕਰਨਾ ਪਿਆ।ਇਸਦੇ ਅਧੀਨ ਪੰਜਾਬ ਦੇ ਹਿੱਸੇ 'ਚ ਰਾਖਵੀਆਂ ਸੀਟਾਂ ਆਈਆਂ ਜੋ ਸਾਰੀਆਂ 'ਆਦਿ ਧਰਮ' ਵੱਲੋਂ ਜਿੱਤ ਲਈਆਂ ਗਈਆਂ।

ਬਾਬੂ ਮੰਗੂ ਰਾਮ ਜੀ ਦੀਆਂ ਘਾਲਣਾਵਾਂ ਦਾ ਜ਼ਿਕਰ ਕਰਦਿਆਂ ਬਹੁਜਨ ਨੇਤਾ ਕਾਂਸ਼ੀ ਰਾਮ ਨੇ ਵੀ ਇਕ ਵਾਰ ਆਖਿਆ ਸੀ ਕਿ ''ਬਾਬੂ ਜੀ ਵੱਲੋਂ ਚਲਾਈ ਆਦਿ ਙਰਮ ਲਹਿਰ ਦੀ ਸਮਾਜ ਨੂੰ ਦੇਣ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਮੈਨੂੰ ਉਹਨਾਂ ਬਰੇ ਬਹੁਤੀ ਜਾਣਕਾਰ ਨਹੀਂ ਸੀ ਪਰ ਬਾਅਦ ਵਿਚ ਪਤਾ ਚੱਲਿਆ ਕਿ ਉਹਨਾਂ ਨੇ ਜੰਗਲਾਂ, ਸਮੁੰਦਰਾਂ ਵਿਚ ਭੁੱਖੇ ਪਿਆਸੇ ਰਹਿ ਕੇ ਤਰ੍ਹਾਂ ਤਰ੍ਹਾਂ ਦੀਆਂ ਔਕੜਾਂ ਨਾਲ ਸਾਹਮਣਾ ਕੀਤਾ। ਜਦੋਂ ਬਾਬਾ ਸਾਹਿਬ ਡਾ. ਅੰਬੇਡਕਰ ਗੋਲਮੇਜ਼ ਕਾਨਫਰੰਸਾਂ ਵਿਚ ਸਾਡੇ ਹੱਕਾਂ ਦੀ ਲੜਾਈ ਲੜ ਰਹੇ ਸਨ ਤਾਂ ਬਾਬੂ ਮੰਗੂ ਰਾਮ ਜੀ ਪੰਜਾਬ ਤੋਂ ਇਸ ਸੰਘਰਸ਼ ਵਿਚ ਆਪਣੀ ਲਹਿਰ ਰਾਹੀਂ ਪੂਰਾ ਯੋਗਦਾਨ ਪਾ ਰਹੇ ਸਨ।'

ਕਾਂਸ਼ੀ ਰਾਮ ਜੀ ਨੇ ਇਕ ਮੌਕੇ ਤੇ ਗੱਲ ਕਰਦਿਆਂ 'ਕੌਮੀ ਉਡਾਰੀਆਂ' ਦੇ ਸੰਪਾਦਕ ਸ੍ਰੀ ਸੀ. ਐਲ. ਚੁੰਬਰ ਅਤੇ 'ਦੇਸ਼ ਦੁਆਬਾ' ਦੇ ਹੁਣ ਦੇ ਸੰਪਾਦਕ ਸ੍ਰੀ ਪੀ. ਕੇ. ਚੁੰਬਰ ਨੂੰ ਇਹ ਵੀ ਦੱਸਿਆ ਸੀ ਕਿ ''ਜੇ ਮੈਨੂੰ ਬਾਬੂ ਮੰਗੂ ਰਾਮ ਜੀ ਬਾਰੇ ਜ਼ਿਆਦਾ ਜਾਣਕਾਰੀ ਪਹਿਲਾਂ ਹੀ ਹੁੰਦੀ ਤਾਂ ਮੈਂ ਉਹਨਾਂ ਦਾ ਜ਼ਿਕਰ ਬੜੇ ਆਦਰ ਸਹਿਤ ਆਪਣੀ ਪੁਸਤਕ 'ਚਮਚਾ ਯੁੱਗ' ਵਿਚ ਜ਼ਰੂਰ ਕਰਨਾ ਸੀ।''
(ਹਵਾਲਾ ਪੰਮੀ ਲਾਲੋ ਮਜਾਰਾ ਦੀ ਪੁਸਤਕ 'ਮੈਂ ਕਾਂਸ਼ੀ ਰਾਮ ਬੋਲਦਾ ਹਾਂ- ਸਫਾ 182

ਇਸ ਤਰ੍ਹਾਂ ਬਾਬੂ ਮੰਗੂ ਰਾਮ ਜੀ ਸਾਰੀ ਉਮਰ ਸੰਘਰਸ਼ ਕਰਦਿਆਂ, ਆਪਣੇ ਸਮਾਜ ਨੂੰ ਜਾਗ੍ਰਿਤ ਕਰਦਿਆਂ, ਇਕ ਸਦੀਵੀ ਸੇਧ ਦਿੰਦਿਆਂ 94 ਸਾਲ ਦੀ ਉਮਰ ਵਿਚ 22 ਅਪ੍ਰੈਲ 1980 ਨੂੰ ਸਦੀਵੀ ਵਿਛੋੜਾ ਦੇ ਗਏ। ਪਰ ਉਹਨਾਂ ਵੱਲੋਂ ਪਾਈਆਂ ਗਈਆਂ ਪੈੜਾਂ ਮਿਟਾਈਆਂ ਨਹੀਂ ਜਾ ਸਕਣਗੀਆਂ ਜੋ ਆਉਣ ਵਾਲੇ ਪਾਂਧੀ ਨੂੰ ਹਮੇਸ਼ਾ ਦਿਸ਼ਾ ਨਿਰਦੇਸ਼ ਦਿੰਦੀਆਂ ਰਹਿਣਗੀਆਂ।

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਆਪਣੇ ਸੰਘਰਸ਼ ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਦੇ ਵੱਡੇ ਅੰਦੋਲਨ ਨਾਲ ਮੇਲ ਕੇ ਪੰਜਾਬ ਦੇ ਅਛੂਤਾਂ ਵਿਚ ਜੋ ਇਕ ਨਵਾਂ ਉਤਸ਼ਾਹ ਭਰਨ ਦਾ ਸ਼ਲਾਘਾਯੋਗ ਕੰਮ ਕੀਤਾ, ਉਸਨੂੰ ਕਦੇ ਭੁਲਾਇਆ ਨਹੀਂ ਜਾ ਸਕੇਗਾ। ਉਹਨਾਂ ਦੇ ਇਸ ਸੰਘਰਸ਼ ਸਦਕਾ ਹੀ ਅਜੋਕੇ ਪੰਜਾਬ ਦੇ ਦੁਆਬਾ ਖੇਤਰ ਵਿਚ ਆਦਿ ਧਰਮੀ/ਅਛੂਤਾਂ ਵਿਚ ਜੋ ਸਮਾਜਿਕ, ਧਾਰਮਿਕ, ਆਰਥਿਕ, ਵਿਦਿਅਕ ਤੇ ਨੌਕਰਸ਼ਾਹੀ ਵਿਚ ਜਾਗਰਤੀ ਨਜ਼ਰ ਆ ਰਹੀ ਹੈ ਉਸਦੇ ਪਿੱਛੋਂ ਡਾ. ਅੰਬੇਡਕਰ ਦੇ ਨਾਲ ਨਾਲ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਦੇਣ ਵੀ ਖਲੋਤੀ ਨਜ਼ਰ ਆਉਂਦੀ ਹੈ।

ਬਾਬੂ ਜੀ ਦੀ ਤਿਆਰ ਕੀਤੀ ਜ਼ਮੀਨ ਵਿਚ ਜਿਵੇਂ ਡਾ. ਅੰਬੇਡਕਰ ਦਾ ਅੰਦੋਲਨ ਬੜੀ ਤੇਜ਼ੀ ਨਾਲ ਅੱਗੇ ਵਧਿਆ, ਉਵੇਂ ਹੀ ਇਸ ਜ਼ਮੀਨ ਵਿਚ ਰਿਪਬਲਿਕਨ ਪਾਰਟੀ ਆਫ ਇੰਡੀਆ ਅਤੇ ਫਿਰ ਕਾਂਸ਼ੀ ਰਾਮ ਜੀ ਦੀ 'ਬਹੁਜਨ ਲਹਿਰ' ਵੀ ਠਾਠਾਂ ਮਾਰ ਕੇ ਵਧੀਆਂ ਸਨ। ਸਲਾਮ ਹੈ ਬਾਬੂ ਜੀ ਦੇ ਉਸ ਇਨਕਲਾਬੀ ਕਦਮ ਨੂੰ ਜੋ ਉਹਨਾਂ ਨੇ 11-12 ਜੂਨ 1926 ਨੂੰ ਪੁੱਟਿਆ ਸੀ। ਅੱਜ ਵੀ ਲੋੜ ਹੈ ਉਸਤੋਂ ਸੇਧ ਲੈ ਕੇ ਅੱਗੇ ਵਧਿਆ ਜਾਵੇ।

### ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਗੁਰੂ ਰਾਮਦਾਸ ਸਾਹਿਬ ਜੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਰਾਮਦਾਸ ਜੀ ਦਾ ਸਮਾਂ 1534-1581 ਤੱਕ ਦਾ ਹੈ। ਹਮਾਯੂੰ 1530 ਵਿਚ ਮੁਗਲ ਬਾਦਸ਼ਾਹ ਬਣਿਆ। ਪੰਜਾਬ ਵਿਚ ਰਾਜਨੀਤਿਕ ਅਰਾਜਕਤਾ ਸੀ। ਅਕਬਰ 1556 ਵਿਚ ਮੁਗਲ ਬਾਦਸ਼ਾਹ ਬਣਿਆ। ਤਦ ਵੀ ਹਾਲਾਤ ਸੁਖਾਵੇਂ ਨਹੀਂ ਸਨ। ਗੁਰੂ ਰਾਮਦਾਸ ਜੀ ਉਸ ਸਮੇਂ ਗੁਰੂ ਅਮਰਦਾਸ ਜੀ ਦੀ ਸਰਪ੍ਰਸਤੀ ਹੇਠ ਗੋਇੰਦਵਾਲ ਵਿਖੇ ਸਿੱਖ ਪੰਥ ਦੀ ਸੇਵਾ ਕਰ ਰਹੇ ਸਨ। ਮੁਗਲ ਹਕੂਮਤ ਅਤੇ ਹਿੰਦੂ ਪਰਜਾ ਵਿਚ ਵੈਰ ਵਿਰੋਧ ਸੀ। ਸਾਰੇ ਧਰਮ ਅੱਗੇ ਕਈ ਵਰਗਾ ਵਿਚ ਵੰਡੇ ਹੋਏ ਸਨ। ਜਾਤ-ਪਾਤ, ਧੜੇਬੰਦੀ, ਲੁੱਟ-ਖਸੁੱਟ ਜ਼ੋਰਾਂ ਤੇ ਸੀ। ਲੋਕ ਗਿਆਨ ਵਿਹੂਣੇ ਭਟਕ ਰਹੇ ਸਨ। ਪਰ ਬਾਦਸ਼ਾਹ ਅਕਬਰ ਆਪ ਖੁੱਲ੍ਹਦਿਲੀ ਦਾ ਮਾਲਕ ਸੀ। ਸਿੱਖ ਧਰਮ ਲਈ ਸ਼ਾਂਤੀ ਅਤੇ ਵਿਕਾਸ ਦਾ ਸਮਾਂ ਸੀ। ਅਜਿਹੇ ਸਮੇਂ ਵਿਚ ਗੁਰੂ ਰਾਮਦਾਸ ਜੀ ਨੇ ਸੇਵਾ ਭਾਵਨਾ ਦੀ ਮਿਸਾਲ ਬਣ ਕੇ ਗੁਰਗੱਦੀ ਪ੍ਰਾਪਤ ਕੀਤੀ। ਪ੍ਰਚੱਲਿਤ ਝੂਠੇ ਕਰਮਕਾਂਡਾਂ, ਰੀਤਾਂ ਰਸਮਾਂ ਦਾ ਵਿਰੋਧ ਕਰਕੇ ਇਕ ਸਾਂਝੇ ਸਮਾਜ ਦੀ ਉਸਾਰੀ ਲਈ ਹੰਭਲਾ ਮਾਰਿਆ।

ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ 24 ਸਤੰਬਰ ਸੰਨ 1534 ਨੂੰ ਪਿਤਾ ਹਰਿਦਾਸ ਮਾਤਾ ਅਨੂਪ ਦੇਵੀ/ਦਯਾ ਕੌਰ ਦੀ ਕੁੱਖੋਂ ਪਲੇਠਾ ਪੁੱਤਰ ਜੰਮਿਆ। ਉਹਨਾਂ ਦੇ ਪਿਤਾ ਚੂਨਾ ਮੰਡੀ ਲਾਹੌਰ ਵਿਚ ਇਕ ਸਧਾਰਨ ਦੁਕਾਨਦਾਰ ਸਨ ਪਲੇਠਾ ਪੁੱਤਰ ਹੋਣ ਕਰਕੇ ਜੇਠਾ ਪ੍ਰਸਿੱਧ ਹੋਇਆ। ਆਪ ਸ਼ਰਧਾ ਭਗਤੀ, ਸ਼ਾਂਤ, ਦਾਨੀ ਸੁਭਾਅ, ਸੁੰਦਰ ਸਰੂਪ ਅਤੇ ਤੀਖਣ ਬੁੱਧੀ ਦੇ ਮਾਲਕ ਸਨ। ਨਿੱਕੀ ਉਮਰੇ ਹੀ ਆਪ ਜੀ ਦੇ ਮਾਤਾ-ਪਿਤਾ ਚਲਾਣਾ ਕਰ ਗਏ। ਆਪ ਜੀ ਦੀ ਨਾਨੀ ਉਹਨਾਂ ਨੂੰ ਪਿੰਡ ਬਾਸਰਕੇ ਲੈ ਆਈ, ਜਿੱਥੇ ਆਪ ਘੁੰਙਣੀਆ ਵੇਚ ਕੇ ਪਰਿਵਾਰ ਦਾ ਗੁਜ਼ਾਰਾ ਚਲਾਉਂਦੇ ਸਨ। ਰੱਬ ਸਬੱਬੀ ਗੁਰੂ ਅਮਰਦਾਸ ਜੀ ਵੀ ਬਾਸਰਕੇ ਦੇ ਰਹਿਣ ਵਾਲੇ ਸਨ। ਭਾਈ ਜੇਠਾ ਜੀ ਦੀ ਪਹਿਲੀ ਮਿਲਣੀ ਗੁਰੂ ਅਮਰਦਾਸ ਜੀ ਨਾਲ ਇੱਥੇ ਹੀ ਹੋਈ। ਫਿਰ ਗੁਰੂ ਅਮਰਦਾਸ ਜੀ ਕੋਲ ਗੋਇੰਦਵਾਲ ਆ ਗਏ। ਗੁਜ਼ਾਰੇ ਲਈ ਘੁੰਙਣੀਆਂ ਵੇਚਣ ਦਾ ਹੀ ਕੰਮ ਕੀਤਾ। ਆਪਦਾ ਕੰਮ ਸ਼ਾਂਤ-ਚਿੱਤ, ਮਿਹਨਤ ਅਤੇ ਇਮਾਨਦਾਰੀ ਨਾਲ ਕਰਦੇ ਸਨ। ਲੋੜਵੰਦਾਂ ਨੂੰ ਮੁਫ਼ਤ ਹੀ ਵੰਡ ਦਿੰਦੇ ਸਨ। ਕਾਰ ਵਿਹਾਰ ਦੇ ਨਾਲ-ਨਾਲ ਗੁਰੂ ਘਰ ਵਿਚ ਸੇਵਾ ਸਿਮਰਨ ਸਤਿਸੰਗ ਵੀ ਕਰਦੇ। ਉਹ ਆਪਦੇ ਮਿੱਠੇ ਅਤੇ ਨਿਮਰਤਾ ਦੇ ਸੁਭਾਅ ਕਰਕੇ ਸੰਗਤਾਂ ਵਿਚ ਹਰਮਨ ਪਿਆਰੇ ਹੋ ਗਏ। ਗੁਰੂ ਅਮਰਦਾਸ ਜੀ ਦੀ ਕਿਰਪਾ ਨਾਲ ਗੁਰੂ ਘਰ ਦੇ ਲੰਗਰਾਂ ਦੀ ਸੇਵਾ ਅਤੇ ਸੰਗਤਾਂ ਦੀ ਸੇਵਾ ਵਿਚ ਰੁਚੀ ਵਧਦੀ ਗਈ। ਉਹ ਮਧੁਰ ਸੁਰ ਵਿਚ ਗਾਉਂਦੇ ਅਤੇ ਤੰਤੀ ਸਾਜ ਵੀ ਵਜਾਉਂਦੇ। ਇਸ ਤਰ੍ਹਾਂ 7 ਸਾਲ ਦੀ ਉਮਰ ਤੋਂ ਲੱਗਭੱਗ 20 ਸਾਲ ਦੀ ਉਮਰ ਤੱਕ ਆਪ ਰਿਸ਼ਟ-ਪੁਸ਼ਟ ਹੋ ਚੁੱਕੇ ਸਨ। ਗੁਰੂ ਅਮਰਦਾਸ ਜੀ ਜੇਠਾ ਜੀ ਦੇ ਸੁਭਾਅ, ਰਹਿਣੀ-ਬਹਿਣੀ, ਬੋਲ-ਚਾਲ, ਸੇਵਾ ਸਿਮਰਨ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਆਪਣੀ ਛੋਟੀ ਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ 18 ਫਰਵਰੀ 1554 ਨੂੰ ਸੰਪੰਨ ਕੀਤਾ। ਪਿਤਰੀ ਸਨੇਹ ਕਰਕੇ ਦੰਪਤੀ ਨੂੰ ਆਪਣੇ ਪਰਿਵਾਰ ਵਿਚ ਹੀ ਰੱਖ ਲਿਆ। ਆਪ ਜੀ ਦੀ ਸੰਤਾਨ ਵਜੋਂ ਤਿੰਨ ਸਾਹਿਬਜਾਦੇ- ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ (ਗੁਰੂ) ਜੀ ਸਨ। ਆਪ ਗੁਰੂ ਘਰ ਦੀ ਸੇਵਾ ਵਿਚ ਜੁਟੇ ਰਹੇ। ਉਹਨਾਂ ਨੇ ਗੁਰਸਿੱਖੀ ਜੀਵਨ ਨੂੰ ਸਮਝ ਲਿਆ ਸੀ। ਜਦੋਂ ਗੁਰੂ ਅਮਰਦਾਸ ਜੀ ਨੇ ਬਾਉਲੀ ਦਾ ਕੰਮ ਆਰੰਭ ਕੀਤਾ ਤਾਂ ਭਾਈ ਜੇਠਾ ਜੀ ਨੇ ਸਾਰਾ ਪ੍ਰਬੰਧ ਸੰਭਾਲ ਲਿਆ। ਆਪ ਕਾਰ ਸੇਵਾ ਕਰਦੇ, ਟੋਕਰੀ ਢੋਇਆ ਕਰਦੇ ਸਨ। ਲੋਕਾਂਚਾਰੀ ਅਤੇ ਰਿਸ਼ਤੇਦਾਰੀ ਤੋਂ ਉਪਰ ਉਠ ਕੇ ਸੇਵਾ ਕਰਦੇ ਰਹੇ। ਜਿਸ ਨਾਲ ਉਹਨਾਂ ਨੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਮੁਕਤੀ ਦਾ ਮਾਰਗ ਲੱਭਿਆ।



ਗੁਰੂ ਅਮਰਦਾਸ ਜੀ ਉਹਨਾਂ ਦੀ ਨਿਸ਼ਕਾਮ, ਅਣਥੱਕ ਸੇਵਾ ਭਾਵਨਾ ਵੇਖ ਕੇ ਪ੍ਰਸੰਨ ਹੁੰਦੇ ਸਨ। ਇਸ ਤਰ੍ਹਾਂ ਭਾਈ ਜੇਠਾ ਜੀ ਗੁਰੂ ਅਮਰਦਾਸ ਜੀ ਦੀ ਕਿਰਪਾ ਅਤੇ ਵਿਸ਼ਵਾਸ ਦੇ ਪਾਤਰ ਬਣ ਗਏ। ਜਦੋਂ ਅਕਬਰ ਦੇ ਦਰਬਾਰ ਵਿਚ ਗੋਂਦੇ ਨਾਲ ਹੋਰ ਜਾਤੀ ਅਭਿਮਾਨੀਆਂ ਨੇ ਗੁਰੂ ਅਮਰਦਾਸ ਜੀ ਵਿਰੁੱਧ ਸ਼ਿਕਾਇਤ ਕੀਤੀ ਤਾਂ ਅਕਬਰ ਨੇ ਗੁਰੂ ਸਾਹਿਬ ਨੂੰ ਤਲਬ ਕਰਨ ਦਾ ਹੁਕਮ ਦਿੱਤਾ। ਤਾਂ ਉਹਨਾਂ ਨੇ ਭਾਈ ਜੇਠਾ ਜੀ ਨੂੰ ਪੱਖ ਪੂਰਨ ਲਈ ਭੇਜਿਆ। ਭਾਈ ਜੇਠਾ ਜੀ ਨੇ ਪਹਿਲੇ ਤਿੰਨ ਗੁਰੂਆਂ ਦੀ ਗੁਰਬਾਣੀ ਦੀ ਘੋਖ ਕੀਤੀ ਹੋਈ ਸੀ। ਤਦ ਹੀ ਬੜੀ ਗੰਭੀਰਤਾ ਨਾਲ ਆਪਣੇ ਪੱਖ ਨੂੰ ਸ਼ਾਂਤੀਪੂਰਵਕ ਪੇਸ਼ ਕੀਤਾ ਕਿ ਸਾਡਾ ਲੋਕ ਭਲਾਈ ਦਾ ਮਨੋਰਥ ਹੈ। ਅਕਬਰ ਬਾਦਸ਼ਾਹ ਦੇ ਸ਼ੰਕੇ ਦੂਰ ਹੋ ਗਏ ਤਾਂ ਸਾਰੇ ਦੋਸ਼ ਖਾਰਜ ਕਰ ਦਿੱਤੇ।

ਸੇਵਾ, ਭਗਤੀ, ਪ੍ਰੇਮ ਅਤੇ ਨਿਮਰਤਾ ਵਾਲੇ ਗੁਣ ਵੇਖ ਕੇ ਉਹਨਾਂ ਦੀ ਘਾਲਣਾ ਨੂੰ ਵੇਖ ਕੇ ਗੁਰੂ ਅਮਰਦਾਸ ਜੀ ਨੇ ਅਨੁਭਵ ਕਰ ਲਿਆ ਕਿ ਭਾਈ ਜੇਠਾ ਜੀ ਹੁਣ ਦੀਨ ਦੁਨੀਆਂ ਦਾ ਦਰਦ ਦੂਰ ਕਰਨ ਦੇ ਯੋਗ ਹਨ। ਉਹ ਹੁਣ ਗੁਰਤਾ ਦੇ ਯੋਗ ਹਨ, ਤਦ 1 ਸਤੰਬਰ 1574 ਨੂੰ ਭਾਈ ਜੇਠਾ ਜੀ ਨੂੰ ਗੁਰੂ ਰਾਮਦਾਸ ਦਾ ਨਾਂ ਦੇ ਕੇ ਗੁਰਗੱਦੀ 'ਤੇ ਬਿਠਾਇਆ।

ਗੁਰਬਾਣੀ ਰਚਨਾ ਦੇ ਕਾਰਜ ਖੇਤਰ ਵਿਚ ਪਹਿਲੇ ਤਿੰਨ ਗੁਰੂਆਂ ਦੀ ਬਾਣੀ ਦਾ ਅਧਿਐਨ ਕੀਤਾ। ਆਪ ਗੁਰਬਾਣੀ ਦੀ ਨਕਲ ਕਰਦੇ ਰਹੇ, ਜਿਸ ਨਾਲ ਉਹਨਾਂ ਨੂੰ ਡੂੰਘੀ ਜਾਣਕਾਰੀ ਪ੍ਰਾਪਤ ਹੋਈ। ਉਹਨਾਂ ਨੇ ਆਪਣੇ ਆਪ ਨੂੰ ਸਿੱਖੀ ਜੀਵਨ ਵਿਚ ਢਾਲ ਲਿਆ ਸੀ।

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੈ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਖ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸ ਗੁਰਬਾਣੀ ਗਾਵੈ ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮ ਜਪਾਵੈ॥
(ਅੰਗ 305)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਵਿਚ ਉਹਨਾਂ ਦੇ 638 ਪਦੇ, 30 ਸੰਗੀਤ ਰਾਗਨੀਆਂ ਵਿਚ ਦਰਜ ਹਨ। ਜਿਵੇਂ: ਅਸ਼ਟਪਦੀਆਂ, ਛੰਤ, ਵਣਜਾਰਾ, ਕਰਹਲੇ, ਘੋੜੀਆਂ, ਲਾਵਾਂ, ਵਾਰਾਂ ਤੇ ਸੋਹਿਲੇ ਕਾਵਿਕ ਵੰਨਗੀਆਂ ਹਨ। ਉਹਨਾਂ ਦੇ 31 ਸਲੋਕ ਵਾਰਾਂ ਤ ਵਧੀਕ ਵਿਚ ਹਨ। ਆਪ ਜੀ ਦੀ ਗੁਰਬਾਣੀ ਰਾਜਨੀਤਿਕ ਕੁਰੀਤੀਆਂ ਦਾ ਸੰਕੇਤ ਦਿੰਦੀ ਹੈ। ਸਵੈ-ਮਾਣ ਦਾ ਜੀਵਨ ਜਿਊਣ ਦੀ ਪ੍ਰੇਰਨਾ ਦਿੰਦੀ ਹੈ। ਮਨੁੱਖ ਆਪਣੇ ਕਰਮਾਂ ਕਰਕੇ ਜਾਣਿਆ ਜਾਂਦਾ ਹੈ, ਨਾ ਕਿ ਜਾਤ ਨਾਲ। ਹਉਮੈ ਦਾ ਤਿਆਗ ਕਰਕੇ ਪ੍ਰਮਾਤਮਾ ਅੱਗੇ ਆਤਮ ਸਮਰਪਣ ਕਰਨਾ ਹੈ। ਗੁਰਮਤਿ ਦੀ ਸੋਝੀ ਨਾਲ ਮਨ ਦੀ ਮੈਲ ਦੂਰ ਹੁੰਦੀ ਹੈ। ਨਾਮਦਾਨ, ਇਸ਼ਨਾਨ ਤੇ ਸੁੱਚੀ ਕਿਰਤ, ਵੰਡ ਛਕਣਾ ਸਿੱਖੀ ਦੇ ਮੀਰੀ-ਗੁਣ ਹਨ। ਅਜਿਹੀ ਰਹਿਤ ਲਾਗੂ ਕਰ ਦਿੱਤੀ ਕਿ ਅੰਮ੍ਰਿਤ ਵੇਲੇ ਦਾ ਇਸ਼ਨਾਨ ਤੇ ਨਾਮ ਜਾਪਦੇ ਰਹਿਣਾ ਹੀ ਸਿੱਖ ਦਾ ਉੱਤਮ ਕਰਮ ਹੈ। ਜੋ ਨਾਮੁ ਜਪਦਾ ਹੈ ਉਹ ਧੰਨਤਾ ਦੇ ਯੋਗ ਹੈ। ਸੱਚ ਤੇ ਪਹਿਰਾ ਦੇਣ ਦਾ ਉਪਦੇਸ਼ ਹੈ।ਝੂਠੇ ਕਰਮਕਾਂਡਾਂ ਨੂੰ ਨਹੀਂ ਮੰਨਣਾ। ਪ੍ਰਮਾਤਮਾ ਨਾਲ ਮੇਲ ਦਾ ਰਾਹ ਹੈ।

ਗੁਰੂ ਰਾਮਦਾਸ ਜੀ ਨੇ ਸੰਨ 1579 ਵਿਚ ਭਾਈ ਜੇਠਾ ਜੀ ਅਤੇ ਬਾਬਾ ਬੁੱਢਾ ਜੀ ਨੂੰ ਉਸ ਸਥਾਨ 'ਤੇ ਭੇਜਿਆ, ਜਿੱਥੇ ਹੁਣ ਅੰਮ੍ਰਿਤਸਰ ਵੱਸਿਆ ਹੋਇਆ ਹੈ ਕਿ ਉਥੇ ਸਰੋਵਰ ਅਤੇ ਨਗਰ ਵਸਾਓ। ਆਪ ਜੀ ਨੇ ਪਹਿਲਾਂ ਸੰਤੋਖਸਰ ਦੀ ਖੁਦਾਈ ਕਰਵਾਈ। ਜਿਸ ਟਾਹਲੀ ਹੇਠ ਆਪ ਬੈਠਦੇ ਸਨ, ਉਥੇ ਗੁਰਦੁਆਰਾ ਟਾਹਲੀ ਸਾਹਿਬ ਸੁਸ਼ੋਭਿਤ ਹੈ।

ਗੁਰਗੱਦੀ ਤੋਂ ਕੁਝ ਚਿਰ ਪਹਿਲੇ ਗੁਰੂ ਰਾਮਦਾਸ ਜੀ ਨੇ 1574 ਵਿਚ ਪਿੰਡ 'ਗੁਰੂ ਕਾ ਚਕ' ਦੀ ਨੀਂਹ ਰੱਖੀ, ਜਿਸਦਾ ਨਾਂ ਰਾਮਦਾਸਪੁਰ ਜਾਂ ਚੱਕ ਰਾਮਦਾਸ ਹੋ ਗਿਆ। ਸੰਨ 1577 ਵਿਚ ਜਿਸ ਥਾਂ 'ਤੇ ਦਰਬਾਰ ਸਾਹਿਬ ਹੈ, ਨਗਰ ਵਸਾਉਣਾ ਆਰੰਭ ਕੀਤਾ। ਗੁਰੂ ਰਾਮਦਾਸ ਜੀ ਇਸ ਨਗਰੀ ਨੂੰ ਆਦਰਸ਼ਕ ਬਣਾਉਣਾ ਚਾਹੁੰਦੇ ਸਨ। ਵਸਨੀਕ ਸਿਰਫ਼ ਧਾਰਮਿਕ ਹੀ ਨਾ ਰਹਿ ਕੇ ਸਮਾਜਿਕ ਤੇ ਆਰਥਿਕ ਪੱਖੋਂ, ਰੁਜ਼ਗਾਰ ਪੱਖੋਂ ਖੁਸ਼ਹਾਲ ਹੋਣ। ਉਹਨਾਂ ਦੀ ਕਿਰਤ ਕਮਾਈ ਵਿਚ ਕੋਈ ਥੁੜ੍ਹ ਨਾ ਹੋਵੇ। ਆਪਸੀ ਮਿਲਵਰਤਨ, ਪ੍ਰੇਮ ਪਿਆਰ ਤੇ ਸਾਂਝੇ ਭਾਈਚਾਰਕ ਤੌਰ 'ਤੇ ਵੱਸਣ। ਉਹਨਾਂ ਵੱਖ-ਵੱਖ ਜਾਤਾਂ, ਫਿਰਕਿਆਂ ਦੇ ਵੱਖ-ਵੱਖ ਹੁਨਰਮੰਦ, ਨਿਪੁੰਨ ਦਸਤਕਾਰਾਂ ਨੂੰ ਵਸਾਇਆ, ਜਿਹਨਾਂ ਨੇ ਸਮੂਹਿਕ ਤੌਰ ਤੇ ਇਕ ਬਜ਼ਾਰ ਦੇ ਰੂਪ ਵਿਚ ਵਪਾਰ ਨੂੰ ਵਧਾਇਆ। ਅੱਜ ਦਾ ਗੁਰੂ ਬਜ਼ਾਰ ਵਸਾਇਆ ਸੀ। ਸੰਨ 1577 ਵਿਚ ਗੁਰੂ ਰਾਮਦਾਸ ਜੀ ਨੇ ਦੁੱਖ ਭੰਜਨੀ ਬੇਰੀ ਦੀ ਥਾਂ ਤੇ ਅੰਮ੍ਰਿਤ ਸਰੋਵਰ ਦੀ ਖੁਦਾਈ ਆਰੰਭ ਕਰਵਾਈ। ਇਸਨੂੰ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ। ਜਿਸ ਨਾਲ ਇਸ ਨਗਰ ਦਾ ਨਾਂ ਅੰਮ੍ਰਿਤਸਰ ਪੈ ਗਿਆ। ਆਪ ਨੇ ਆਪਣੇ ਲਈ ਇਕ ਮਕਾਨ ਵੀ ਬਣਵਾਇਆ, ਜਿਸਦਾ ਨਾਂ ਗੁਰੂ ਕੇ ਮਹਿਲ ਪੈ ਗਿਆ।

ਖਡੂਰ ਸਾਹਿਬ, ਗੋਇੰਦਵਾਲ ਅਤੇ ਕਰਤਾਰਪੁਰ ਦੇ ਲੰਗਰਾਂ ਦੀ ਪ੍ਰਥਾ ਨੂੰ ਅੰਮ੍ਰਿਤਸਰ ਵਿਖੇ ਵੀ ਇਵੇਂ ਹੀ ਜਾਰੀ ਰੱਖਿਆ। ਸੰਗਤਾਂ ਦੀ ਗਿਣਤੀ ਵਧਦੀ ਗਈ। ਸਰੋਵਰ ਦੇ ਵਿਚਕਾਰ ਹਰਿਮੰਦਰ ਉਸਾਰਨ ਦੀ ਯੋਜਨਾ ਬਣੀ। ਸ਼ਹਿਰ ਦੀ ਵਜੋਂ ਲਈ ਉਸਾਰੀ ਦੇ ਕੰਮ ਜਾਰੀ ਸਨ। ਇਹਨਾਂ ਖਰਚਿਆਂ ਨੂੰ ਪੂਰਾ ਕਰਨ ਲਈ ਮਾਇਆ ਦੀ ਲੋੜ ਸੀ। ਮਾਇਆ ਇਕੱਠੀ ਕਰਨ ਲਈ ਮਸੰਦ ਨਿਯੁਕਤ ਕੀਤੇ। ਜੋ ਮਾਇਆ ਇਕੱਠੀ ਕਰਕੇ ਲਿਆਉਂਦੇ ਅਤੇ ਕੇਂਦਰੀ ਖਜਾਨੇ ਵਿਚ ਜਮ੍ਹਾ ਕਰਵਾਉਂਦੇ। ਅੱਗ ਮਾਇਆ ਧਾਰਮਿਕ ਅਤੇ ਸਮਾਜਿਕ ਕਾਰਜਾਂ ਲਈ ਖਰਚ ਹੁੰਦੀ। ਧਰਮ ਪ੍ਰਚਾਰ ਦੀ ਜ਼ਿੰਮੇਵਾਰੀ ਵੀ ਮਸੰਦਾਂ ਕੋਲ ਸੀ।

ਸੱਚਖੰਡ ਵਾਪਸੀ ਦਾ ਸਮਾਂ ਨੇੜੇ ਜਾਣ ਕੇ ਗੁਰੂ ਰਾਮਦਾਸ ਜੀ ਨੇ ਗੁਰਗੱਦੀ ਦੀ ਚੋਣ ਆਪਣੇ ਤਿੰਨ ਸਾਹਿਬਜ਼ਾਦਿਆਂ ਵਿੱਚੋਂ ਕਰਨੀ ਸੀ। ਉਹ ਪਰਿਵਾਰ ਸਮੇਤ ਗੋਇੰਦਵਾਲ ਚਲੇ ਗਏ। ਗੁਰਗੱਦੀ ਦੇ ਹੱਕ ਲਈ ਪ੍ਰਿਥੀ ਚੰਦ ਦਾ ਵਿਰੋਧ ਵੀ ਜਾਰੀ ਸੀ। ਪਰ 1 ਸਤੰਬਰ 1581 ਨੂੰ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਸੌਂਪ ਕੇ ਜੋਤੀ-ਜੋਤ ਸਮਾ ਗਏ।

# 'ਫੁੱਲਕਾਰੀ ਲੇਡੀਜ਼ ਨਾਈਟ' ਵਿਚ ਮਾਵਾਂ, ਸੱਸਾਂ,ਬਹੂਆਂ, ਧੀਆਂ ਨੇ ਲਾਈਆਂ ਖੂਬ ਰੌਣਕਾਂ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਹੱਸਣਾ, ਖੇਡਣਾਂ, ਨੱਚਣਾ ਤੇ ਟੱਪਣਾ ਜੀਵਨ ਦਾ ਹਿੱਸਾ ਹੁੰਦੇ ਹਨ, ਪਰ ਕਈ ਵਾਰ ਰੁਜ਼ਗਾਰ ਦੀ ਭਾਲ ਵਿਚ ਇਹ ਚੀਜਾਂ ਕਿਤੇ ਦੂਰ ਰਹਿਣ ਲਗਦੀਆਂ ਹਨ, ਪਰ ਮੌਕਾ ਮਿਲਦੇ ਹੀ ਇਨ੍ਹਾਂ ਨੂੰ ਦੁਬਾਰਾ ਜੀਵਨ ਦੇ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ। ਇਕ ਅਜਿਹਾ ਹੀ ਮੌਕਾ 'ਮਾਲਵਾ ਸਪੋਰਟਸ ਐਂਡ ਕਲਚਰਲ ਕਲੱਬ ਨਿਊਜ਼ੀਲੈਂਡ'




ਨੇ ਇਥੇ ਵਸਦੀਆਂ ਭਾਰਤੀ ਮਹਿਲਾਵਾਂ ਦੇ ਲਈ ਉਸ ਵੇਲੇ ਪੈਦਾ ਕੀਤਾ ਜਦੋਂ ਉਨ੍ਹਾਂ ਸਭਿਆਚਾਰ ਦੀ ਨਿਸ਼ਾਨੀ 'ਫੁੱਲਕਾਰੀ' ਦੇ ਨਾਂਅ ਉਤੇ ਪਹਿਲੀ ਵਾਰ ਬਿਨਾਂ ਦਾਖਲਾ ਫੀਸ 'ਫੁੱਲਕਾਰੀ ਲੇਡੀਜ਼ ਨਾਈਟ' ਬੀਤੇ ਕੱਲ੍ਹ ਸਫਲਤਾ ਪੂਰਵਕ ਕਰਵਾ ਦਿੱਤੀ। ਵੋਡਾਫੋਨ ਈਵੈਂਟ ਸੈਂਟਰ ਮੈਨੁਕਾਓ, ਜਿੱਥੇ ਵੱਡੇ-ਵੱਡੇ ਕਲਾਕਾਰ ਪਹੁੰਚਦੇ ਹਨ ਦੇ ਵਿਚ ਇਹ ਮਹਿਲਾ ਮੇਲਾ ਕਰਵਾਇਆ ਗਿਆ। ਇਸਦੀ ਸ਼ੁਰੂਆਤ ਸੈਂਡੀ ਧਾਲੀਵਾਲ ਨੇ ਸਵਾਗਤੀ ਸ਼ਬਦਾਂ ਨਾਲ ਕੀਤੀ। ਬਲਜੀਤ ਔਲਖ ਨੇ ਸਪਾਂਸਰ ਦਾ ਧੰਨਵਾਦ ਲਗਦੇ ਹੱਥ ਕਰ ਦਿੱਤਾ। ਸਟੇਜ ਸੰਚਾਲਨ ਦੇ ਲਈ ਹਰਜੀਤ ਅਤੇ ਲਵਲੀਨ ਫਿਰ ਬੋਲੀਆਂ ਅਤੇ ਟੋਟਕਿਆਂ ਨਾਲ ਅੱਗੇ ਆ ਗਈਆਂ। ਸਟੇਜ ਉਤੇ ਧਮਾਲ ਪਾਉਣ ਲਈ ਫਿਰ ਗਿੱਧੇ ਅਤੇ ਭੰਗੜੇ ਦੀਆਂ ਟੀਮਾਂ ਆਉਣੀਆਂ ਸ਼ੁਰੂ ਹੋਈਆਂ ਜਿਸ ਦੇ ਵਿਚ 'ਪੰਜਾਬੀ ਕਲਚਰਲ ਐਸੋਸੀਏਸ਼','ਹੈਰੀਟੇਜਰਜ਼ ਅਕੈਡਮੀਠ 'ਵੋਮੈਨ ਕੇਅਰ ਟ੍ਰਸਟ' ਤੇ 'ਸਾਂਝ ਸਪੋਰਟਸ ਐਂਡ ਕਲਚਰਲ ਕਲੱਬ' ਦੀਆਂ ਟੀਮਾਂ ਸ਼ਾਮਿਲ ਰਹੀਆਂ। ਪ੍ਰੋਗਰਾਮ ਨੂੰ ਰੌਚਿਕ ਕਰਨ ਦੇ ਲਈ ਮਾਝਾ, ਮਾਲਵਾ ਤੇ ਦੁਆਬਾ ਗੇੜ ਵਿਚ ਪੁੱਛੀਆਂ ਬੁਝਾਰਤਾਂ ਨੇ ਵੀ ਖੂਬ ਮਾਹੌਲ ਸਿਰਜਿਆ। 'ਟੰਗ ਟਵਿਸਟਰ' (ਜ਼ੁਬਾਨ ਨਾਲ ਸ਼ਬਦਾਂ ਨੂੰ ਗੇੜਾ' ਕਰਵਾਇਆ ਗਿਆ ਜਿਸ ਨਾਲ ਪੂਰਾ ਹਾਸਾ-ਠੱਠਾ ਬਿਖਰਿਆ। ਪਰਮਵੀਰ ਗਿੱਲ ਅਤੇ ਸਿਮੂ ਬੱਲ ਨੇ ਹਾਸਰਸ ਸਕਿੱਟ ਪੇਸ਼ ਕਰਕੇ ਢਿੱਡੀਂ ਪੀੜਾਂ ਪਾਈਆਂ। ਸੁਰਿੰਦਰ ਗਰਚਾ ਹੋਰਾਂ ਸੋਲੋ ਪਰਫਾਰਮੈਂਸ ਰਾਹੀਂ ਮਨੋਰੰਜਨ ਕੀਤਾ।

ਅਖੀਰ ਵਿਚ ਮਾਲਵਾ ਸਪੋਰਟਸ ਐਂਡ ਕਲਚਰਲ ਕਲੱਬ ਦੀ ਟੀਮ ਨੇ ਭੰਗੜੇ ਅਤੇ ਗਿੱਧੇ ਰਾਹੀਂ ਪੂਰੇ ਪੰਡਾਲ ਦੇ ਵਿਚ ਸੰਗੀਤਕ ਸੁਰਾਂ ਦੇ ਨਾਲ ਸ਼ਕਤੀ ਭਰ ਦਿੱਤੀ ਅਤੇ ਸਾਰੀਆਂ ਮਹਿਲਾਵਾ ਖੁੱਲ੍ਹੇ ਅਖਾੜੇ ਲਈ ਤਿਆਰ ਹੋ ਗਈਆਂ ਅਤੇ ਨੱਚਣ ਲਈ ਮਜ਼ਬੂਰ ਹੋ ਗਈਆਂ। ਡੀ। ਜੇ। ਦੀ ਧਮਕ ਉਤੇ ਉਤੇ ਮਾਵਾਂ, ਸੱਸਾਂ, ਬਹੂਆਂ ਤੇ ਧੀਆਂ ਨੇ ਵੱਖ-ਵੱਖ ਲੋਕ ਗੀਤਾਂ ਅਤੇ ਬੋਲੀਆਂ ਉਤੇ ਖੁੱਲ੍ਹੇ ਪੰਡਾਲ ਦੇ ਵਿਚ ਖੂਬ ਰੌਣਕ ਲਾਈ। ਖਾਣ-ਪੀਣ ਦੇ ਲਈ ਅਤੇ ਹਾਰ ਸ਼ਿੰਗਾਰ ਦੇ ਲਈ ਸਟਾਲ ਵੀ ਖਿੱਚ ਦਾ ਕੇਂਦਰ ਰਹੇ।

ਸਪਾਂਸਰਜ਼ ਨੂੰ, ਐਂਕਰਜ਼ ਨੂੰ, ਆਸ਼ਤੀ ਖੋਜਾਸ ਬਲਜੀਤ ਔਲਖ, ਸੁਮਨਪ੍ਰੀਤ ਅਤੇ ਐਂਜੋਲੀਨ ਆਰਮਸਟਰਾਂਗ ਨੂੰ ਸੁੰਦਰ ਫੁੱਲਕਾਰੀਆਂ ਅਤੇ ਟ੍ਰਾਫੀਆਂ ਦਿੱਤੀਆਂ ਗਈਆਂ। ਮਾਲਵਾ ਕਲੱਬ ਦੇ ਪ੍ਰਧਾਨ ਸ। ਜਗਦੀਪ ਸਿੰਘ ਵੜੈਚ ਨੇ ਤਾਨੀਆ ਗਿੱਲ ਨੂੰ ਗਿਫਟ ਹੈਂਪਰ ਜਿੱਤਣ ਉਤੇ ਵਧਾਈ ਦਿੱਤੀ ਅਤੇ ਗਿਫਟ ਭੇਟ ਕੀਤਾ। ਬਲਜੀਤ ਕੌਰ ਵੜੈਚ ਨੇ ਆਈਆਂ ਸਾਰੀਆਂ ਦਰਸ਼ਕ ਮਹਿਲਾਵਾਂ ਦਾ, ਭਾਗ ਲੈਣ ਵਾਲੀਆਂ ਟੀਮਾਂ ਦਾ, ਸਪਾਂਸਰਜ਼ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਇਹ ਵੀ ਐਲਾਨ ਕੀਤਾ ਗਿਆ ਕਿ ਅਗਲੇ ਸਾਲ 'ਫੁੱਲਕਾਰੀ ਲੇਡੀਜ਼ ਨਾਈਟ-2023' ਦਾ ਪ੍ਰੋਗਰਾਮ 5 ਅਗਸਤ ਨੂੰ ਆਯੋਜਿਤ ਕੀਤਾ ਜਾਵੇਗਾ।



# ਵਿਰਾਸਤੀ ਵਸਤਾਂ ਇਕੱਠੀਆਂ ਕਰਨ ਦਾ ਸ਼ੌਕੀਨ: ਤਸਵਿੰਦਰ ਸਿੰਘ ਬੜੈਚ



ਉਜਾਗਰ ਸਿੰਘ

ਹਰ ਇਨਸਾਨ ਵਿੱਚ ਕੋਈ ਇਕ ਖਾਸ ਗੁਣ ਅਤੇ ਜ਼ਿੰਦਗੀ ਵਿੱਚ ਸ਼ੌਕ ਹੁੰਦਾ ਹੈ। ਉਹ ਗੁਣ ਅਤੇ ਸ਼ੌਕ ਕਿਸੇ ਵੀ ਰੂਪ ਵਿੱਚ ਪ੍ਰਗਟ ਹੋ ਸਕਦਾ ਹੈ। ਸ਼ੌਕ ਦਾ ਕੋਈ ਮੁੱਲ ਵੀ ਨਹੀਂ ਹੁੰਦਾ। ਉਸ ਨੂੰ ਸੰਭਾਲਣਾ ਇਨਸਾਨ ਦੇ ਵਸ ਵਿੱਚ ਹੁੰਦਾ ਹੈ ਕਿ ਉਸ ਨੇ ਉਸ ਦਾ ਸਦਉਪਯੋਗ ਕਿਵੇਂ ਕਰਨਾ ਹੈ। ਲੁਧਿਆਣਾ ਜਿਲ੍ਹੇ ਦੀ ਸਮਰਾਲਾ ਤਹਿਸੀਲ ਦੇ ਪਿੰਡ ਦੀਵਾਲਾ ਵਿਖੇ ਇਕ ਨੌਜਵਾਨ ਤਸਵਿੰਦਰ ਸਿੰਘ ਬੜੈਚ ਵਿੱਚ ਪੁਰਤਤਵ ਵਿਰਾਸਤੀ ਵਸਤਾਂ ਨੂੰ ਇਕੱਠੀਆਂ ਕਰਕੇ ਸਾਂਭਣ ਦਾ ਗੁਣ ਅਤੇ ਸ਼ੌਕ ਕੁਦਰਤ ਨੇ ਉਸ ਨੂੰ ਦਿੱਤਾ ਹੈ। ਪਰੰਤੂ ਉਸ ਦੇ ਮੱਧ ਵਰਗੀ ਕਿਸਾਨ ਦਾ ਮੈਂਬਰ ਹੋਣ ਕਰਕੇ ਆਰਥਿਕ ਔਕੜਾਂ ਸ਼ੌਕ ਨੂੰ ਪੂਰਾ ਕਰਨ ਦੇ ਰਾਹ ਵਿੱਚ ਪਹਾੜ ਦੀ ਤਰ੍ਹਾਂ ਖੜ੍ਹੀਆਂ ਹੋ ਗਈਆਂ ਸਨ ਪਰੰਤੂ ਉਸ ਨੇ ਹੌਸਲਾ ਨਹੀਂ ਹਾਰਿਆ। ਸਹਿਜਤਾ ਨਾਲ ਆਪਣੇ ਸ਼ੌਕ ਦੀ ਪੂਰਤੀ ਲਈ ਜੁਟਿਆ ਰਿਹਾ। ਫਿਰ ਉਸ ਨੇ ਆਪਣੇ ਘਰ ਵਿੱਚ ਹੀ ਇਕ ਛੋਟਾ ਜਿਹਾ ਪੁਰਾਤਤਵ ਪੰਜਾਬੀ ਵਿਰਾਸਤੀ ਵਸਤਾਂ ਦਾ 'ਮਿੰਨੀ ਅਜਾਇਬ ਘਰ' ਸਥਾਪਤ ਕਰ ਲਿਆ, ਜਿਸ ਦਾ ਨਾਮ ਉਸਨੇ 'ਬਾਬਾ ਨੰਦ ਸਿੰਘ ਬੜੈਚ' ਪਿੰਡ ਦੀਵਾਲਾ ਰੱਖਿਆ ਹੈ। ਅਸਲ ਵਿੱਚ ਇਹ 'ਲੋਕ ਅਜਾਇਬ ਘਰ' ਹੈ ਕਿਉਂਕਿ ਇਸ ਨੂੰ ਕਦੀ ਵੀ ਕੋਈ ਆ ਕੇ ਵੇਖ ਸਕਦਾ ਹੈ। ਕੋਈ ਸਮਾਂ ਨਿਸਚਤ ਨਹੀਂ ਹੈ ਕਿਉਂ ਕਿ ਘਰ ਵਿੱਚ ਹੀ ਹੋਣ ਕਰਕੇ ਹਮੇਸ਼ਾ ਲਈ ਖੁਲ੍ਹਾ ਰਹਿੰਦਾ ਹੈ। ਸ਼ੌਕ ਮਨੁੱਖ ਦੀ ਸੋਚ ਦਾ ਲਖਾਇਕ ਹੁੰਦਾ ਹੈ। ਸ਼ੌਕ ਵੀ ਅਨੇਕ ਕਿਸਮ ਦੇ ਅਵੱਲੜੇ ਉਸਾਰੂ ਅਤੇ ਪਿਛਾਂਹ ਖਿੱਚੂ ਹੁੰਦੇ ਹਨ। ਸ਼ੌਕ ਦੀ ਪੂਰਤੀ ਇਨਸਾਨ ਕਿਸੇ ਮਕਸਦ ਨਾਲ ਨਹੀਂ ਕਰਦਾ ਸਗੋਂ ਸ਼ੌਕ ਦੀ ਪੂਰਤੀ ਲਈ ਉਹ ਹਰ ਇੱਛਾ ਨੂੰ ਤਿਆਗ ਸਕਦਾ ਹੈ। ਵਰਤਮਾਨ ਸਮਾਜ ਦਾ ਤਾਣਾ-ਬਾਣਾ ਆਧੁਨਿਕਤਾ ਦੇ ਸ਼ੌਕੀਨਾ ਦੀ ਭੇਂਟ ਚੜ੍ਹ ਗਿਆ ਹੈ। ਨੌਜਵਾਨ ਪੀੜ੍ਹੀ ਬਰਾਂਡਡ ਵਸਤਾਂ ਦੀ ਦੀਵਾਨੀ ਹੋਈ ਫਿਰਦੀ ਹੈ। ਉਨ੍ਹਾਂ ਨੂੰ ਪੁਰਾਤਨ ਵਿਰਾਸਤੀ ਵਸਤਾਂ ਦੇ ਨਾਮ ਵੀ ਪਤਾ ਨਹੀਂ। ਕਈ ਵਾਰ ਸ਼ੌਕ ਮਨੁੱਖ ਨੂੰ ਕਰਜ਼ੇ ਦੀ ਲਪੇਟ ਵਿੱਚ ਲੈ ਲੈਂਦਾ ਹੈ। ਸ਼ੌਕ ਦੀ ਪੂਰਤੀ ਲਈ ਘਰ ਫੂਕ ਤਮਾਸ਼ਾ ਵੇਖਣ ਵਾਲੀ ਗੱਲ ਬਣ ਜਾਂਦਾ ਹੈ। ਸ਼ੌਕ ਵਿੱਚੋਂ ਕੱਢਣ ਪਾਉਣ ਨੂੰ ਕੁਝ ਨਹੀਂ ਹੁੰਦਾ। ਸ਼ੌਕ ਗੁਆਉਂਦਾ ਹੈ ਪਰੰਤੂ ਮਾਨਸਿਕ ਸੰਤੁਸ਼ਟੀ ਜ਼ਰੂਰ ਦਿੰਦਾ ਹੈ। ਵਿਰਾਸਤੀ ਵਸਤਾਂ ਇਕੱਠੀਆਂ ਕਰਨ ਵਿੱਚ ਹੁਣ ਤੱਕ ਤਸਵਿੰਦਰ ਸਿੰਘ ਬੜੈਚ 5 ਲੱਖ ਰੁਪਏ ਖ਼ਰਚਾ ਕਰ ਚੁੱਕਾ ਹੈ। ਜਿਥੋਂ ਵੀ ਇਹ ਵਸਤਾਂ ਮਿਲ ਸਕਦੀਆਂ ਹਨ, ਉਨ੍ਹਾਂ ਨੂੰ ਲੈਣ ਲਈ ਉਹ ਦਿੱਲੀ, ਕਲਕੱਤਾ, ਰਾਜਸਥਾਨ ਅਤੇ ਹੋਰ ਜਿਥੇ ਵੀ ਕਿਸੇ ਵਿਰਾਸਤੀ ਵਸਤੂ ਦੀ ਕਨਸੋਅ ਮਿਲਦੀ ਹੈ, ਉਥੇ ਪਹੁੰਚ ਜਾਂਦਾ ਹੈ। ਅਜੋਕੇ ਜ਼ਮਾਨੇ ਵਿੱਚ ਹਰ ਵਿਰਾਸਤੀ ਵਸਤੂ ਮੁੱਲ ਖਰੀਦਣੀ ਪੈਂਦੀ ਹੈ। ਇਥੇ ਹੀ ਬਸ ਨਹੀਂ ਸਗੋਂ ਮੂੰਹ ਮੰਗੀ ਕੀਮਤ ਦੇਣੀ ਪੈਂਦੀ ਹੈ। ਕਈ ਲੋਕ ਤਾਂ ਤਸਵਿੰਦਰ ਸਿੰਘ ਨੂੰ ਕਹਿੰਦੇ ਹਨ ਕਿ ਉਹ ਫਾਲਤੂ ਵਿੱਚ ਹੀ ਖ਼ਰਚਾ ਕਰ ਰਿਹਾ ਹੈ ਅਤੇ ਨਾਲੇ ਉਹ ਆਪਣੇ ਖੇਤੀਬਾੜੀ ਦੇ ਕਾਰੋਬਾਰ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਇਥੋਂ ਤੱਕ ਕਿ ਕੁਝ ਲੋਕ ਤਾਂ ਉਸ ਦੇ ਸ਼ੌਕ ਨੂੰ ਪਾਗਲਪਣ ਕਹਿੰਦੇ ਹਨ। ਪਰੰਤੂ ਤਸਵਿੰਦਰ ਸਿੰਘ ਲੋਕਾਂ ਦੀਆਂ ਇਨ੍ਹਾਂ ਗੱਲਾਂ ਦੀ ਪਰਵਾਹ ਨਹੀਂ ਕਰਦਾ, ਸਗੋਂ ਹੋਰ ਉਤਸ਼ਾਹ ਨਾਲ ਕੰਮ ਕਰਦਾ ਹੈ। ਕਿਸਾਨ ਦਾ ਪੁੱਤ ਹੋਣ ਕਰਕੇ ਪਰਿਵਾਰ ਦੇ ਗੁਜ਼ਾਰੇ ਦਾ ਵੀ ਫ਼ਿਕਰ ਰਹਿੰਦਾ ਹੈ ਪਰੰਤੂ ਉਹ ਹਰ ਸਭਿਆਚਾਰਕ, ਇਤਿਹਾਸਿਕ, ਧਾਰਮਿਕ ਅਤੇ ਖੇਡ ਮੇਲਿਆਂ ਵਿੱਚ ਆਪਣੀਆਂ ਵਸਤਾਂ ਦੀ ਪ੍ਰਦਰਸ਼ਨੀ ਲਾਉਣ ਲਈ ਪਹੁੰਚ ਜਾਂਦਾ ਹੈ। ਸਮਾਂ ਅਤੇ ਪੈਸਾ ਵੀ ਬਰਬਾਦ ਹੁੰਦਾ ਹੈ। ਲੋਕਾਂ ਦੇ ਤਾਨ੍ਹੇ ਮਿਹਣੇ ਵੀ ਸੁਣਨੇ ਪੈਂਦੇ ਹਨ। ਅਜੋਕੀ ਨੌਜਵਾਨ ਪੀੜ੍ਹੀ ਸ਼ੌਕ ਦੀ ਪੂਰਤੀ ਲਈ ਵਿਰਾਸਤ 'ਤੇ ਪਹਿਰਾ ਨਹੀਂ ਦਿੰਦੀ। ਇਸ ਦੀ ਚੀਸ ਤਸਵਿੰਦਰ ਸਿੰਘ ਬੜੈਚ ਨੂੰ ਬਹੁਤ ਸਤਾਉਂਦੀ ਹੈ। ਨੌਜਵਾਨ ਕੋਈ ਵੀ ਵਿਰਾਸਤੀ ਵਸਤੂ ਨੂੰ ਇਸਤੇਮਾਲ ਹੀ ਨਹੀਂ ਕਰਨਾ ਚਾਹੁੰਦਾ, ਸਗੋਂ ਪੁਰਾਤਤਵੀ ਚੀਜ਼ਾਂ ਨੂੰ ਵਰਤਣ ਵਾਲੇ ਨੂੰ ਚੰਗਾ ਨਹੀਂ ਸਮਝਿਆ ਜਾਂਦਾ। ਪੁਰਾਤਤਵ ਸਾਡੀ ਵਿਰਾਸਤ ਹੈ, ਵਿਰਾਸਤ ਤੋਂ ਮੂੰਹ ਮੋੜ ਕੇ ਸਫਲਤਾ ਪ੍ਰਾਪਤ ਕਰਨੀ ਮੁਸ਼ਕਲ ਹੋ ਜਾਂਦੀ ਹੈ। ਵਿਰਾਸਤ ਕਿਸੇ ਸਮਾਜ ਦੀ ਹੋਂਦ ਦੀ ਪਛਾਣ ਹੁੰਦੀ ਹੈ। ਪੰਜਾਬ ਦੀ ਵਿਰਾਸਤ ਬਹੁਤ ਅਮੀਰ ਹੈ। ਪਰੰਤੂ ਦੁੱਖ ਦੀ ਗੱਲ ਹੈ ਕਿ ਸਾਡਾ ਭਵਿਖ ਸਾਡੇ ਬੱਚੇ ਆਪਣੀ ਵਿਰਾਸਤ ਨਾਲ ਜੁੜਨ ਦੀ ਥਾਂ ਦੂਰ ਜਾ ਰਹੇ ਹਨ। ਤਸਵਿੰਦਰ ਸਿੰਘ ਬੜੈਚ ਦਾ ਆਪਣੇ ਪਿੰਡ ਵਿੱਚ ਪੁਰਾਤਤਵੀ ਵਸਤਾਂ ਦਾ ' ਮਿੰਨੀ ਅਜਾਇਬ ਘਰ' ਸਥਾਪਤ ਕਰਨਾ, ਨੌਜਵਾਨ ਪੀੜ੍ਹੀ ਨੂੰ ਆਪਣੀ ਵਿਰਾਸਤ ਨਾਲ ਜੋੜ ਕੇ ਰੱਖਣ ਦਾ ਉਪਰਾਲਾ ਹੀ ਹੈ। ਉਨ੍ਹਾਂ ਸਾਰੀਆਂ ਵਸਤਾਂ ਨੂੰ ਬਹੁਤ ਹੀ ਸੋਹਣੇ ਢੰਗ ਨਾਲ ਸਜਾਇਆ ਹੋਇਆ ਹੈ। ਉਸ ਨੇ ਸਾਰੀਆਂ ਵਸਤਾਂ ਇਕ ਸੁਲਝੇ ਹੋਏ ਕੇਅਰ ਟੇਕਰ ਦੀ ਤਰ੍ਹਾਂ ਸੀਮਤ ਸਾਧਨਾ ਦੇ ਹੁੰਦਿਆਂ ਕੰਧਾਂ 'ਤੇ ਟਾਂਡਾਂ ਬਣਾਕੇ ਵਸਤਾਂ ਨੂੰ ਸਜਾਇਆ ਹੋਇਆ ਹੈ। ਉਸ ਦੇ ਅਜਾਇਬ ਘਰ ਵਿੱਚ ਬਹੁਤ ਸਾਰੀਆਂ ਅਜਿਹੀਆਂ ਵਸਤਾਂ ਹਨ, ਜਿਹੜੀਆਂ ਅੱਜ ਕੱਲ੍ਹ ਲੱਭਿਆਂ ਨਹੀਂ ਲੱਭਦੀਆਂ। ਜਿਵੇਂ ਈਸਟ ਇੰਡੀਆ ਕੰਪਨੀ, ਅਹਿਮਦ ਸ਼ਾਹ ਅਬਦਾਲੀ, ਅਕਬਰ, ਸ਼ੇਰ ਸ਼ਾਹ ਸੂਰੀ ਅਤੇ ਨਾਨਕਸ਼ਾਹੀ ਸਿੱਕੇ ਉਸ ਦੇ ਅਜਾਇਬ ਘਰ ਦੀ ਸ਼ੋਭਾ ਵਧਾ ਰਹੇ ਹਨ। ਇੱਕ ਲਾਹੌਰ ਦਾ ਬਣਿਆਂ 100 ਸਾਲ ਪੁਰਾਣਾ ਸਾਈਕਲ ਹੈ। ਉਸ ਸਾਈਕਲ ਨੂੰ ਪ੍ਰਾਪਤ ਕਰਨ ਲਈ ਉਸਨੂੰ ਮੂੰਹ ਮੰਗਿਆ ਪੈਸਾ ਦੇਣਾ ਪਿਆ ਹੈ। ਉਹ ਦਸਦਾ ਹੈ ਕਿ ਇਸ ਸਾਈਕਲ ਬਦਲੇ ਉਹ ਆਪਣੀ ਪੁਰਾਣੀ ਮਾਰੂਤੀ ਕਾਰ ਵੀ ਦੇਣ ਲਈ ਤਿਆਰ ਸੀ। ਇਸ ਤੋਂ ਇਲਾਵਾ ਪੰਜਾਬੀ ਲੋਕ ਗਾਇਕਾਂ ਅਤੇ ਗੀਤਕਾਰਾਂ ਦੇ ਲਗਪਗ 300 ਤਵੇ ਹਨ। ਉਸ ਕੋਲ ਹਰ ਪੰਜਾਬੀ ਗਾਇਕ ਦੇ ਤਵੇ ਵਰਕਿੰਗ ਹਾਲਤ ਵਿੱਚ ਪਏ ਹਨ। ਸਮਾਜ ਦੇ ਅਲੋਪ ਹੋ ਰਹੇ ਸਾਰੇ ਚੇਟਕ ਉਸ ਨੇ ਸਾਂਭੇ ਹੋਏ ਹਨ। ਤਸਵਿੰਦਰ ਸਿੰਘ ਬੜੈਚ ਨੇ ਮਹਿਸੂਸ ਕੀਤਾ ਕਿ ਜੇਕਰ ਸਾਡੀ ਨਵੀਂ ਪਨੀਰੀ ਆਪਣੀ ਵਿਰਾਸਤ ਨਾਲੋਂ ਟੁੱਟ ਗਈ ਤਾਂ ਉਨ੍ਹਾਂ ਦਾ ਵਿਰਾਸਤ 'ਤੇ ਮਾਣ ਕਰਨਾ ਤਾਂ ਅਸੰਭਵ ਹੈ ਪ੍ਰੰਤੂ ਆਉਣ ਵਾਲੀਆਂ ਨਸਲਾਂ ਨੂੰ ਵੀ ਆਪਣੀ ਵਿਰਾਸਤ ਤੋਂ ਵਾਂਝੀਆਂ ਰੱਖਣ ਦਾ ਕੰਮ ਕਰਨਗੀਆਂ।





ਤਸਵਿੰਦਰ ਸਿੰਘ ਬੜੈਚ ਨੂੰ ਇਹ ਸ਼ੌਕ ਇਕ ਘਟਨਾ ਤੋਂ ਬਾਅਦ ਪੈਦਾ ਹੋਇਆ, ਜਦੋਂ ਉਹ 2000 ਵਿੱਚ ਆਪਣੇ ਖੇਤਾਂ ਵਿੱਚ ਕੰਮ ਕਰ ਰਿਹਾ ਸੀ ਤਾਂ ਉਸ ਨੂੰ ਇਕ ਡਬਲੀ ਪੈਸਾ ਲੱਭਿਆ। ਜਦੋਂ ਉਹ ਡਬਲੀ ਪੈਸਾ ਉਨ੍ਹਾਂ ਬੱਚਿਆਂ ਨੂੰ ਵਿਖਾ ਕੇ ਪੁੱਛਿਆ ਕਿ ਇਹ ਕੀ ਹੈ? ਤਾਂ ਬੱਚੇ ਬਿਲਕੁਲ ਅਣਜਾਣ ਸਨ। ਉਸ ਦਿਨ ਤੋਂ ਬਾਅਦ ਉਨ੍ਹਾਂ ਮਨ ਬਣਾ ਲਿਆ ਕਿ ਪੁਰਾਤਨ ਪੁਰਾਤਤਵੀ ਵਿਰਾਸਤੀ ਵਸਤਾਂ ਇਕੱਠੀਆਂ ਕਰਕੇ ਉਨ੍ਹਾਂ ਦੀ ਪ੍ਰਦਰਸ਼ਨੀ ਸਕੂਲਾਂ, ਕਾਲਜਾਂ ਅਤੇ ਸਭਿਆਚਾਰਕ ਮੇਲਿਆਂ ਵਿੱਚ ਲਗਾਈ ਜਾਵੇਗੀ ਤਾਂ ਜੋ ਵਿਦਿਆਰਥੀਆਂ ਨੂੰ ਪਤਾ ਲੱਗ ਸਕੇ ਕਿ ਉਨ੍ਹਾਂ ਦੀ ਵਿਰਾਸਤ ਕਿਹੋ ਜਿਹੀ, ਕਿਤਨੀ ਪੁਰਾਣੀ ਤੇ ਅਮੀਰ ਸੀ।

ਵਿਰਾਸਤ ਦਿਹਾਤੀ ਰਹਿਤਲ ਵਿੱਚ ਵਿਚਰਦਿਆਂ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਜਿਨ੍ਹਾਂ ਵਿੱਚ ਪਹਿਰਾਵਾ, ਸਿੱਕੇ, ਖੇਤੀ ਨਾਲ ਸੰਬੰਧਤ ਸੰਦ, ਤਰਖਾਣਾ, ਲੁਹਾਰਾ, ਆਵਾਜਾਈ ਦੇ ਸਾਧਨ ਅਤੇ ਭਾਂਡੇ ਟੀਂਡੇ ਅਤੇ ਹੋਰ ਘਰੇਲੂ ਸਾਜੋ ਸਾਮਾਨ ਆਦਿ ਆ ਜਾਂਦੇ ਹਨ। ਤਸਵਿੰਦਰ ਸਿੰਘ ਬੜੈਚ ਦੇ ਅਜਾਇਬ ਘਰ ਵਿੱਚ ਬਹੁਤ ਸਾਰੀਆਂ ਪੁਰਾਤਨ ਵਸਤਾਂ ਹਨ, ਪਰੰਤੂ ਸਾਰੀਆਂ ਲਿਖੀਆਂ ਨਹੀਂ ਜਾ ਸਕਦੀਆਂ। ਇਨ੍ਹਾਂ ਵਸਤਾਂ ਦੇ ਵੱਖਰੇ-ਵੱਖਰੇ ਕਾਰਨਰ ਸਾਧਾਰਨ ਢੰਗ ਨਾਲ ਬਣਾਏ ਹੋਏ ਹਨ ਕੁਝ ਕੁ ਇਸ ਪ੍ਰਕਾਰ ਹਨ, ਜਿਵੇਂ ਪਿਤਲ ਦੇ ਭਾਂਡੇ, ਹਮਾਮ, ਬਲਟੋਹੀ, ਤਪਾਈ, ਪਤੀਲੀ, ਕੰਗਣੀ ਵਾਲੇ ਗਲਾਸ, ਡੋਲੂ, ਜੱਗ, ਕਾਂਸੀ ਦੇ ਕੌਲ, ਛੰਨੇ, ਕੜਛੀ, ਥਾਲ, ਪਰਾਤ, ਕੱਦੂਕਸ਼, ਗੜਬੀ, ਕੁਮੰਡਲ, ਕੇਤਲੀ, ਡੋਰੀ, ਤੜਕਣੀ, ਤੁਸਕ ਆਦਿ।

ਇਸੇ ਤਰ੍ਹਾਂ ਚਰਖਾ, ਰੂੰ ਪਿੰਜਣ ਵਾਲਾ ਵੇਲਣਾ, ਊਰਾ, ਅਟੇਰਨ, ਨਾਲੇ ਬੁਣਨ ਵਾਲਾ ਅੱਡਾ, ਖੱਡੀ ਵਾਲੀ ਨਾਲ, ਚਾਦਰਾਂ ਤੇ ਫੁੱਲ ਪਾਉਣ ਵਾਲੇ ਠੱਪੇ, ਪੰਜੇ, ਕੁੰਡੀਆਂ ਆਦਿ। ਖੇਤੀ ਨਾਲ ਸੰਬੰਧਤ, ਤੰਗਲੀ, ਸਲੰਘ, ਪੰਜਾਲੀ, ਸੁਹਾਗਾ, ਹਲ, ਦੋਲਾ, ਊਠ ਦੀ ਕਾਠੀ, ਘੋੜੇ ਦੀ ਕਾਠੀ, ਬਲਦਾਂ ਦੀਆਂ ਟੱਲੀਆਂ, ਖੂਹ ਦੀਆਂ ਟਿੰਡਾਂ, ਊਠ ਦੀ ਨਿਉਲ, ਦਾਤੀ, ਖਰਖਰਾ, ਖੁਰੀ, ਘੋੜੇ ਦੀ ਰਕਾਬ, ਛਿਕਲੀ, ਪਸ਼ੂਆਂ ਨੂੰ ਦਵਾਈ ਦੇਣ ਵਾਲੀ ਨਾਲ ਅਤੇ ਫੌੜਾ ਆਦਿ। ਬੱਚਿਆਂ ਦੇ ਖਿਡੌਣੇ ਜਿਵੇਂ ਪਰਤਾਪਾ, ਗਡੀਹਰਾ, ਲਾਟੂ, ਬੰਟੇ, ਪਿੱਠੂ, ਗੁਲੇਲ, ਖਿੱਦੋ ਖੂੰਡੀ, ਗੁੱਲੀ ਡੰਡਾ ਆਦਿ। ਮਨੋਰੰਜਨ ਦੇ ਸਾਧਨ ਟਿਊਬਾਂ ਵਾਲੇ ਰੇਡੀਓ, ਗਰਾਮੋਫੋਨ, ਤਵੇ, ਟੇਪ ਰਿਕਾਰਡ, ਕੈਸਿਟਾਂ, ਟੈਕਸਲਾ ਦਾ ਬਲੈਕ ਐਂਡ ਵਾਈਟ ਟੀਵੀ, ਪੁਰਾਣੇ ਫੋਨ, ਪੁਰਾਣੇ ਕੈਮਰੇ, ਘਰੇਲੂ ਸਾਮਾਨ ਲੂਣਦਾਨੀ, ਸੇਵੀਆਂ ਵੱਟਣ ਵਾਲੀ ਜੰਡੀ, ਟਰੰਕ, ਛਾਲਣੇ, ਛੱਜ, ਰੋਪੜੀ ਜਿੰਦੇ, ਟੋਕਰੀ, ਮੂੜਾ, ਪੀਪਾ, ਸੂਤ ਵਾਲਾ ਮੰਜਾ, ਮਧਾਣੀ ਚਕਲਾ-ਵੇਲਣਾ, ਬੱਤੀਆਂ ਵਾਲਾ ਸਟੋਵ, ਸਾਗ ਚੀਰਨ ਵਾਲੀ ਦਾਤੀ, ਛਾਬਾ, ਪੀੜ੍ਹੀਆਂ, ਖੁਰਚਣੀ, ਚਿਮਟਾ, ਭੂਕਣਾ, ਘੋਟਣਾ, ਕੂੰਡੀ-ਸੋਟਾ, ਚੱਕੀ, ਹਾਰਾ, ਤੌੜੀ, ਉਖਲੀ ਮੋਹਲਾ, ਪਟਾਰੀ, ਲੈਂਪ, ਲਾਲਟੈਣ, ਫੱਟੀ ਤੇ ਸਲੇਟ, ਗੱਲਾ, ਡੋਲ, ਡੋਲ ਕੱਢਣ ਵਾਲੀਆਂ ਕੁੰਡੀਆਂ, ਤੱਕੜੀ, ਖਲ, ਨਸਵਾਰ ਵਾਲੀ ਡੱਬੀ, ਠੋਕਰ, ਹੱਟੜੀ, ਦਰੀਆਂ, ਖੇਸ, ਫੁਲਕਾਰੀ, ਘੱਗਰਾ, ਝੋਲਾ, ਹੱਥ ਪੱਖਾ, ਪੱਖੀ, ਇੰਨੂ, ਪਿੱਛੂ, ਲੁਹਾਰਾਂ ਦੀ ਧੌਂਕਣੀ ਆਦਿ ਹਨ। ਇਸ ਤੋਂ ਇਲਾਵਾ 100 ਸਾਲ ਪੁਰਾਣਾ ਲਾਹੌਰ ਦਾ ਬਣਿਆਂ ਸਾਈਕਲ, ਸਾਈਕਲ ਲਾਈਸੈਂਸ, ਰੇਡੀਓ ਲਾਈਸੈਂਸ। ਇਨ੍ਹਾਂ ਨੂੰ ਇਕੱਤਰ ਕਰਨ ਵਿੱਚ ਭਾਵੇਂ ਕਾਫ਼ੀ ਖ਼ਰਚਾ ਹੋ ਰਿਹਾ ਹੈ ਤਾਂ ਵੀ ਪਰਿਵਾਰ ਦਾ ਪੂਰਾ ਸਹਿਯੋਗ ਮਿਲ ਰਿਹਾ ਹੈ। ਤਸਵਿੰਦਰ ਸਿੰਘ ਬੜੈਚ ਦੀ ਪਤਨੀ ਹਰਜਿੰਦਰ ਕੌਰ, ਦੋਵੇਂ ਸਪੁੱਤਰ ਕੋਮਲਪ੍ਰੀਤ ਸਿੰਘ, ਅਕਸ਼ਪ੍ਰੀਤ ਸਿੰਘ ਅਤੇ ਉਸ ਦੇ ਪਿਤਾ ਦਾ ਦੋਸਤ ਚਮਕੌਰ ਸਿੰਘ ਘਣਗਸ ਵੀ ਇਸ ਕੰਮ ਵਿੱਚ ਸਹਿਯੋਗ ਦੇ ਰਹੇ ਹਨ।

ਤਸਵਿੰਦਰ ਸਿੰਘ ਬੜੈਚ ਨੇ ਆਪਣੇ ਘਰ ਵਿੱਚ ਹੀ ਇੱਕ ਲਾਇਬਰੇਰੀ ਵੀ ਸਥਾਪਤ ਕੀਤੀ ਹੋਈ ਹੈ ਤਾਂ ਜੋ ਪਿੰਡ ਦੀ ਨੌਜਵਾਨ ਪੀੜ੍ਹੀ ਵਿੱਚ ਪੁਸਤਕਾਂ ਪੜ੍ਹਨ ਦੀ ਰੁਚੀ ਪੈਦਾ ਹੋ ਸਕੇ। ਦੇਸ਼ ਵਿਦੇਸ਼ ਤੋਂ ਲੋਕ ਇਸ ਅਜਾਇਬ ਘਰ ਨੂੰ ਵੇਖਣ ਆਉਂਦੇ ਹਨ। ਉਨ੍ਹਾਂ ਦੀ ਚਾਹ ਪਾਣੀ ਦੀ ਸੇਵਾ ਵੀ ਕੀਤੀ ਜਾਂਦੀ ਹੈ। ਉਸ ਨੂੰ ਕਈ ਸੰਸਥਾਵਾਂ ਨੇ ਸਨਮਾਨਤ ਵੀ ਕੀਤਾ ਹੈ, ਜਿਨ੍ਹਾਂ ਵਿੱਚ ਪੰਜਾਬੀ ਸੱਥ ਬਰਬਾਲੀ, ਲਾਲ ਚੰਦ ਯਮਲਾ ਜੱਟ ਸਭਿਆਚਾਰਕ ਕਮੇਟੀ ਪਿੰਡ ਲੁਹਾਰਾ ਮੋਗਾ, ਕੋਹਿਨੂਰ ਵੈਲਫੇਅਰ ਐਂਡ ਸਪੋਰਟਸ ਕਲੱਬ ਖੱਟਰਾਂ, ਪੰਜਾਬ ਯੂਥ ਫੋਰਮ ਮਾਛੀਵਾੜਾ ਸਾਹਿਬ, ਪੰਜਾਬ ਕਲਾ ਮੰਚ ਚਮਕੌਰ ਸਾਹਿਬ, ਮਾਣ ਪੰਜਾਬੀਆਂ ਤੇ ਅੰਤਰ-ਰਾਸ਼ਟਰੀ ਸਾਹਿਤਕ ਮੰਚ ਅਤੇ ਪ੍ਰਾਚੀਨ ਸ੍ਰੀ ਮੁਕਤੇਸ਼ਵਰ ਮਹਾਂ ਦੇਵ ਸ਼ਿਵ ਮੰਦਰ ਸਸਾਇਟੀ ਚਹਿਲਾਂ ਆਦਿ।

ਤਸਵਿੰਦਰ ਸਿੰਘ ਬੜੈਚ ਦਾ ਜਨਮ ਸਮਰਾਲਾ ਤਹਿਸੀਲ ਜਿਲ੍ਹਾ ਲੁਧਿਆਣਾ ਦੇ ਪਿੰਡ ਦੀਵਾਲਾ ਵਿਖੇ 16 ਮਈ 1973 ਨੂੰ ਮਾਤਾ ਚਰਨਜੀਤ ਕੌਰ ਦੀ ਕੁੱਖੋਂ ਪਿਤਾ ਮੇਵਾ ਸਿੰਘ ਦੇ ਘਰ ਹੋਇਆ। ਉਸ ਨੇ ਪਹਿਲੀਆਂ ਤਿੰਨ ਕਲਾਸਾਂ ਪਿੰਡ ਦੇ ਸਕੂਲ, ਚੌਥੀ ਤੇ ਪੰਜਵੀਂ ਦਹਿੜੂ ਅਤੇ ਅੱਠਵੀਂ, ਨੌਵੀਂ ਤੇ ਦਸਵੀਂ ਸਰਕਾਰੀ ਹਾਈ ਸਕੂਲ ਨਾਗਰਾ ਤੋਂ ਪਾਸ ਕੀਤੀਆਂ।

## ਬਚਾ ਲਿਆ ਮਾਂ

ਤੇਰੀ ਕੁੱਖ ਵਿੱਚੋਂ ਸਕੂਨ ਸੀ ਮਾਏ,
ਤੂੰ ਦੁੱਖ ਝੱਲਿਆ ਮੈ ਚੁੱਪ ਸੀ ਮਾਏ।
ਮੁਕਾਵਣ ਬਾਰੇ ਸੋਚਿਆ ਜਿੰਨੇ ਵੀ,
ਤੂੰ ਪਿੱਛੇ ਨਾ ਹੱਟੀ ਮੈ ਖੁਸ਼ ਸੀ ਮਾਏ।

ਜੱਗ ਦੇਖਣ ਲਈ ਮੈ ਬੇਤਾਬ ਹੋਈ,
ਤੈਨੂੰ ਪਤਾ ਵੀ ਲੱਗਿਆ ਮੈ ਸੀ ਮਾਏ।
ਇੱਕ ਇੱਕ ਪਲ਼ ਸਾਂਭ ਤੂੰ ਰੱਖਿਆ,
ਜਦੋਂ ਮਿਲੀ ਜਿੰਦਗੀ ਸਾਹ ਸੀ ਮਾਏ।

ਧੀ ਹੋਵਣ ਨਾ ਡਰ ਪਾਉਂਦੇ ਸੀ ਤੈਨੂੰ,
ਹੱਤਿਆ ਹੋਣ ਨਾ ਦਿੱਤੀ ਤੂੰ ਸੀ ਮਾਏ।
ਤੂੰ ਦੁੱਖ ਨੂੰ ਝੱਲ ਕੇ ਜਿੰਦਗੀ ਦਿੱਤੀ,
ਸਾਹ ਇੱਕ ਮਿੱਕ ਹੁਣ ਡਰ ਨਾ ਮਾਏ।

ਭੁੱਖ ਲੱਗ ' ਤੇ ਤੂੰ ਖੁਦ ਭੁੱਖੀ ਰਹੀ,
ਮੇਰੇ ਮੂੰਹ ' ਚ ਨਿਵਾਲਾ ਤੂੰ ਸੀ ਪਾਏ।
ਹੰਝੂ ਡੁੱਲਣ ' ਤੇ ਮੈਨੂੰ ਹੋਸ਼ ਨਾ ਰਹੀ,
ਜਿੰਦਗੀ ' ਚ ਦੁਬਾਰਾ ਮਿਲ ਤੂੰ ਮਾਏ।

ਕਦੇ ਪਿਆਰ ਨਾ ਘੱਟ ਪਲ਼ ਕੀਤਾ,
ਗੌਰਵ ਵੇਖ ਧੀ ਤੇ ਮਾਂ ਦੁੱਖ ਪ੍ਰਗਟਾਏ।
ਧੀ ਤੋਂ ਮਾਂ ਫਿਰ ਧੀ ਹੀ ਜੰਮ ਲੈਂਦੀ,
ਮੁੜ ਤੇਰੀ ਜਿੰਦਗੀ ਸਲੂਟ ਨੀ ਮਾਏ।

**ਗੌਰਵ ਧੀਮਾਨ**
**7626818016**



## ਸੱਚੀ ਦੀ ਕਹਾਣੀ

**ਰੀਵਿਊਕਾਰ: ਬਲਜਿੰਦਰ ਮਾਨ**
**98150-198947**
**ਕਹਾਣੀਕਾਰ: ਗੁਰਮੀਤ ਕੜਿਆਲਵੀ**
**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ ਲਧਿਆਣਾ, ਪੰਨੇ: 56, ਮੁੱਲ:150/-**




ਗੁਰਮੀਤ ਕੜਿਆਲਵੀ ਸਾਹਿਤ ਜਗਤ ਦੇ ਨਿਵੇਕਲੇ ਹਸਤਾਖਰ ਹਨ। ਉਹਨਾਂ ਨੇ ਕਹਾਣੀ ਜਗਤ ਵਿਚ ਆਪਣੀਆਂ ਪੁਖਤਾ ਜੁਗਤਾਂ ਨਾਲ ਨਵੇਂ ਨਵੇਂ ਤਜਰਬੇ ਕੀਤੇ ਹਨ। ਜਿਸ ਕਰਕੇ ਉਹਨਾਂ ਦੇ ਹਰ ਕਹਾਣੀ ਸੰਗ੍ਰਹਿ ਦੀ ਭਰਪੂਰ ਚਰਚਾ ਹੁੰਦੀ ਰਹੀ ਹੈ। ਉਹ ਪ੍ਰੋੜ ਪਾਠਕਾਂ ਵਾਸਤੇ ਇਕ ਦਰਜਨ ਦੇ ਕਰੀਬ ਕਹਾਣੀ ਅਤੇ ਵਾਰਤਕ ਸੰਗ੍ਰਹਿ ਸਿਰਜ ਚੁੱਕੇ ਹਨ। ਇਸਦੇ ਨਾਲ ਨਾਲ ਬਾਲ ਸਾਹਿਤ ਜਗਤ ਵਿਚ ਵੀ ਆਪਣੀਆਂ ਕਿਰਤਾਂ ਨਾਲ ਸੰਦਲੀ ਪੈੜਾਂ ਪਾ ਰਹੇ ਹਨ। ਬਾਲ ਪਾਠਕਾਂ ਵਾਸਤੇ 'ਟਾਂਗੇ ਵਾਲਾ ਸੰਤਾਂ' ਪੁਸਤਕ ਤੋਂ ਬਾਅਦ ਉਹਨਾਂ ਦਾ ਹੱਥਲਾ 'ਸੱਚੀ ਦੀ ਕਹਾਣੀ' ਦੂਸਰਾ ਕਹਾਣੀ ਸੰਗ੍ਰਹਿ ਹੈ। ਇਸ ਤੋਂ ਇਲਾਵਾ ਚਾਰ ਬਾਲ ਨਾਟਕ ਸੰਗ੍ਰਹਿ ਵੀ ਪ੍ਰਕਾਸ਼ਿਤ ਕਰ ਚੁੱਕੇ ਹਨ।

ਹੱਥਲੀ ਪੁਸਤਕ 'ਸੱਚੀ ਦੀ ਕਹਾਣੀ' ਦਾ ਹੀਰੋ ਸੱਚੀ ਹੈ। ਜਿਸਨੂੰ ਸਚਿੱਤਰ ਰੰਗਦਾਰ ਪੁਸਤਕ ਵਿਚ ਸ਼ਾਮਲ ਪੰਜ ਕਹਾਣੀਆਂ ਵਿਚ ਕਮਾਲ ਦੇ ਕਾਰਨਾਮੇ ਕਰਦਿਆਂ ਦਿਖਾਇਆ ਗਿਆ ਹੈ। ਪਹਿਲੀ ਕਹਾਣੀ ਸੱਚੀ ਦੀ ਦੋਸਤ ਸੁਨਹਿਰੀ ਮੱਛੀ ਵਿਚ ਕਹਾਣੀਕਾਰ ਨੇ ਜਲ ਵਿਚ ਵਸਦੇ ਜੀਵਾਂ ਖਾਸ ਕਰਕੇ ਮੱਛੀਆਂ ਬਾਰੇ ਰੌਚਕ ਜਾਣਕਾਰੀ ਪ੍ਰਦਾਨ ਕੀਤੀ ਹੈ। ਇਸ ਕਹਾਣੀ ਦਾ ਮਨੋਰਥ ਕੁਦਰਤੀ ਸਮਤੋਲ ਨੂੰ ਕਾਇਮ ਕਰਨਾ ਹੈ।ਇਸੇ ਤਰ੍ਹਾਂ ਕਹਾਣੀ ਸੱਚੀ ਦੀ ਟੀਮ ਵਿਚ ਵਿਦਿਆਰਥੀਆਂ ਨੂੰ ਅੱਗੇ ਵਧਣ ਦੇ ਮੌਕੇ ਪ੍ਰਦਾਨ ਕਰਨ ਦੀ ਗੱਲ ਆਖੀ ਗਈ ਹੈ। ਸੱਚੀ ਦੀ ਬਗੀਚੀ ਵਿਚ ਫੁੱਲ ਬੂਟਿਆਂ ਦੀ ਸਾਂਭ ਸੰਭਾਲ ਅਤੇ ਇਹਨਾਂ ਦੀ ਸਾਡੇ ਜੀਵਨ ਵਿਚਲੀ ਮਹਾਨਤਾ ਨੂੰ ਉਜਾਗਰ ਕੀਤਾ ਗਿਆ ਹੈ। ਸੱਚੀ ਦੇ ਰੂਪ ਭੈਣ ਜੀ ਕਹਾਣੀ ਵਿਚ ਇਕ ਅਧਿਆਪਕ ਦੀ ਸਖਸ਼ੀਅਤ ਨੂੰ ਪੇਸ਼ ਕੀਤਾ ਹੈ। ਇਕ ਆਦਰਸ਼ ਅਧਿਆਪਕ ਵਿਚ ਜਿਹੜੇ ਗੁਣ ਲੋੜੀਂਦੇ ਹਨ ਉਹ ਰੂਪ ਭੈਣ ਜੀ ਵਿਚ ਦੇਖੇ ਜਾ ਸਕਦੇ ਹਨ। ਸੱਚੀ ਦਾ ਕਰਾਮਾਤੀ ਪੈਨ ਸਾਨੂੰ ਮਿਹਨਤ ਦਾ ਸੁਨੇਹਾ ਦਿੰਦਾ ਹੈ।ਸਾਰਾ ਕਹਾਣੀ ਸੰਗ੍ਰਹਿ ਬਾਲ ਮਨ ਦੀਆਂ ਪਰਤਾਂ ਫਰੋਲਦਾ ਹੋਇਆ ਜਾਗ੍ਰਤੀ ਪ੍ਰਦਾਨ ਕਰਦਾ ਹੈ। ਇਹ ਕਹਾਣੀ ਸੰਗ੍ਰਹਿ ਸਾਨੂੰ ਅਜੋਕੇ ਜੀਵਨ ਪ੍ਰਵਾਹ ਨਾਲ ਜੋੜਦਾ ਅਤੇ ਇਤਿਹਾਸ ਅਤੇ ਪਵਿਰਤਨ ਦੇ ਦਰਸ਼ਨ ਵੀ ਕਰਵਾਉਂਦਾ ਹੈ। ਬਾਲ ਮਾਨਸਿਕਤਾ ਅੰਦਰ ਉਚੇਰੇ ਰਾਹਾਂ ਤੇ ਤੁਰਨ ਦੀ ਬੱਲ ਬੁੱਧੀ ਇਸ ਪੁਸਤਕ ਵਿਚੋਂ ਸਹਿਜੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ।


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
We sell Air Tickets
CALL US
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop